# ਵਿਗਿਆਨ ਜੋਤ

*ਸਾਲ 10, ਅੰਕ 4*

**ਜੁਲਾਈ-ਅਗਸਤ, 2015**

**PUNPUN/2006/17457**



ਮੁੱਖ ਸੰਪਾਦਕ : ਮੇਘ ਰਾਜ ਮਿੱਤਰ
ਸੰਪਾਦਕ : ਅਜਮੇਰ ਸਿੱਧੂ
ਰਣਜੀਤ ਝਨੇਰ
ਮੁੱਖ ਪ੍ਰਬੰਧਕ : ਅਮਿੱਤ ਮਿੱਤਰ

ਸੰਪਾਦਕੀ ਬੋਰਡ:
* ਸਰਜੀਤ ਤਲਵਾਰ
* ਰਾਜਾ ਰਾਮ ਹੰਢਿਆਇਆ
* ਬਲਜਿੰਦਰ ਕੋਟਭਾਰਾ
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)
* ਤਲਵਿੰਦਰ ਸੱਭਰਵਾਲ (ਕੈਨੇਡਾ)
* ਹਰਪਿੰਦਰ ਬਰਾੜ (ਕੈਨੇਡਾ)

**ਸਲਾਹਕਾਰੀ ਬੋਰਡ:**
* ਸੁਖਵੀਰ ਰੈਣਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਡਾ. ਪਵਿੱਤਰ ਅਮਰਗੜ੍ਹ



**ਦਰ ਚੰਦਾ**

| | |
|---|---|
| ਸਲਾਨਾ ਚੰਦਾ | 100/- |
| ਦੋ ਸਾਲਾਂ ਦਾ ਚੰਦਾ | 150/- |
| ਪੰਜ ਸਾਲ ਲਈ | 350/- |
| ਦਸ ਸਾਲ ਲਈ | 700/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਵਿਦੇਸ਼ਾਂ 'ਚ ਪੰਜ ਸਾਲ ਲਈ | 2000/- |

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-



ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ - 148101
(ਪੰਜਾਬ) ਫੋਨ : 01679-241744
Email : tarksheel@gmail.com



**ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ**
ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


ਸੰਪਾਦਕੀ

# ਸਾਡਾ ਦੇਸ਼ ਕਿੱਧਰ ਨੂੰ ਜਾ ਰਿਹਾ ਹੈ ?



ਅਸੀਂ ਤਰਕਸ਼ੀਲ ਪਿਛਲੇ 31 ਵਰ੍ਹਿਆਂ ਤੋਂ ਪਿੰਡ-ਪਿੰਡ ਹੋਕਾ ਦੇ ਰਹੇ ਹਾਂ ਕਿ ਲੋਕੋ ਤੁਹਾਡੀਆਂ ਕਿਸਮਤਾਂ ਸਾਧਾਂ-ਸੰਤਾਂ ਜਾਂ ਜੋਤਸ਼ੀਆਂ ਦੇ ਹੱਥ ਵਿਚ ਨਹੀਂ ਹਨ, ਸਗੋਂ ਇਹ ਤਾਂ ਸਮੇਂ ਦੀਆਂ ਸਰਕਾਰਾਂ ਦੇ ਹੱਥ ਵਿਚ ਹਨ। ਪਿਛਲੇ 68 ਵਰ੍ਹਿਆਂ ਵਿਚ ਹਾਕਮਾਂ ਨੇ ਇਸ ਦੇਸ਼ ਨੂੰ ਲੁੱਟਣ ਤੋਂ ਬਗ਼ੈਰ ਹੋਰ ਕੋਈ ਕੰਮ ਕੀਤਾ ਹੀ ਨਹੀਂ। ਦਿੱਲੀ ਦੀ ਹਕੂਮਤ ਜਾਂ ਕਾਂਗਰਸ ਦੇ ਹੱਥ ਰਹੀ ਹੈ ਜਾਂ ਬੀ.ਜੇ.ਪੀ . ਦੇ। ਦੋਵਾਂ ਪਾਰਟੀਆਂ ਦੇ ਆਗੂਆਂ ਨੇ ਰਲ-ਮਿਲਕੇ ਇਸ ਦੇਸ਼ ਦੀ ਜਨਤਾ ਨੂੰ ਕੰਗਾਲੀ ਦੀ ਜੂਨ ਭੋਗਣ ਲਈ ਮਜ਼ਬੂਰ ਕਰ ਦਿੱਤਾ ਹੈ। ਅਸੀਂ ਇਕ ਅਰਬ ਵੀਹ ਕਰੋੜ ਲੋਕ, ਜਿਸ ਦਿਨ ਵੀ ਜਥੇਬੰਦ ਹੋ ਕੇ ਸੰਘਰਸ਼ਾਂ ਦੇ ਰਾਹ ਤੁਰ ਪਵਾਂਗੇ, ਤਾਂ ਸਾਡੇ ਦੋ ਅਰਬ 40 ਕਰੋੜ ਹੱਥਾਂ ਦਾ ਮੁਕਾਬਲਾ ਕਰਨ ਵਾਲੇ ਪਿੱਠ ਪਰਨੇ ਹੋਣਗੇ।

ਅੱਜ ਦਾ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਿਛਲੇ 45 ਵਰ੍ਹਿਆਂ ਤੋਂ ਬੀ.ਜੇ.ਪੀ. ਜਾਂ ਇਸ ਦੀ ਜਥੇਬੰਦੀ ਆਰ.ਐਸ.ਐਸ. ਨਾਲ ਜੁੜਿਆ ਹੋਇਆ ਹੈ। ਇਸ ਲਈ ਇਸ ਤੋਂ ਆਮ ਗ਼ਰੀਬ ਲੋਕਾਂ ਦੇ ਭਲੇ ਦੀ ਕੋਈ ਗੱਲ ਹੋ ਹੀ ਨਹੀਂ ਸਕਦੀ। ਪਿਛਲੇ ਇਕ ਵਰ੍ਹੇ ਵਿਚ ਇਸ ਨੇ ਮਨਰੇਗਾ, ਜਿਸ ਵਿਚ ਮਜ਼ਦੂਰਾਂ ਨੂੰ 100 ਦਿਨਾਂ ਲਈ ਰੁਜ਼ਗਾਰ ਮਿਲਦਾ ਹੈ, ਨੂੰ ਘਟਾਉਣ ਦਾ ਯਤਨ ਕੀਤਾ ਹੈ। ਨੈਸ਼ਨਲ ਰੂਰਲ ਹੈਲਥ ਮਿਸ਼ਨ ਰਾਹੀਂ ਗ਼ਰੀਬਾਂ ਦੇ ਇਲਾਜ ਵਾਸਤੇ ਆਉਂਦੀਆਂ ਦਵਾਈਆਂ ਅਤੇ ਅਮਲੇ ਦੀਆਂ ਤਨਖ਼ਾਹਾਂ 'ਤੇ ਕੱਟ ਲੱਗ ਰਹੇ ਹਨ। ਮਿਡ-ਡੇ ਮੀਲ ਤਹਿਤ ਗ਼ਰੀਬ ਪੇਂਡੂ ਬੱਚਿਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ 'ਤੇ ਵੀ ਖ਼ਤਰੇ ਦੀ ਘੰਟੀ ਲਟਕ ਰਹੀ ਹੈ। ਆਰ.ਟੀ.ਆਈ. ਰਾਹੀਂ ਜਾਣਕਾਰੀ ਮੰਗਣ ਵਾਲਿਆਂ ਨੂੰ ਨਿਰਉਤਸ਼ਾਹਤ ਕੀਤਾ ਜਾ ਰਿਹਾ ਹੈ ਅਤੇ ਬਹੁਤ ਸਾਰੀਆਂ ਜਾਣਕਾਰੀਆਂ ਦਿੱਤੀਆਂ ਨਹੀਂ ਜਾ ਰਹੀਆਂ। ਆਸ਼ਾ ਵਰਕਰਾਂ ਰਾਹੀਂ ਗਰਭਵਤੀ ਇਸਤਰੀਆਂ ਨੂੰ ਦਿੱਤੇ ਜਾ ਰਹੇ ਲਾਭਾਂ 'ਤੇ ਕੱਟ ਲਾਇਆ ਜਾ ਰਿਹਾ ਹੈ। ਭੂਮੀ ਆਰਡੀਨੈਂਸ ਰਾਹੀਂ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਦਾ ਯਤਨ ਕੀਤਾ ਜਾ ਰਿਹਾ ਹੈ। ਇਹ ਸਾਰੀਆਂ ਗੱਲਾਂ ਦਰਸਾ ਰਹੀਆਂ ਹਨ, ਕਿ ਗ਼ਰੀਬਾਂ ਨੂੰ ਹੋਰ ਲੁੱਟਣ ਦੀ ਨੀਅਤ ਹੈ।

ਉਪਰੋਕਤ ਤੋਂ ਇਲਾਵਾ ਭਾਰਤ ਹਿੰਦੂ ਬਹੁਗਿਣਤੀ ਵਾਲਾ ਦੇਸ਼ ਹੈ ਤੇ ਭਾਜਪਾ ਹਿੰਦੂ ਵਿਚਾਰਧਾਰਾ ਨੂੰ ਬਲ ਦੇਣ ਲਈ ਘੱਟਗਿਣਤੀਆਂ ਵਿਚ ਸਹਿਮ ਦਾ ਮਾਹੌਲ ਪੈਦਾ ਕਰ ਰਹੀ ਹੈ। ਅਣਪੜ੍ਹ ਸਾਧਾਂ-ਸੰਤਾਂ ਨੂੰ ਸਿਰਾਂ 'ਤੇ ਬਿਠਾਇਆ ਜਾ ਰਿਹਾ ਹੈ। ਉਹਨਾਂ ਦੀਆਂ ਸਿੱਧੀਆਂ ਪੈ ਰਹੀਆਂ ਹਨ। ਸਿਲੇਬਸਾਂ ਵਿਚ ਹਿੰਦੂ ਵਿਚਾਰਧਾਰਾ ਨੂੰ ਲੱਦਣ ਲਈ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਹਜ਼ਾਰਾਂ ਸਾਲ ਪੁਰਾਣੇ ਯੋਗ ਨੂੰ ਆਧੁਨਿਕ ਯੁੱਗ ਦਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਯੋਗਾ ਤੇ ਜੋਤਿਸ਼ ਨੂੰ ਯੂਨੀਵਰਸਿਟੀਆਂ ਵਿਚ ਲਾਗੂ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਹਜ਼ਾਰਾਂ ਸਾਲ ਪੁਰਾਣੀ ਇਲਾਜ ਵਿਧੀ ਆਯੂਰਵੈਦ ਨੂੰ ਅੱਜ ਦੇ ਯੁੱਗ ਦੀ ਐਲੋਪੈਥੀ ਦੇ ਸਿਰ 'ਤੇ ਬਿਠਾਇਆ ਜਾ ਰਿਹਾ ਹੈ। ਘਰਾਂ ਵਿਚ ਪੋਚਾ ਲਾਉਣ ਲਈ ਫ਼ਿਨਾਇਲ ਦੀ ਥਾਂ 'ਤੇ ਗਊਮੂਤਰ ਨੂੰ 'ਗੌਨਾਇਲ' ਦੇ ਤੌਰ 'ਤੇ ਪੇਸ਼ ਕੀਤਾ ਜਾ ਰਿਹਾ ਹੈ। ਸਿੱਧੇ ਵਿਦੇਸ਼ੀ ਨਿਵੇਸ਼ (ਐਫ.ਡੀ.ਆਈ.) ਨੂੰ ਲਿਆ ਕੇ ਛੋਟੇ ਦੁਕਾਨਦਾਰਾਂ ਨੂੰ ਨਸ਼ਟ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਗੁਆਂਢੀ ਦੇਸ਼ਾਂ ਨਾਲ ਸਬੰਧਾਂ ਨੂੰ ਵਿਗਾੜਿਆ ਜਾ ਰਿਹਾ ਹੈ। ਅਦਾਲਤੀ ਫ਼ੈਸਲੇ ਆਪਣੇ ਹੱਕ ਵਿਚ ਕਰਵਾਏ ਜਾ ਰਹੇ ਹਨ। ਕੰਮ ਘੱਟ ਹੋ ਰਿਹਾ ਹੈ, ਡਰਾਮੇਬਾਜ਼ੀ ਜ਼ਿਆਦਾ ਕੀਤੀ ਜਾ ਰਹੀ ਹੈ।

ਉਪਰੋਕਤ ਸਾਰੀਆਂ ਗੱਲਾਂ ਇਸ ਗੱਲ ਦਾ ਸੂਚਕ ਹਨ ਕਿ ਆਉਣ ਵਾਲੇ ਸਮੇਂ ਵਿਚ ਅਮੀਰ ਅਤੇ ਗ਼ਰੀਬ ਵਿਚ ਪਾੜਾ ਵਧੇਗਾ। ਮੁੱਠੀ ਭਰ ਅਮੀਰਾਂ ਨੂੰ ਅਰਬਾਂ ਗ਼ਰੀਬਾਂ ਤੋਂ ਬਚਾਉਣ ਲਈ ਪੁਲਿਸ ਤੇ ਜੇਲ੍ਹਾਂ ਦੇ ਢਾਂਚੇ ਦਾ ਵਿਸਥਾਰ ਤੇ ਆਧੁਨਿਕੀਕਰਨ ਕੀਤਾ ਜਾ ਰਿਹਾ ਹੈ। ਕੁੱਲ ਮਿਲਾ ਕੇ ਉਪਰੋਕਤ ਸਾਰੀਆਂ ਗੱਲਾਂ ਇਸ ਗੱਲ ਦਾ ਸੂਚਕ ਹਨ ਕਿ ਆਉਣ ਵਾਲੇ ਸਮੇਂ ਵਿਚ ਨਰਿੰਦਰ ਮੋਦੀ ਕਾਨੂੰਨ ਨੂੰ ਆਪਣੇ ਹੱਕ ਵਿਚ ਵਰਤੇਗਾ। ਇਸ ਤੋਂ ਇਲਾਵਾ ਭਾਜਪਾ ਦੀ ਨੁਕਤਾਚੀਨੀ ਕਰਨ 'ਤੇ ਡਾ. ਅੰਬੇਦਕਰ ਪੈਰੀਅਰ ਸਟੱਡੀ ਸਰਕਲ ਵਰਗੀਆਂ ਜਥੇਬੰਦੀਆਂ 'ਤੇ ਪਾਬੰਦੀ ਲਾਈ ਜਾ ਰਹੀ ਹੈ, ਜਿਸ ਤੋਂ ਸਾਫ਼ ਹੈ ਕਿ ਦੇਸ਼ ਤਾਨਾਸ਼ਾਹੀ ਵੱਲ ਵਧ ਰਿਹਾ ਹੈ। ਮੋਦੀ ਵਿਦੇਸ਼ੀ ਕੰਪਨੀਆਂ ਨੂੰ 'ਮੇਕ ਇਨ ਇੰਡੀਆ' ਦਾ ਨਾਅਰਾ ਦੇ ਕੇ ਲੋਕਾਂ ਦੀ ਲੁੱਟ ਕਰਨ ਦਾ ਸੱਦਾ ਦੇ ਰਿਹਾ ਹੈ। ਇਸ ਨਾਲ ਬਹੁਕੌਮੀ ਕੰਪਨੀਆਂ ਰਾਹੀਂ ਦੇਸ਼ ਦਾ ਜ਼ਿਆਦਾ ਸਰਮਾਇਆ ਵਿਦੇਸ਼ਾਂ ਵਿਚ ਚਲਿਆ ਜਾਵੇਗਾ। ਸੋ ਭਾਰਤ ਵਿਚ ਜਵਾਨੀ ਬੇਰੁਜ਼ਗਾਰੀ ਦੀ ਚੱਕੀ ਵਿਚ ਪਿਸੇਗੀ। ਇਥੇ ਲੁੱਟਾਂ-ਖੋਹਾਂ ਅਤੇ ਨਸ਼ੇ ਦੇ ਕਾਰੋਬਾਰ ਵਧਣਗੇ। ਸੋ ਲੋੜ ਹੈ, ਤਿੱਖੇ ਜਥੇਬੰਦਕ ਸੰਘਰਸ਼ਾਂ ਦੀ। ਸਿਰਫ਼ ਤੇ ਸਿਰਫ਼ ਜਥੇਬੰਦਕ ਹੋਏ ਲੋਕ ਹੀ ਇਸ ਵਰਤਾਰੇ ਨੂੰ ਠੱਲ੍ਹ ਪਾ ਸਕਦੇ ਹਨ।

**-ਮੇਘ ਰਾਜ ਮਿੱਤਰ (ਮੁੱਖ ਸੰਪਾਦਕ) ਮੋ. 98887-87440**

# ਯਾਦਾਂ ਦੇ ਝਰੋਖੇ 'ਚੋਂ...

## ✪ ਰੂਸ ਨੇ ਨਕਲੀ ਮੀਂਹ ਕਿਵੇਂ ਪਵਾਇਆ ?



ਗੱਲ ਬੀਤੀ 9 ਮਈ ਦੀ ਹੈ, ਜਦੋਂ ਭਾਰਤ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਰੂਸ ਦੀ ਯਾਤਰਾ 'ਤੇ ਗਏ ਸਨ। ਇਸ ਇਤਿਹਾਸਕ ਦਿਨ ਤੋਂ ਇਕ ਦਿਨ ਪਹਿਲਾਂ 8 ਮਈ 1945 ਨੂੰ ਜਰਮਨੀ ਦੀਆਂ ਨਾਜੀ ਫ਼ੌਜਾਂ ਨੇ ਰੂਸ ਦੀ ਫ਼ੌਜ ਸਾਹਮਣੇ ਹਥਿਆਰ ਸੁੱਟ ਦਿਤੇ ਸਨ। ਇਸ ਲਈ 9 ਮਈ ਜੇਤੂ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਰੂਸ ਦੀ ਰਾਜਧਾਨੀ ਮਾਸਕੋ ਦੇ ਰੈੱਡ ਸਕੇਅਰ 'ਤੇ ਰੂਸੀ ਫ਼ੌਜਾਂ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਦੀਆਂ ਹਨ। ਇਸ ਵਾਰ 9 ਮਈ ਤੋਂ ਪਹਿਲਾਂ ਮੌਸਮ ਵਿਭਾਗ ਨੇ ਇਸ ਦਿਨ ਮੀਂਹ ਪੈਣ ਦੀ ਸੰਭਾਵਨਾ ਪ੍ਰਗਟਾਈ ਸੀ। ਮੀਂਹ ਜਸ਼ਨ 'ਤੇ ਪਾਣੀ ਨਾ ਫੇਰ ਦੇਵੇ, ਇਸ ਦੇ ਲਈ ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਨੇ 'ਕਲਾਉਡ ਸੀਡਿੰਗ' ਯਾਨੀ ਨਕਲੀ ਮੀਂਹ ਪਵਾਉਣ ਦੇ ਆਦੇਸ਼ ਦਿਤੇ। ਇਸ ਮੁਹਿਮ ਲਈ ਹਵਾਈ ਫ਼ੌਜ ਦੇ ਕਈ ਜਹਾਜ਼ਾਂ ਨੂੰ ਅਲਰਟ ਰਖਿਆ ਗਿਆ। ਇਨ੍ਹਾਂ ਵਿਚ ਸਿਲਵਰ ਆਈਓਡਾਇਡ, ਲਿਕੁਇਡ ਨਾਈਟ੍ਰੋਜਨ ਅਤੇ ਡ੍ਰਾਈ ਆਈਸ ਦਾ ਕੈਮੀਕਲ ਮਿਸ਼ਰਣ ਭਰਿਆ ਗਿਆ। ਮੀਂਹ ਨਾ ਪੈਣ ਦੇਣ ਦੀ ਗਾਰੰਟੀ ਵਾਲੀ ਇਸ ਯੋਜਨਾ ਨੂੰ ਤਿਆਰ ਕਰਨ 'ਤੇ 50 ਕਰੋੜ ਰੁਪਏ ਖ਼ਰਚ ਕੀਤੇ ਗਏ। ਰਾਜਧਾਨੀ ਦੇ ਚਾਰੇ ਪਾਸੇ ਏਅਰਬੇਸ ਤਿਆਰ ਕੀਤੇ ਗਏ।

ਜਿਸ ਪਾਸਿਉਂ ਬੱਦਲ ਸ਼ਹਿਰ ਵੱਲ ਵਧੇ, ਉਸ ਬੇਸ ਤੋਂ ਜਹਾਜ਼ ਉਡੇ। 26 ਹਜ਼ਾਰ ਫੁੱਟ ਤੋਂ ਵੱਧ ਦੀ ਉਚਾਈ 'ਤੇ ਜਹਾਜ਼ਾਂ ਨੇ ਬੱਦਲਾਂ 'ਤੇ ਕੈਮੀਕਲ ਸਪ੍ਰੇਅ ਕੀਤੀ। ਇਸ ਤਰ੍ਹਾਂ ਮਾਸਕੋ ਤੋਂ 65 ਤੋਂ 100 ਕਿਲੋਮੀਟਰ ਪਹਿਲਾਂ ਹੀ ਬੱਦਲ ਪੈ ਕੇ ਖ਼ਤਮ ਹੋ ਗਏ। ਅਜਿਹਾ ਹੋਣ ਨਾਲ ਮਾਸਕੋ ਵਿਚ ਤਾਂ ਧੁੱਪ ਰਹੀ, ਪਰ ਆਲੇ-ਦੁਆਲੇ ਦੇ ਇਲਾਕਿਆਂ ਨੂੰ ਬਿਨਾਂ ਮਤਲਬ ਤੇਜ਼ ਮੀਂਹ ਦਾ ਸਾਹਮਣਾ ਕਰਨਾ ਪਿਆ।

## ✪ ਲੋਕ ਚੇਤਨਾ ਦੀ ਆਵਾਜ਼ ਫ਼ਰਖੰਦਾ

ਅਫ਼ਗਾਨਿਸਤਾਨ ਵਿਚ ਲੋਕਾਂ ਨੂੰ ਚੇਤਨ ਕਰਨ ਲਈ ਫ਼ਰਖੰਦਾ ਨਾਮ ਦੀ 27 ਸਾਲਾ ਲੜਕੀ ਨੇ ਮੁਹਿਮ ਚਲਾਈ ਹੋਈ ਸੀ। ਜਿਥੇ ਵੀ ਇਸ ਇਸਤਰੀ ਨੂੰ ਮੌਕਾ ਮਿਲਦਾ, ਉਹ ਕਾਲਾ ਇਲਮ ਕਰਨ ਵਾਲੇ ਤੰਤਰਿਕਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਵੰਗਾਰਦੀ ਸੀ ਕਿ ਅਪਣੀ ਕਰਾਮਾਤੀ ਸ਼ਕਤੀਆਂ ਦਿਖਾਉ ਅਤੇ ਇਨਾਮ ਜਿੱਤੋ। ਤੰਤਰਿਕ ਉਸ ਤੋਂ ਬਹੁਤ ਖ਼ਫ਼ਾ ਸਨ। ਇਸਲਾਮ ਵਿਚ ਬੇਸ਼ੱਕ ਤੰਤਰਿਕਾਂ ਅਤੇ ਧਾਗੇ ਤਵੀਤਾਂ ਵਾਲਿਆਂ ਲਈ ਮੌਤ ਦੀ ਸਜ਼ਾ ਦੇਣ ਦੀ ਗੱਲ ਲਿਖੀ ਹੋਈ ਹੈ, ਪਰ ਸਮੇਂ ਦੀਆਂ ਹਕੂਮਤਾਂ ਉਨ੍ਹਾਂ ਲੋਕਾਂ ਨੂੰ ਵੀ ਅੰਧਵਿਸ਼ਵਾਸ ਵਿਚ ਪਾ ਕੇ ਰੱਖਣਾ ਚਾਹੁੰਦੀਆਂ ਹਨ। ਇਸ ਲਈ ਇਨ੍ਹਾਂ ਤੰਤਰਿਕਾਂ ਵਿਰੁਧ ਕਿਸੇ ਕਿਸਮ ਦੀ ਸਜ਼ਾ ਦਾ ਐਲਾਨ ਨਹੀਂ ਕੀਤਾ ਜਾਂਦਾ। ਅਪ੍ਰੈਲ 2015 ਵਿਚ ਤੰਤਰਿਕਾਂ ਤੇ ਮੌਲਵੀਆਂ ਨੇ ਮਿਲ ਕੇ ਇਕ ਸਾਜ਼ਿਸ਼ ਤਹਿਤ ਲੋਕਾਂ ਵਿਚ ਇਹ ਅਫ਼ਵਾਹ ਫੈਲਾ ਦਿਤੀ ਕਿ ਫ਼ਰਖੰਦਾ ਨੇ ਕੁਰਾਨ ਨੂੰ ਫ਼ੂਕ ਦਿਤਾ ਹੈ।



ਮੇਘ ਰਾਜ ਮਿੱਤਰ
ਫੋਨ ਨੰ: 98887-87440

ਇਹ ਕਹਿਣ ਦੀ ਦੇਰ ਸੀ ਕਿ ਲੋਕਾਂ ਦਾ ਹਜੂਮ ਭੜਕ ਗਿਆ। ਭਾਵੀ ਭੀੜ ਨੇ ਫ਼ਰਖੰਦਾ ਦੀ ਕੁੱਟਮਾਰ ਕੀਤੀ ਅਤੇ ਕਾਬੁਲ ਵਿਚ ਨਦੀ ਦੇ ਕਿਨਾਰੇ ਲਿਜਾ ਕੇ ਜਿਉਂਦੀ ਨੂੰ ਸਾੜ ਦਿਤਾ। ਇਸ ਵਿਰੁਧ ਚੇਤਨ ਲੋਕਾਂ ਦਾ ਰੋਹ ਵੀ ਭੜਕ ਗਿਆ। ਉਨ੍ਹਾਂ ਨੇ ਸਮੁੱਚੇ ਤੰਤਰਿਕਾਂ ਵਿਰੁਧ ਆਵਾਜ਼ ਉਠਾਉਣੀ ਸ਼ੁਰੂ ਕਰ ਦਿਤੀ। ਬਹੁਤ ਸਾਰੇ ਤੰਤਰਿਕ ਇਸ ਘਟਨਾ ਤੋਂ



ਡਰਦੇ ਪੱਤਰੇ ਵਾਚ ਗਏ। ਪਰ ਹੁਣ ਉਥੋਂ ਦੀ ਇਸਲਾਮਕ ਅਦਾਲਤ ਨੇ ਚਾਰ ਵਿਅਕਤੀਆਂ ਨੂੰ ਫ਼ਾਂਸੀ ਅਤੇ ਕੁੱਝ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਫ਼ਰਖੰਦਾ ਇਸਲਾਮਿਕ ਸਟੱਡੀ ਵਿਚ ਗ੍ਰੈਜੂਏਟ ਸੀ। ਬਹੁਤ ਸਾਰੇ ਤੰਤਰਿਕਾਂ ਦੇ ਉਸ ਕਰਕੇ ਗਾਹਕ ਘੱਟ ਰਹੇ ਸਨ।

ਅਸੀਂ ਉਤਰੀ ਭਾਰਤ ਵਿਚ ਵੀ ਦੇਖਿਆ ਹੈ, ਜਦੋਂ ਅਸੀਂ ਸਾਧਾਂ-ਸੰਤਾਂ ਜਾਂ ਜੋਤਸ਼ੀਆਂ ਨੂੰ ਵੰਗਾਰਦੇ ਹਾਂ ਜਾਂ ਚੁਨੌਤੀ ਦਿੰਦੇ ਹਾਂ ਤਾਂ ਉਹ ਆਪਣੀਆਂ ਧਾਰਮਕ ਪੁਸਤਕਾਂ ਨੂੰ ਖ਼ੁਦ ਹੀ ਅਗਨੀ ਭੇਂਟ ਕਰਨ ਤਕ ਜਾਂ ਮੂਰਤੀਆਂ ਨੂੰ ਤੋੜਨ ਤਕ ਚਲੇ ਜਾਂਦੇ ਹਨ ਅਤੇ ਇਲਜ਼ਾਮ ਸਾਡੇ ਉਪਰ ਲਾਉਂਦੇ ਰਹੇ ਹਨ। ਜੇ ਤੁਸੀਂ ਜੋਤਸ਼ੀਆਂ ਵੱਲ ਨਜ਼ਰ ਮਾਰੋਗੇ ਤਾਂ ਉਨ੍ਹਾਂ ਨੇ ਅਪਣੀਆਂ ਗੱਦੀਆਂ ਦੇ ਉਪਰ ਕੁੱਝ ਮੂਰਤੀਆਂ ਅਤੇ ਗੀਤਾ ਜਾਂ ਰਮਾਇਣ ਰੱਖੀ ਹੁੰਦੀ ਹੈ ਅਤੇ ਕੁੱਝ ਜੋਤਾਂ ਵੀ ਜਗਾਈਆਂ ਹੁੰਦੀਆਂ ਹਨ। ਜਦੋਂ ਕੋਈ ਜਾਗਰੂਕ ਗਾਹਕ ਜਾਂ ਤਰਕਸ਼ੀਲ ਉਨ੍ਹਾਂ ਦਾ ਵਿਰੋਧ ਕਰਦਾ ਹੈ ਜਾਂ ਪਰਦਾਫ਼ਾਸ਼ ਕਰਦਾ ਹੈ ਤਾਂ ਖ਼ੁਦ ਹੀ ਉਹ ਜੋਤਾਂ ਵਿਚ ਹੱਥ ਮਾਰਦਾ ਹੈ, ਜਿਸ ਨਾਲ ਗੱਦੀ ਦੇ ਕਪੜਿਆਂ ਨੂੰ ਅੱਗ ਲੱਗ ਜਾਂਦੀ ਹੈ। ਇਸ ਤਰ੍ਹਾਂ ਦੇ ਦੋਸ਼ ਤਰਕਸ਼ੀਲਾਂ 'ਤੇ ਆਮ ਹੀ ਲਗਦੇ ਰਹਿੰਦੇ ਹਨ। ਸੋ ਲੋਕਾਂ ਨੂੰ ਅਜਿਹੇ ਮੌਕਿਆਂ 'ਤੇ ਜੋਤਸ਼ੀਆਂ ਅਤੇ ਸਾਧਾ-ਸੰਤਾਂ ਦੀ ਪੜਤਾਲ ਕਰਨੀ ਚਾਹੀਦੀ ਹੈ।

## ✪ ਨੇਪਾਲ ਦਾ ਭੁਚਾਲ

ਨੇਪਾਲ ਵਿਚ ਅਪ੍ਰੈਲ ਦੇ ਆਖ਼ਰੀ ਦਿਨਾਂ ਵਿਚ ਆਏ 7.9 ਤੀਬਰਤਾ ਦੇ ਭੁਚਾਲ ਨੇ ਲਗਭਗ ਅੱਠ ਹਜ਼ਾਰ ਤੋਂ ਵੱਧ ਲੋਕਾਂ ਦੀਆਂ ਜਾਨਾਂ ਲੈ ਲਈਆਂ ਹਨ ਅਤੇ ਲਗਭਗ 17 ਹਜ਼ਾਰ ਲੋਕ ਜ਼ਖ਼ਮੀ ਹੋ ਗਏ ਹਨ। 2 ਲੱਖ ਦੇ ਕਰੀਬ ਘਰ ਮਲੀਆਮੇਟ ਹੋ ਗਏ ਹਨ ਤੇ ਹੋਰ ਲੱਖਾਂ ਰਹਿਣ ਦੇ ਯੋਗ ਨਹੀਂ ਰਹੇ। ਸਮੁਚੀ ਦੁਨੀਆਂ ਦੇ ਚੰਗੇ ਲੋਕਾਂ ਨੇ ਇਸ ਸਮੇਂ ਇਨਸਾਨੀਅਤ ਦਾ ਸਾਥ ਦਿਤਾ ਹੈ ਅਤੇ ਦੇ ਰਹੇ ਹਨ।





ਭਾਰਤੀ ਮੀਡੀਆ ਦੁੱਖਾਂ ਭਰੀਆਂ ਖ਼ਬਰਾਂ ਪ੍ਰਸਾਰਤ ਕਰ ਕੇ ਲੋਕਾਂ ਵਿਚ ਦਹਿਸ਼ਤ ਫੈਲਾ ਰਿਹਾ ਸੀ। ਇਸ ਲਈ ਉਥੋਂ ਦੇ ਲੋਕਾਂ ਨੂੰ ਮਜ਼ਬੂਰ ਹੋ ਕੇ ਉਨ੍ਹਾਂ ਨੂੰ ਵਾਪਸ ਜਾਣ ਦੇ ਨਾਅਰੇ ਲਾਉਣੇ ਪਏ। ਨੇਪਾਲ ਦੇ ਭੁਚਾਲ ਵਿਚ ਦੁਨੀਆਂ ਦੀ ਸੱਭ ਤੋਂ ਉਚੀ ਚੋਟੀ ਮਾਊਂਟ ਐਵਰੇਸਟ ਦੀ ਉਚਾਈ 2.5 ਸੈਂਟੀਮੀਟਰ ਦੇ ਲਗਭਗ ਘਟ ਗਈ ਹੈ।

ਸੈਟੇਲਾਈਟ ਰਾਹੀਂ ਲਈਆਂ ਤਸਵੀਰਾਂ ਵਿਖਾਉਂਦੀਆਂ ਹਨ ਕਿ 120 ਕਿਲੋਮੀਟਰ ਲੰਬਾ ਅਤੇ 50 ਕਿਲੋਮੀਟਰ ਚੌੜਾ ਇਹ ਸਾਰਾ ਇਲਾਕਾ ਭੁਚਾਲ ਰਾਹੀਂ ਹਿਲਜੁਲ ਨਾਲ ਤਿੰਨ ਫੁੱਟ ਉਚਾ ਚੁੱਕਿਆ ਗਿਆ ਹੈ। ਨੇਪਾਲ ਦੀ ਰਾਜਧਾਨੀ ਕਾਠਮੰਡੂ ਤੋਂ 17 ਕਿਲੋਮੀਟਰ ਦੂਰ ਜਿਹੜਾ ਹਿੱਸਾ ਭੁਚਾਲ ਦਾ ਕੇਂਦਰ ਬਿੰਦੂ ਰਿਹਾ ਹੈ, ਉਹ ਸੱਭ ਤੋਂ ਵੱਧ ਉਚਾ ਹੋਇਆ ਹੈ। ਧਰਤੀ ਦੀ ਅੱਜ ਦੀ ਭੂਗੋਲਿਕ ਸਥਿਤੀ ਬਾਰੇ ਇਸ ਭੁਚਾਲ ਨੇ ਬਹੁਤ ਸਾਰੀ ਸਪਸ਼ਟਤਾ ਲਿਆਂਦੀ ਹੈ। ਜੇ ਹਜ਼ਾਰ ਸਾਲ ਵਿਚ ਅਜਿਹੇ ਦਸ ਭੁਚਾਲ ਵੀ ਆਉਂਦੇ ਹਨ ਅਤੇ ਪਹਾੜਾਂ ਦੀ ਉਚਾਈ ਅੰਦਾਜ਼ਨ ਕਰੀਬ 15 ਸੈਂਟੀਮੀਟਰ ਵੱਧ ਜਾਂਦੀ ਹੈ ਤਾਂ ਇਕ ਲੱਖ ਸਾਲ ਵਿਚ ਇਹ ਪਹਾੜ 15 ਮੀਟਰ ਉਚੇ ਹੋ ਜਾਣਗੇ ਅਤੇ ਇਕ ਕਰੋੜ ਵਰ੍ਹਿਆਂ ਵਿਚ ਇਹ ਪਹਾੜ 1500 ਮੀਟਰ ਭਾਵ ਡੇਢ ਕਿਲੋਮੀਟਰ ਉਚਾਈ ’ਤੇ ਚਲੇ ਜਾਣਗੇ। ਚਾਰ ਕਰੋੜ ਵਰ੍ਹਿਆਂ ਵਿਚ ਇਹ ਉਚਾਈ ਲਗਭਗ ਛੇ ਕਿਲੋਮੀਟਰ ਹੋ ਜਾਵੇਗੀ। ਹਿਮਾਲਿਆ ਪਰਬਤ ਬਾਰੇ ਵੀ ਵਿਗਿਆਨੀ ਇਹ ਅੰਦਾਜ਼ੇ ਲਾਉਂਦੇ ਹਨ ਕਿ ਇਸ ਦੇ ਵੱਖ-ਵੱਖ ਖਿੱਤੇ ਇਸ ਤਰ੍ਹਾਂ ਚਾਰ ਪੰਜ ਕਰੋੜ ਵਰ੍ਹਿਆਂ ਵਿਚ ਹੋਂਦ ਵਿਚ ਆਏ ਹਨ। ਹਿਮਾਲਿਆ ਵਾਲੀ ਥਾਂ ’ਤੇ ਇਕ ਸਮੁੰਦਰ ਹੰਦਾ ਸੀ, ਜਿਸ ਨੂੰ ਵਿਗਿਆਨੀ ‘ਟੈਥੀਜ਼’ ਕਹਿੰਦੇ ਹਨ।

ਦੁਨੀਆਂ ਦੇ ਅਲੱਗ-ਅਲੱਗ ਦੇਸ਼ਾਂ ਦੀ ਬਣਤਰ ਵੀ ਇਨ੍ਹਾਂ ਗੱਲਾਂ ਦੀ ਪੁਸ਼ਟੀ ਕਰਦੀ ਹੈ। ਕਿਸੇ ਸਮੇਂ ਸਮੁੱਚੀ ਦੁਨੀਆਂ ਇਕ ਪੂਰਾ ਮਹਾਂਦੀਪ ਹੀ ਸੀ, ਜਿਸ ਨੂੰ ਪੈਂਜੀਆ ਕਿਹਾ ਜਾਂਦਾ ਸੀ। ਹੌਲੀ-ਹੌਲੀ ਧਰਤੀ ਹੇਠਲੀਆਂ ਪਲੇਟਾਂ ਟੁੱਟਣੀਆਂ ਸ਼ੁਰੂ ਹੋਈਆਂ, ਜਿਸ ਨਾਲ ਦੇਸ਼ਾਂ ਵਿਚਲੀਆਂ ਦੂਰੀਆਂ ਵਧਣੀਆਂ ਸ਼ੁਰੂ ਹੋ ਗਈਆਂ। ਅੱਜ ਵੀ ਅਮਰੀਕਾ ਅਫ਼ਰੀਕਾ ਤੋਂ ਦੂਰ ਜਾ ਰਿਹਾ ਹੈ ਅਤੇ ਆਸਟ੍ਰੇਲੀਆ ਦੀ ਦੂਰੀ ਭਾਰਤੀ ਮਹਾਂਦੀਪ ਤੋਂ ਵੱਧ ਰਹੀ ਹੈ। ਇਹ ਸਾਰਾ ਕੁੱਝ ਕਾਫ਼ੀ ਦਿਲਚਸਪ ਹੈ। ਡੂੰਘਾਈ ਨਾਲ ਜਾਨਣ ਲਈ ਇਸ ਦਾ ਗਿਆਨ ਹਾਸਲ ਕਰਨਾ ਚਾਹੀਦਾ ਹੈ। ਇਸ ਨਾਲ ਤੁਹਾਨੂੰ ਧਰਤੀ ਦੀ ਉਮਰ, ਪਹਾੜਾਂ ਦੀ ਉਮਰ, ਦੇਸ਼ਾਂ ਦੇ ਅਲੱਗ ਹੋਣ ਦੀ ਉਮਰ ਸਾਰਾ ਕੁੱਝ ਸਪਸ਼ਟ ਹੋ ਜਾਵੇਗਾ। ਇਕੱਲਾ ਅਜਿਹਾ ਹੀ ਨਹੀਂ, ਇਨ੍ਹਾਂ ਦੇਸ਼ਾਂ ਦੀਆਂ ਗਹਿਰਾਈਆਂ ਵਿਚ ਮਿਲਦੇ ਜੀਵਾਂ ਦੇ ਪਿੰਜਰ, ਜੀਵਾਂ ਦੇ ਇਤਿਹਾਸ ਅਤੇ ਬਣਤਰ ਬਾਰੇ ਤੁਹਾਨੂੰ ਬਹੁਤ ਕੁੱਝ ਦੱਸ ਦੇਣਗੇ।

## ✪ ਸਵੈ-ਇੱਛਤ ਮੌਤ ਮੰਗਦੀ ਅਰੁਣਾ ਦਮ ਤੋੜ ਗਈ

ਭਾਰਤ ਸਮੇਤ ਵਿਸ਼ਵ ਭਰ ਵਿਚ ਇੱਛੁਕ ਮੌਤ ਦਾ ਮਾਮਲਾ ਬਹਿਸ ਦਾ ਵਿਸ਼ਾ ਬਣਿਆ ਹੋਇਆ ਹੈ। ਕਰਨਾਟਕ ਦੇ ਹਲਦੀਪੁਰਾ ਦੀ ਜੰਮਪਲ ਅਰੁਣਾ ਰਾਮਚੰਦਰਾ ਸ਼ਾਨਬਾਗ, 42 ਸਾਲ ਜ਼ਿੰਦਗੀ ਅਤੇ ਮੌਤ ਨਾਲ ਜੂਝਦੀ ਰਹੀ ਅਤੇ ਅਖੀਰ 18 ਮਈ ਨੂੰ ਆਪਣੀਆਂ ਸਾਥਣ ਨਰਸਾਂ ਨੂੰ ਅਲਵਿਦਾ ਕਹਿ ਗਈ। ਮੁੰਬਈ ਦੇ ਕਿੰਗ ਐਡਵਰਡ ਮੈਮੋਰੀਅਲ ਹਸਪਤਾਲ (ਕੇ.ਈ.ਐਮ.) ਵਿਚ ਬਤੌਰ ਸਟਾਫ਼ ਨਰਸ ਸੇਵਾ ਨਿਭਾ ਰਹੀ ਅਰੁਣਾ 27 ਨਵੰਬਰ 1973 ਨੂੰ ਵਾਰਡ ਦੇ ਲੜਕੇ ਦੀ ਵਧੀਕੀ ਦਾ ਸ਼ਿਕਾਰ ਹੋ ਗਈ। ਹਮਲਾਵਰ ਸੋਹਨ ਲਾਲ ਭਾਰਥਾ ਨੂੰ ਪੁਲਿਸ ਨੇ ਕੁੱਝ ਦਿਨ ਬਾਅਦ ਗ੍ਰਿਫ਼ਤਾਰ ਤਾਂ ਕਰ ਲਿਆ, ਪਰ ਉਸ ਵਿਰੁਧ ਸਿਰਫ਼ ਲੁੱਟ ਖੋਹ ਕਰਨ ਦਾ ਕੇਸ ਹੀ ਦਰਜ ਕੀਤਾ ਗਿਆ। ਭਾਵੇਂ ਉਸ ਨੇ ਬਲਾਤਕਾਰ ਦਾ ਯਤਨ ਕੀਤਾ ਸੀ, ਪਰ ਅਰੁਣਾ ਦੇ ਵਿਰੋਧ ਕਾਰਨ ਉਹ ਸਫਲ ਨਾ ਹੋ ਸਕਿਆ। ਉਸ ਨੇ ਕੁੱਤਿਆਂ ਨੂੰ ਪਾਈ ਜਾਣ ਵਾਲੀ ਸੰਗਲੀ ਪਾ ਕੇ ਉਸ ਨੂੰ ਘੜੀਸ ਦਿੱਤਾ। ਜਿਸ ਨਾਲ ਉਸ ਦੇ ਦਿਮਾਗ਼ ਨੂੰ ਖ਼ੂਨ ਸਪਲਾਈ ਕਰਨ ਵਾਲੀ ਨਸ ਬੰਦ ਹੋ ਗਈ। ਜਦੋਂ ਦਿਮਾਗ਼ ਨੂੰ ਖ਼ੂਨ ਨਾ ਮਿਲਿਆ ਤਾਂ ਉਸ ਦਾ ਕੁੱਝ ਭਾਗ ਕੰਮ ਕਰਨਾ ਬੰਦ ਕਰ ਗਿਆ, ਪਰ ਡਾਟਕਰਾਂ ਦੇ ਕਾਫ਼ੀ ਯਤਨਾਂ ਨਾਲ, ਉਹ ਕਰੀਬ 42 ਸਾਲ ਨੀਮ-ਬੇਹੋਸ਼ੀ ਦੀ ਹਾਲਤ ਵਿਚ ਰਹੀ।

ਗੁਨਾਹਗਾਰ ਸੋਹਣ ਲਾਲ ਤਾਂ ਸੱਤ ਸਾਲਾਂ ਦੀ ਕੈਦ ਭੁਗਤ ਕੇ ਬਰੀ ਹੋ ਗਿਆ, ਪਰ ਅਰੁਣਾ ਨੂੰ ਬੇਕਸੂਰ ਹੁੰਦਿਆਂ ਵੀ 42 ਸਾਲ ਦੀ ਸਜ਼ਾ ਭੁਗਤਣੀ ਪਈ। ਕੀ ਇਹ ਇਨਸਾਫ਼ ਦੀ ਗੱਲ ਹੈ? ਇਕ ਬੇਕਸੂਰ ਇਸਤਰੀ ’ਤੇ ਦੁੱਖਾਂ ਦਾ ਐਡਾ ਪਹਾੜ ਡਿੱਗ ਪਿਆ ਹੋਵੇ ਤੇ ਸਰਵਸ਼ਕਤੀਮਾਨ ਜੇ ਹੋਵੇ ਤਾਂ ਅਜਿਹਾ ਇਨਸਾਫ਼ ਕਰੇਗਾ? ਉਸ ਦੀ ਦੇਖਭਾਲ ਕਰਨ ਵਾਲੀਆਂ ਨਰਸਾਂ ਨੇ ਭਾਰਤੀ ਸਰਵਉਚ ਅਦਾਲਤ ਤੋਂ ਮੰਗ ਕੀਤੀ ਸੀ ਕਿ ਉਸ ਨੂੰ ਟੀਕਾ ਲਾ ਕੇ ਮਾਰਨ ਦੀ ਇਜਾਜ਼ਤ ਦਿਤੀ ਜਾਵੇ ਤਾਂ ਜੋ ਉਸ ਦਾ ਦੁੱਖਾਂ ਤੋਂ ਖਹਿੜਾ ਛੁਟ ਸਕੇ, ਪਰ ਸੁਪਰੀਮ ਕੋਰਟ ਨੇ ਉਸ ਦੀ ਸਾਹ ਚਲਾਉਣ ਵਾਲੀ ਮਸ਼ੀਨ ਨੂੰ ਬੰਦ ਕਰਨ ਦੀ ਇਜਾਜ਼ਤ ਤਾਂ ਦੇ ਦਿਤੀ, ਪਰ ਉਸ ਨੂੰ ਮਾਰਨ ਦੀ ਇਜਾਜ਼ਤ ਨਹੀਂ ਦਿੱਤੀ। ਨੀਮ-ਬੇਹੋਸ਼ੀ ਦੇ ਇਸ ਲੰਬੇ ਸਮੇਂ ਦੌਰਾਨ ਸਮੁੱਚਾ ਪਰਿਵਾਰ ਵੀ ਉਸ ਤੋਂ ਮੁੱਖ ਮੋੜ ਗਿਆ, ਪਰ ਹਸਪਤਾਲ ਦੀਆਂ ਨਰਸਾਂ ਨੇ ਉਸ ਦੀ ਦਿਨ ਰਾਤ ਸੇਵਾ ਕੀਤੀ।

## ✪ ਸਵੀਡਨ ’ਚ ਘਟ ਰਹੀ ਜੇਲ੍ਹਾਂ ਦੀ ਗਿਣਤੀ

ਸਿੰਗਾਪੁਰ ਇਕ ਅਜਿਹਾ ਮੁਲਕ ਬਣ ਗਿਆ ਹੈ, ਜਿਸ ਵਿਚ ਜੁਰਮਾਂ ਦੀ ਦਰ ਸਿਫ਼ਰ ਤਕ ਚਲੀ ਗਈ ਹੈ। ਆਬਾਦੀ ਪੱਖੋਂ ਇਥੋਂ ਦੀ ਘਣਤਾ ਕਾਫ਼ੀ ਹੋਣ ਦੇ ਬਾਵਜੂਦ ਕੋਈ ਜੁਰਮ ਨਾ ਹੋਣਾ ਲੋਕਾਂ ਦੀ ਇਨਸਾਫ਼ ਪ੍ਰਤੀ ਜਾਗਰੂਕਤਾ ਹੈ।

ਇਸ ਦੇ ਨਾਲ ਹੀ ਮੀਡੀਆ ਰਾਹੀਂ ਪਤਾ ਲੱਗਿਆ ਹੈ ਕਿ ਸਵੀਡਨ ਵਿਚ ਜੇਲ੍ਹਾਂ ਦੀ ਗਿਣਤੀ ਘਟ ਰਹੀ ਹੈ, ਪਰ ਮੇਰੇ ਮਹਾਨ ਭਾਰਤ ਵਿਚ ਜੁਰਮ ਦਰ ਵੀ ਵਧ ਰਹੀ ਹੈ ਅਤੇ ਜੇਲ੍ਹਾਂ ਨੂੰ ਵਿਸਥਾਰਤ ਕੀਤਾ ਜਾ ਰਿਹਾ ਹੈ। ਇਹ ਅੱਜ ਦੇ ਯੁੱਗ ਵਿਚ ਭਾਰਤ ਦਾ ਵਿਕਾਸ ਪੱਖੋਂ ਸਫ਼ਰ ਪਿੱਛੇ ਨੂੰ ਜਾ ਰਿਹਾ ਦੀ ਪੁਸ਼ਟੀ ਹੁੰਦੀ ਹੈ, ਜਦੋਂਕਿ ਦੁਨੀਆਂ ਅੱਗੇ ਵਧ ਰਹੀ ਹੈ।

ਚੁਨੌਤੀ

# ਬਰੇਨ ਪੀਡਿਆ ਦਾ ਬਾਂਦਰ ਹੋਇਆ ਲੰਡਾ ..!!

ਗੁਰਪ੍ਰੀਤ ਮੱਲੋਕੇ

ਦੋਸਤੋ ਮਈ ਮਹੀਨੇ ਦੇ ਆਖਰੀ ਹਫ਼ਤੇ ਗੁਰਦੇਵ ਸਿੰਘ ਸੈਣੀ ਦੀ ਹੁਸ਼ਿਆਰਪੁਰ ਤੋਂ ਬ੍ਰੇਨ ਪੀਡਿਆ ਨਾਮ ਦੀ ਕੰਪਨੀ ਜ਼ੀਰਾ ਨੱਕ ਨਾਲ ਸੁੰਘ ਕੇ ਕਿਸੇ ਵੀ ਵਸਤੂ ਦਾ ਰੰਗ ਦੱਸਣ, ਕਿਸੇ ਵੀ ਲਿਖਤ ਨੂੰ ਨੱਕ ਨਾਲ ਸੁੰਘ ਕੇ ਪੜ੍ਹਨ ਦੀ ਕਲਾ 5 ਤੋਂ 15 ਸਾਲ ਦੇ ਬੱਚਿਆਂ ਵਿਚ ਵਿਕਸਤ ਕਰਨ ਦੀ ਟ੍ਰੇਨਿੰਗ ਦੇਣ ਬਾਬਤ ਦੱਸਣ ਆਈ ਸੀ .. ਪਰ ਉਹਨਾਂ ਦਾ ਡੈਮੋ ਅਸੀਂ ਤਰਕਸ਼ੀਲਾਂ ਗੁਰਚਰਨ ਨੂਰਪੁਰ, ਪ੍ਰਿ.ਰਾਕੇਸ਼ ਸ਼ਰਮਾ, ਮਾਸਟਰ ਤਿਵਾੜੀ ਨੇ ਹਾਜ਼ਰ ਆਮ ਲੋਕਾਂ ਦੇ ਸਾਹਮਣੇ ਗੈਰ-ਵਿਗਿਆਨਿਕ ਹੋਣ ਕਰ ਕੇ ਅਸਫਲ ਕਰ ਦਿੱਤੇ ਅਤੇ ਉਹ ਸਾਡੇ ਸਵਾਲਾਂ ਦੇ ਜਵਾਬ ਵੀ ਤੱਸਲੀਬਖ਼ਸ਼ ਨਹੀ ਦੇ ਸਕੇ।

ਉਹਨਾਂ ਹੋਰ ਟਰੇਂਡ ਬੱਚੇ ਲੈ ਕੇ 3 ਜੂਨ ਨੂੰ ਜ਼ੀਰਾ ਵਿਖੇ ਆ ਕੇ ਅਤੇ ਇਸ ਨੂੰ ਸਹੀ ਸਾਬਿਤ ਕਰਨ ਦੀ ਚੁਣੌਤੀ ਕਬੂਲ ਕਰ ਲਈ.. ਇਸ ਦੌਰਾਨ ਇੱਕ ਹਫ਼ਤਾ 3 ਜੂਨ ਤੱਕ ਕੇਵਲ ਅਸੀਂ ਹੀ ਉਹਨਾਂ ਨੂੰ ਵਾਰ ਵਾਰ ਫੋਨ ਕਰਦੇ ਰਹੇ ਕੇ 3 ਜੂਨ ਤੋਂ ਪਹਿਲਾਂ ਆ ਕੇ ਸਾਡੇ ਨਾਲ ਦਸ ਹਜ਼ਾਰ ਦੀ ਰਾਸ਼ੀ ਜਮ੍ਹਾਂ ਕਰਵਾ ਕੇ ਲਿਖਤੀ ਸ਼ਰਤਾਂ, ਵੀਹ ਲੱਖ ਦਾ ਇਨਾਮ ਆਦਿ ਉਤੇ ਸਹਿਮਤੀ ਕਰ ਜਾਵੋ। ਪਰ ਉਹ ਪਹਿਲਾਂ ਨਹੀ ਆਏ ਤੇ ਕਹਿ ਰਹੇ ਸਨ , "ਅਸੀਂ ਲੋਕਾਂ ਲਈ ਮਿਥੇ ਸਮੇਂ ਤੋਂ ਕੁਝ ਘੰਟੇ ਪਹਿਲਾਂ ਆ ਕੇ ਸਾਰੀ ਕਾਰਵਾਈ ਕਰ ਲਵਾਂਗੇ ਅਤੇ ਟੈਸਟ ਵੀ ਅਸੀਂ ਲੋਕਾਂ ਸਾਹਮਣੇ ਨਹੀ ਪਾਸੇ ਸੀਮਤ ਦਾਇਰੇ, ਪ੍ਰਸ਼ਾਸਨ ਆਦਿ ਦੀ ਦੇਖ ਰੇਖ 'ਚ ਦੇਵਾਂਗੇ।" ਅਸੀਂ ਇਹ ਵੀ ਮਨਜ਼ੂਰ ਕਰ ਲਿਆ ..

3 ਜੂਨ ਨੂੰ ਜਦੋਂ ਲੋਕਾਂ ਲਈ ਮਿਥੇ ਸਮੇਂ 4 ਵਜੇ ਤੋਂ ਪਹਿਲਾਂ ਉਹ ਨਹੀਂ ਆਏ ਤਾਂ ਅਸੀਂ ਮਿੱਥੇ ਸਮੇਂ 'ਤੇ ਪ੍ਰੋਗਰਾਮ ਸ਼ੁਰੂ ਕਰ ਲਿਆ। ਬ੍ਰੇਨ ਪੀਡੀਆ ਵਾਲਿਆਂ ਨੇ ਕਿਹਾ , "ਅਸੀਂ ਜ਼ੀਰਾ ਤੋਂ 3 ਕਿਲੋਮੀਟਰ ਬਾਹਰ ਅਮਰ




ਰੈਸਟੋਰੈਂਟ ਵਿਚ ਬੈਠੇ ਹਾਂ ਕਿਉਂਕਿ ਸਾਨੰ ਜ਼ੀਰਾ ਸ਼ਹਿਰ ਦੇ ਪ੍ਰਸ਼ਾਸਨ ਨੇ ਫ਼ੋਨ ਕਰਕੇ ਰੋਕਿਆ ਹੈ ਕਿ ਉਥੇ ਕੋਈ ਵਿਵਾਦ ਹੋ ਸਕਦਾ ਹੈ.." ਇਹ ਗੱਲ ਵੀ ਹਜ਼ਮ ਨਹੀਂ ਹੁੰਦੀ ਕਿ ਪ੍ਰਸ਼ਾਸਨ ਉਹਨਾਂ ਨੂੰ ਰੋਕਦਾ ਕਿਉਂਕਿ ਅਸੀਂ ਪ੍ਰਸ਼ਾਸਨ ਨੂੰ ਪੂਰੀ ਤਰਾਂ ਵਿਸ਼ਵਾਸ ਵਿਚ ਲਿਆ ਹੋਇਆ ਸੀ.. ਜਦਕਿ ਸਾਨੂੰ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਕਿ ਹੁਸ਼ਿਆਰਪੁਰ ਦੇ ਬੀ.ਜੇ. ਪੀ. ਦੇ ਇਕ ਸੀਨੀਅਰ ਆਗੂ ਨੇ ਜ਼ੀਰਾ ਦੇ ਭਾਜਪਾ ਆਗੂ ਦੀ 'ਬਰੇਨ ਪੀਡੀਆ' ਵਾਲਿਆਂ ਨੂੰ ਸਹਿਯੋਗ ਕਰਨ ਦੀ ਡਿਊਟੀ ਲਾਈ ਹੈ। ਜ਼ੀਰਾ ਦਾ ਭਾਜਪਾ ਆਗੂ ਜ਼ੀਰਾ ਤੋਂ ਬਾਹਰ ਹੋਟਲ ਵਿਚ ਉਹਨਾਂ ਨਾਲ ਮੌਜੂਦ ਸੀ। ਯਾਨੀ ਪ੍ਰਸ਼ਾਸਨ ਵਲੋਂ ਉਹਨਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਮਿਲ ਸਕਦਾ ਸੀ ਤੇ ਉਹ ਆਪਣੇ ਸਿਖਲਾਈ ਯਾਫ਼ਤਾ ਬੱਚੇ ਨਾਲ ਲਿਆ ਕੇ ਆਪਣੀ ਪ੍ਰੀਖਿਆ ਦੇ ਸਕਦੇ ਸੀ, ਪਰ ਉਹਨਾਂ ਨੇ ਏਨਾ ਕੁੱਝ ਹੋਣ ਦੇ ਬਾਵਜੂਦ ਬੱਚੇ ਆਪਣੇ ਨਾਲ ਨਹੀਂ ਲਿਆਂਦੇ। ਇਥੋਂ ਹੀ ਉਹਨਾਂ ਦੀ ਨੀਅਤ ਦਾ ਪਤਾ ਚਲਦਾ ਹੈ। ਉਹਨਾਂ ਦੀ ਨੀਅਤ ਉਤੇ ਸ਼ੱਕ ਪੈਦਾ ਹੁੰਦਾ ਹੈ ਕਿ ਉਹ ਤਰਕਸ਼ੀਲ ਸੁਸਾਇਟੀ ਨਾਲ ਕਿਸੇ ਗੰਢ-ਤੁਪ,ਰਫ਼ਾ-ਦਫ਼ਾ ਆਦਿ ਕਰਨ ਦੇ ਮੰਤਵ ਨਾਲ ਆਏ ਸੀ, ਪਰ ਤਰਕਸ਼ੀਲਾਂ 'ਚ ਇਹ ਸਭ ਨਹੀਂ ਚੱਲਦਾ। ਅਸੀਂ ਅਜਿਹੇ ਵਿਅਕਤੀਆਂ ਦਾ ਪਰਦਾਫ਼ਾਸ਼ ਲੋਕਾਂ ਸਾਹਮਣੇ ਕਰਦੇ ਹਾਂ। ਜਦੋਂ ਅਸੀਂ 10-12 ਸਾਥੀ ਉਥੇ ਪੁੱਜੇ ਤਾਂ ਉਹਨਾਂ ਦੇ ਉਹ ਵੱਡੇ-ਵੱਡੇ ਦਾਅਵੇ ਜੋ ਲੋਕਾਂ ਸਾਹਮਣੇ ਕਰਦੇ ਹਨ, ਉਹਨਾਂ ਸਭ ਤੋਂ ਪੱਲਾ ਝਾੜ ਗਏ। ਯਾਨੀ ਉਹਨਾਂ ਦਾ ਬਾਂਦਰ ਲੰਡਾ ਹੋਣਾ ਸ਼ੁਰੂ ਹੋ ਗਿਆ।

ਬ੍ਰੇਨ ਪੀਡੀਆ ਵਾਲਿਆਂ ਦੇ ਦਾਅਵੇ:-

1. ਉਹ ਦਾਅਵਾ ਕਰਦੇ ਸਨ ਕਿ ਸਾਡਾ ਟਰੇਂਡ ਬੱਚਾ ਪਿੱਠ ਪਿੱਛੇ ਪਈ ਕਿਤਾਬ ਵੀ ਪੜ੍ਹ ਦਿੰਦਾ ਹੈ। (ਮੁਕਰ ਗਏ)

2. ਉਹ ਦਾਅਵਾ ਕਰਦੇ ਸਨ ਕਿ ਸਾਡਾ ਟਰੇਂਡ ਬੱਚਾ ਕਿਤਾਬ ਦਾ ਬੰਦ ਪੇਜ ਵੀ ਸੁੰਘ ਕੇ ਦੱਸ ਸਕਦਾ ਹੈ ਕਿ ਹੇਠਲੇ ਪੇਜ 'ਤੇ ਕੀ ਲਿਖਿਆ ਹੈ। (ਮੁਕਰ ਗਏ)

3. ਉਹ ਦਾਅਵਾ ਕਰਦੇ ਸਨ ਕਿ ਸਾਡਾ ਬੱਚਾ ਹਨੇਰੇ ਕਮਰੇ ਵਿਚ ਪੜ੍ਹ ਸਕਦਾ ਹੈ। (ਮੁਕਰ ਗਏ)। ਕਹਿੰਦੇ ਪੇਜ ਉਤੇ ਰੌਸ਼ਨੀ ਪੈਣੀ ਜ਼ਰੂਰੀ ਹੈ, ਜਦ ਕਿ ਸਭ ਨੂੰ ਪਤਾ ਹੈ ਕਿ ਸੁੰਘਣ ਲਈ ਰੌਸ਼ਨੀ ਦੀ ਜ਼ਰੂਰਤ ਨਹੀਂ ਹੁੰਦੀ .. ਫੇਰ ਅਸੀਂ ਇਹ ਕਿਹਾ ਕਿ ਅਸੀਂ ਤੁਹਾਡੇ ਬੱਚੇ ਦੀਆਂ ਅੱਖਾਂ ਖੁੱਲ੍ਹੀਆਂ ਰੱਖਾਂਗੇ, ਪਰ ਪੇਜ ਉਤੇ ਨਜ਼ਰ ਨਹੀ ਪੈਣ ਦੇਵਾਂਗੇ। ਉਹ ਇਸ ਗੱਲ ਉਤੇ ਵੀ ਨਹੀ ਆਏ। 'ਅੱਖਾਂ ਉਤੇ ਪੱਟੀ ਬੰਨ੍ਹਣੀ ਵੀ ਕਹਿੰਦੇ ਜ਼ਰੂਰੀ ਹੈ'.ਕਿਉਂਕਿ ਇਸ ਅੱਖਾਂ ਉਤੇ ਬਣਨ ਵਾਲੀ ਪੱਟੀ ਵਿਚ ਹੀ 'ਇਹ ਹੇਰਾ-ਫੇਰੀ' ਸੰਭਵ ਹੈ, ਹੋਰ ਕਿਸੇ ਤਰਾਂ ਨਹੀ। ਯਾਨੀ ਉਹਨਾਂ ਨੇ ਸਾਡੇ ਟੈਸਟ ਕਰਨ ਦੀਆਂ ਆਪਸ਼ਨਾਂ (ਬਦਲ) ਬੇਹੱਦ ਸੀਮਤ ਕਰ ਦਿੱਤੀਆਂ ਤਾਂ ਕਿ ਸ਼ਰਤਨਾਮਾ ਸਿਰੇ ਹੀ ਨਾ ਚੜ੍ਹੇ।

ਪਰ ਅਸੀਂ ਵੀ ਲੋਕਾਂ ਦੀ ਆਰਥਿਕ ਅਤੇ ਮਾਨਸਿਕ ਲੁੱਟ ਰੋਕਣ ਲਈ 'ਬੂਹੇ ਦੇ ਘਰ' ਤੱਕ ਜਾਵਾਂਗੇ।


**ਸੂਚਨਾ**

ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ **400/-ਰੁਪੈ** ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ। **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**





# ਜਦ ਦਰੱਖਤ ਵਿੱਚ ਵੜ ਆਏ ਭਗਵਾਨ

ਇੱਕ ਪਾਸੇ ਤਾਂ ਅਸੀਂ ਚੰਦ ਉਤੇ ਵੱਸਣ ਦੀ ਤਿਆਰੀ ਕਰ ਰਹੇ ਹਾਂ, ਉਥੇ ਦੂਜੇ ਪਾਸੇ ਸਾਡੇ ਨੇੜੇ ਕੁੱਝ ਅਜਿਹੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ, ਜਿਹਨਾਂ ਨੂੰ ਚਮਤਕਾਰ ਅਤੇ ਭਗਵਾਨ ਦੀ ਸ਼ਕਤੀ ਨਾਲ ਜੋੜ ਕੇ ਕੁਝ ਇਸ ਤਰ੍ਹਾਂ ਨਾਲ ਪ੍ਰਚਾਰਿਆ ਜਾਂਦਾ ਹੈ ਕਿ ਲੋਕ ਖਿੱਚੇ ਚਲੇ ਆਉਂਦੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਅਜਿਹੇ ਮਾਮਲਿਆਂ ਵਿੱਚ ਲੋਕ ਇੱਕ ਦੂਜੇ ਦੇ ਕੰਨਾਂ ਤੋਂ ਹੁੰਦੀ ਹੋਈ ਉਨ੍ਹਾਂ ਤੱਕ ਪਹੁੰਚੀਆਂ ਅਫ਼ਵਾਹਾਂ ਨੂੰ ਸੱਚ ਮੰਨ ਲੈਂਦੇ ਹਨ। ਦਰਅਸਲ, ਇਸ ਦੀ ਓਟ ਵਿੱਚ ਵਿਹਲੜ ਲੋਕਾਂ ਦੀ ਇੱਕ ਸੋਚੀ ਸਮਝੀ ਚਾਲ ਹੁੰਦੀ ਹੈ, ਤਾਂ ਜੋ ਉਨ੍ਹਾਂ ਨੂੰ ਬੈਠੇ ਬੈਠਾਏ ਚੜ੍ਹਾਵੇ ਦੇ ਰੂਪ ਵਿੱਚ ਉਹ ਸੱਭ ਕੁੱਝ ਮਿਲ ਸਕੇ, ਜਿਸ ਦੇ ਲਈ ਉਨ੍ਹਾਂ ਨੂੰ ਮਿਹਨਤ ਕਰਨੀ ਪੈਂਦੀ ਹੈ।

ਉਤਰਪ੍ਰਦੇਸ਼ ਦੇ ਖਾਸ ਕਰਕੇ ਪੱਛਮੀ ਉਤਰ ਪ੍ਰਦੇਸ਼ ਅਤੇ ਪੂਰਬਾਂਚਲ ਦੇ ਜ਼ਿਲ੍ਹੇ ਵਿੱਚ ਅਜਿਹੀਆਂ ਗੱਲਾਂ ਦੇਖਣ ਅਤੇ ਸੁਣਨ ਵਿੱਚ ਆਂ ਜਾਂਦੀਆਂ ਹਨ। ਜੌਨਪੁਰ ਦੀ ਕੇਰਾਕਤ ਤਹਿਸੀਲ ਦੇ ਤਹਿਤ ਇੱਕ ਪਿੰਡ ਪੇਸਾਰਾ ਪੈਂਦਾ ਹੈ। ਇਹ ਪਿੰਡ ਇੱਕ ਤਰ੍ਹਾਂ ਨਾਲ ਜੌਨਪੁਰ ਜ਼ਿਲ੍ਹੇ ਦਾ ਆਖਰੀ ਸਿਰਾ ਮੰਨਿਆ ਜਾਂਦਾ ਹੈ। ਇਸ ਪਿੰਡ ਤੋਂ ਕੁਝ ਦੂਰ ਆਜਮਗੜ੍ਹ ਜ਼ਿਲ੍ਹੇ ਦੀ ਸਰਹੱਦ ਸ਼ੁਰੂ ਹੁੰਦੀ ਹੈ।

ਇਸ ਪਿੰਡ ਵਿੱਚ ਅਮੀਰ ਅਤੇ ਪੜ੍ਹੇ ਲਿਖੇ ਲੋਕਾਂ ਤੋਂ ਇਲਾਵਾ ਅਨਪੜ੍ਹ ਅਤੇ ਗਰੀਬ ਲੋਕਾਂ ਦੇ ਵੀ ਪਰਿਵਾਰ ਰਹਿੰਦੇ ਹਨ। 21 ਅਕਤੂਬਰ 2014 ਇਸ ਪਿੰਡ ਦਾ ਪਿੱਪਲ ਦਾ ਇੱਕ ਪੁਰਾਣਾ ਦਰੱਖਤ ਸੁਰਖੀਆਂ ਵਿੱਚ ਆ ਗਿਆ ਸੀ। ਕੱਲ੍ਹ ਤੱਕ ਜਿਹੜੇ ਪਿੱਪਲ ਦੇ ਦਰੱਖਤ ਦੇ ਪਾਸ ਲੋਕਾਂ ਨੂੰ ਜਾਣ ਤੱਕ ਦੀ ਵਿਹਲ ਨਹੀਂ ਸੀ, ਹੁਣ ਉਸੇ ਪਿੱਪਲ ਨੂੰ ਪੂਜਿਆ ਜਾਣ ਲੱਗਾ ਸੀ।

ਹੋਇਆ ਇੰਜ ਕਿ ਉਸ ਪਿੰਡ ਦੇ ਇੱਕ ਵਸਨੀਕ ਅਤੇ ਸਮਾਜਸੇਵੀ ਰਾਮਾਨੰਦ ਰਾਏ ਦੇ ਬਾਗ ਵਿੱਚ ਪਿੱਪਲ ਦੇ ਦੋ ਦਰੱਖਤਾਂ ਵਿੱਚੋਂ ਇੱਕ ਦਰੱਖਤ ਹਨੇਰੇ ਦੇ ਕਾਰਨ ਡਿੱਗ ਪਿਆ ਸੀ। ਦਰੱਖਤ ਡਿੱਗਣ ਦੇ ਬਾਅਦ ਉਸ ਨੂੰ ਕੁਝ ਲੋਕਾਂ ਨੇ ਵੱਢਣਾ ਸ਼ੁਰੂ ਕਰ ਦਿੱਤਾ ਸੀ ਕਿ ਅਚਾਨਕ ਦਰੱਖਤ ਹੌਲੀ ਹੌਲੀ ਖੜ੍ਹਾ ਹੋਣ ਲੱਗਾ। ਦਰੱਖਤ ਦੀ ਜੋ ਜੜ੍ਹਾਂ ਉਪਰ ਵੱਲ ਨੂੰ ਆ ਗਈਆਂ ਸੀ, ਉਹ ਹੌਲੀ ਹੌਲੀ ਹੇਠਾਂ ਹੋਣ ਲੱਗੀਆਂ ਸਨ। ਇਸਨੂੰ ਦੇਖਦੇ ਸਾਰ ਪਿੰਡ ਵਿੱਚ ਸ਼ੋਰ ਮਚਾ ਦਿੱਤਾ ਕਿ ਪਿੱਪਲ ਵਿੱਚ ਦੇਵਤਾ ਆ ਗਏ ਹਨ, ਇਸ ਲਈ ਡਿੱਗਾ ਦਰੱਖਤ ਆਪਣੇ ਆਪ ਹੀ ਉੱਠ ਖੜ੍ਹਾ ਹੋਇਆ ਹੈ।

ਫੇਰ ਕੀ ਸੀ, ਜੰਗਲ ਵਿੱਚ ਲੱਗੀ ਅੱਗ ਵਾਂਗ ਇਹ ਖ਼ਬਰ ਸਾਡੇ ਪਿੰਡ ਤੋਂ ਹੁੰਦੀ ਹੋਈ ਆਸਪਾਸ ਦੇ ਪਿੰਡਾਂ ਵਿੱਚ ਵੀ ਫੈਲ ਗਈ ਅਤੇ ਲੋਕਾਂ ਦਾ ਉਥੇ ਤਾਂਤਾ ਲੱਗਣਾ ਸ਼ੁਰੂ ਹੋ ਗਿਆ। ਦਰੱਖਤ ਨੂੰ ਫੁੱਲਾਂ ਦੀਆਂ ਮਾਲਾਵਾਂ ਨਾਲ ਪੂਜਿਆ ਜਾਣ ਲੱਗਾ। ਧੂਪਬੱਤੀ ਬੱਲਣ ਲੱਗੀ। ਦਰੱਖਤ ਦੇ ਬਗਲ ਵਿੱਚ ਲਾਊਡ ਸਪੀਕਰ ਲਗਾ ਕੇ ਧਾਰਮਿਕ ਭਜਨਾਂ ਦੇ ਗੀਤ ਸੁਣਾਈ ਦੇਣ ਲੱਗੇ।

ਇੱਕ ਅਜਿਹਾ ਹੀ ਵਾਕਿਆ ਇਸੇ ਪਿੰਡ ਤੋਂ ਲੱਗਭਗ 7-8 ਕਿਲੋਮੀਟ ਦੂਰ ਪਰਸੌਰਾ ਪਿੰਡ ਨਾਲ ਜੁੜਿਆ ਦੱਸਿਆ ਜਾਂਦਾ ਹੈ, ਜਿੱਥੇ ਪਿੱਪਲ ਦੇ ਦਰੱਖਤ ਦੇ ਡਿੱਗਣ ਦੇ ਬਾਅਦ ਦੋਬਾਰਾ ਆਪਣੀ ਥਾ ਉੱਤੇ ਖੜ੍ਹੇ ਹੋ ਜਾਣ ਦੇ ਬਾਅਦ ਪੂਜਾ ਪਾਠ ਦੇ ਨਾਲ ਚੜ੍ਹਾਵਾ ਸ਼ੁਰੂ ਹੋ ਗਿਆ ਸੀ।

ਕੇਰਾਕਤ ਇਲਾਕੇ ਦੇ ਰਹਿਣ ਵਾਲੇ ਅਤੇ ਸਾਮਾਜਿਕ ਵਰਕਰ ਰਾਮਸ਼ਰਨ ਯਾਦਵ ਜੀ ਕਹਿੰਦੇ ਹਨ, "ਦਰੱਖਤ ਦਾ ਡਿੱਗਣਾ ਅਤੇ ਫੇਰ ਖੜ੍ਹਾ ਹੋ ਜਾਣਾ ਕੋਈ ਚਮਤਕਾਰ ਨਹੀਂ ਹੈ, ਸਗੋਂ ਇੱਕ ਸੁਭਾਵਿਕ ਪ੍ਰਕਿਰਿਆ ਹੈ। ਜਿਸ ਪਾਸੇ ਦਰੱਖਤ ਦਾ ਝੁਕਾਅ ਹੋਵੇਗਾ, ਉਧਰ ਦਾ ਭਾਰ ਘੱਟ ਹੋਣ ਜਾਂ ਦੂਜੇ ਪਾਸੇ ਮਿੱਟੀ ਦਾ ਦਬਾਅ ਵੱਧਣ ਉੱਤੇ ਦਰੱਖਤ ਆਪ ਹੀ ਆਪਣੇ ਪੁਰਾਣੇ ਸਵਰੂਪ (ਸ਼ਕਲ) ਵਿੱਚ ਖੜ੍ਹਾ ਹੋ ਜਾਵੇਗਾ। ਅਜਿਹੇ ਵਿੱਚ ਚਮਤਕਾਰ ਦੇ ਨਾਂ ਉਤੇ ਲੋਕਾਂ ਨੂੰ ਗੁੰਮਰਾਹ ਕਰਨ ਤੋਂ ਵੱਧ ਇਸਨੂੰ ਕੁਝ ਵੀ ਨਹੀਂ ਕਿਹਾ ਜਾ ਸਕਦਾ ਹੈ।"

ਮੂਲ ਲੇਖ ਸੰਤੋਸ਼ ਦੇਵ ਗਿਰੀ
ਅਨੁਵਾਦਕ : ਪਵਨ ਕੁਮਾਰ ਰੱਤੋਂ

ਆਜਮਗੜ੍ਹ ਜ਼ਿਲ੍ਹੇ ਦੀ ਲਾਲਗੰਜ ਤਹਿਸੀਲ ਦੇ ਤਹਿਤ ਪਿੰਡ ਲਹੁੱਆ ਦੀ ਕਹਾਣੀ ਤਾਂ ਹੋਰ ਵੀ ਵੱਖਰੀ ਹੈ। ਉਥੇ ਬਾਕਾਇਦਾ ਇੱਕ ਪਿੱਪਲ ਦੇ ਦਰੱਖਤ ਨੂੰ ਪੂਜਣ ਦੇ ਲਈ ਦੂਰ ਦੂਰ ਤੋਂ ਲੈ ਕੇ ਆਸਪਾਸ ਦੇ ਜ਼ਿਲ੍ਹਿਆਂ ਦੇ ਲੋਕ ਆ ਰਹੇ ਹਨ।

ਦੱਸਿਆ ਜਾਂਦਾ ਹੈ ਕਿ ਲਹੁੱਆ ਪਿੰਡ ਵਿੱਚ ਉਹ ਪਿੱਪਲ ਦਾ ਦਰੱਖਤ ਕੁਝ ਮਹੀਨੇ ਪਹਿਲਾਂ ਡਿੱਗ ਪਿਆ ਸੀ ਅਤੇ ਫੇਰ ਆਪਣੀ ਥਾਂ ਉੱਤੇ ਖੜ੍ਹਾ ਵੀ ਹੋ ਗਿਆ ਸੀ। ਬਸ ਉਥੇ ਵੀ ਪਿੱਪਲ ਦੇ ਦਰੱਖਤ ਵਿੱਚ 'ਦੇਵਤਾ' ਦੇ ਹੋਣ ਦੀ ਗੱਲ ਦਾ ਪ੍ਰਚਾਰ ਕਰ ਦਿੱਤਾ ਗਿਆ ਅਤੇ ਸ਼ੁਰੂ ਹੋ ਗਿਆ ਅੰਧਵਿਸ਼ਵਾਸ ਦਾ ਖੇਲ। ਉਥੇ ਵੀ ਪੂਜਾਪਾਠ ਦੇ ਨਾਲ ਚੜ੍ਹਾਵਾ ਚੜ੍ਹਨਾ ਸ਼ੁਰੂ ਹੋ ਗਿਆ। ਦੇਖਦੇ ਹੀ ਦੇਖਦੇ ਦਾਨਪੇਟੀ ਲਗਾ ਦਿੱਤੀ ਗਈ, ਤਾਂ ਜੋ ਲੋਕ ਉਸ ਵਿੱਚ ਦਾਨ ਕਰ ਸਕਣ। ਪਿੱਪਲ ਦੇ ਦਰੱਖਤ ਦੇ ਨੇੜੇ ਮੰਦਰ ਬਣਾਉਣ ਦੀ ਵੀ ਤਿਆਰੀ ਚੱਲ ਰਹੀ ਹੈ।

ਮਜ਼ੇ ਦੀ ਗੱਲ ਇਹ ਹੈ ਕਿ ਪਿੱਪਲ ਦਾ ਉਹ ਦਰੱਖਤ ਜਿਸ ਥਾਂ ਹੈ, ਉਥੇ ਖੇਤੀ ਕਰਨ ਲਾਇਕ ਜਮੀਨ ਹੈ। ਲੋਕਾਂ ਦੀ ਆਵਾਜ਼ਾਈ ਸ਼ੁਰੂ ਹੋਣ ਨਾਲ ਉਥੇ ਦੀ ਫ਼ਸਲ ਦੇਖਦੇ ਹੀ ਦੇਖਦੇ ਮਿੱਧ ਦਿੱਤੀ ਗਈ, ਜਿਸ ਦਾ ਕੋਈ ਵਿਰੋਧ ਵੀ ਨਹੀਂ ਕਰ ਸਕਿਆ। ਮਾਮਲਾ ਧਰਮ ਅਤੇ ਸ਼ਰਧਾ ਨਾਲ ਜੋ ਜੁੜ ਗਿਆ ਸੀ।

ਠੀਕ ਇਸੇ ਤਰ੍ਹਾਂ ਦਾ ਇੱਕ ਵਾਕਿਆ ਕੁਝ ਸਾਲ ਪਹਿਲਾ ਮੀਰਜਪੁਰ ਜ਼ਿਲ੍ਹੇ ਦੀ ਚੁਨਾਰ ਤਹਿਸ਼ੀਲ ਦੇ ਤਹਿਤ ਪਚੇਵਰਾ ਪਿੰਡ ਵਿੱਚ ਵਾਪਰਿਆ ਹੋਣਾ ਦੱਸਿਆ ਜਾਂਦਾ ਹੈ। ਉਥੇ ਪਿੱਪਲ ਦੇ ਇੱਕ ਦਰੱਖਤ ਦੇ ਡਿੱਗਣ ਦੇ ਬਾਅਦ ਕੁਝ ਵਿਹਲੜ ਲੋਕਾਂ ਦੁਆਰਾ ਅਜਿਹੀ ਹੀ ਅਫ਼ਵਾਹ ਫੈਲਾ ਦਿੱਤੀ ਗਈ ਸੀ। ਬਾਅਦ ਵਿੱਚ ਸਚਾਈ ਸਾਹਮਣੇ ਆਉਣ ਉੱਤੇ ਸਭਨਾਂ ਦੀ ਬੋਲਤੀ ਬੰਦ ਹੋ ਗਈ ਸੀ।

ਚੁਨਾਰ ਇਲਾਕੇ ਦੇ ਵਸਨੀਕ ਉੱਤਰਪ੍ਰਦੇਸ਼ ਪਾਵਰ ਲਿਫਟਿੰਗ ਫੈਡਰੇਸ਼ਨ ਦੇ ਕੋਚ ਕਮਲਾਪਤੀ ਤ੍ਰਿਪਾਠੀ ਜੀ ਕਹਿੰਦੇ ਹਨ, "ਕਦੇ ਮੰਦਰ ਮਜ਼ਾਰ ਤਾਂ ਕਦੇ ਸਿੱਧੀਸਥਲ ਦੱਸ ਕੇ ਇੱਕ ਸੋਚੀ ਸਮਝੀ ਚਾਲ ਦੇ ਤਹਿਤ ਅਜਿਹਾ ਪ੍ਰਚਾਰ ਕਰ ਦਿੱਤਾ ਜਾਂਦਾ ਹੈ, ਤਾਂ ਜੋ ਲੋਕ ਉਸ ਪਾਸੇ ਉਮੜ ਪੈਣ ਅਤੇ ਵਿਹਲੜ ਪਖੰਡੀ ਲੋਕਾਂ ਨੂੰ ਬੈਠੇ ਬੈਠਾਏ ਦਾਲ ਰੋਟੀ ਦੇ ਲਈ ਭਟਕਣਾ ਨਾ ਪਵੇ। ਅਜਿਹੇ ਵਿੱਚ ਲੋਕਾਂ ਨੂੰ ਇਹਨਾਂ ਪਖੰਡ ਭਰੀਆਂ ਅਫ਼ਵਾਹਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ।"

ਵਿੰਧਿਆ ਪਾਰਿਸਥਿਤਿਕੀ ਅਤੇ ਕੁਦਰਤ ਇਤਿਹਾਸ ਫਾਊਂਡੇਸ਼ਨ ਦੇ ਏਸੋਸੀਏਟ ਡਾਇਰੈਕਟਰ ਸ਼ਿਵਕੁਮਾਰ ਉਪਾਧਿਆਇ ਜੀ ਦੱਸਦੇ ਹਨ, "ਦਰੱਖਤ ਕੋਈ ਵੀ ਹੋਵੇ, ਸਭਨਾਂ ਦੇ ਲਈ ਜੀਵਨਦਾਇਕ ਹੁੰਦਾ ਹੈ। ਹਾਂ, ਪਿੱਪਲ ਦੇ ਦਰੱਖਤ ਦੀ ਉਪਯੋਗਿਕਤਾ (ਜ਼ਰੂਰਤ, ਵਰਤੋਂ, ਕੰਮ 'ਚ ਆਉਣ ਦੀ ਯੋਗਤਾ) ਵਾਤਾਵਰਣ ਸੰਤੁਲਨ ਵਿੱਚ ਕੁਝ ਜ਼ਿਆਦਾ ਹੀ ਹੈ, ਪਰੰਤੂ ਦੇਵਤਾ ਵਗੈਰਾ ਦੇ ਨਾਂ ਉੱਤੇ ਲੋਕਾਂ ਨੂੰ ਗੁੰਮਰਾਹ ਕਰਨਾ ਅਤੇ ਚੜ੍ਹਾਵਾ ਦੇਣਾ ਸਰਾਸਰ ਗਲਤ ਅਤੇ ਅਫ਼ਵਾਹਾਂ ਨੂੰ ਹੱਲਾਸ਼ੇਰੀ ਦੇਣਾ ਹੈ। ਇਹ ਲੋਕਾਂ ਨੂੰ ਠੱਗਣ ਵਰਗਾ ਹੀ ਹੈ।"

ਗੌਰ ਕਰਨ ਦੀ ਗੱਲ ਇਹ ਹੈ ਕਿ ਦਰੱਖਤ ਸਾਡੀ ਜ਼ਿੰਦਗੀ ਅਤੇ ਆਬੋ ਹਵਾ ਦੀ ਸੁਰੱਖਿਆ ਕਰਦੇ ਹਨ। ਦੂਜੇ ਦਰੱਖਤਾਂ ਦੀ ਬਜਾਏ ਪਿੱਪਲ ਦਾ ਦਰੱਖਤ ਲਾਭਦਾਇਕ ਅਤੇ ਗੁਣਕਾਰੀ ਹੈ। ਭੂਤਪ੍ਰੇਤ ਅਤੇ ਅੰਧਵਿਸ਼ਵਾਸ ਦੇ ਕਾਰਨ ਕੁਝ ਲੋਕ ਪਿੱਪਲ ਨੂੰ ਲਗਾਉਣ ਤੋਂ ਬਚਦੇ ਹਨ, ਤਾਂ ਭਲਾਂ ਉਸ ਉੱਤੇ ਦੇਵਤੇ ਦਾ ਨਿਵਾਸ ਹੋਣਾ ਦੱਸ ਕੇ ਇਸਨੂੰ ਪੂਜਣ ਦੀ ਪਰੰਪਰਾ ਕਿੱਥੋਂ ਤੱਕ ਸਹੀ ਹੈ?



# ਅੰਤਰਜਾਤੀ ਵਿਆਹ ਅਤੇ ਪੱਛੜਿਆ ਤਬਕਾ

ਅੱਜਕੱਲ੍ਹ ਅੰਤਰਜਾਤੀ ਵਿਆਹ ਬਹੁਤ ਹੋ ਰਹੇ ਹਨ। ਇਹਨਾਂ ਵਿੱਚੋਂ ਕਈ ਕੇਸਾਂ ਵਿੱਚ ਪਰਿਵਾਰ ਵਾਲਿਆਂ ਦੁਆਰਾ ਇੰਟਰਨੈੱਟ ਤੋਂ ਰਿਸ਼ਤੇ ਤੈਅ ਕੀਤੇ ਜਾਂਦੇ ਹਨ ਅਤੇ ਕਈ ਮਾਮਲੇ ਪਿਆਰ ਵਿਆਹ ਦੇ ਹੁੰਦੇ ਹਨ।

90 ਫੀਸਦੀ ਭਾਰਤੀ ਪਰਿਵਾਰ ਤਾਂ ਅੰਤਰਜਾਤੀ ਵਿਆਹ ਦੇ ਲਈ ਤਿਆਰ ਨਹੀਂ ਹੁੰਦੇ ਹਨ ਅਤੇ ਤਦ ਤਾਂ ਹੋਰ ਵੀ ਸਮੱਸਿਆ ਪੈਦਾ ਹੁੰਦੀ ਹੈ, ਜਦ ਲਾੜਾ ਜਾਂ ਲਾੜੀ ਵਿੱਚੋਂ ਕੋਈ ਇਕ ਪਿਛੜੇ ਤਬਕੇ ਦਾ ਹੋਵੇ।

ਜੇ ਇਹ ਤਬਕੇ ਦੇ ਬੱਚੇ ਪੜ੍ਹੇ ਲਿਖੇ, ਚੰਗੇ ਪਰਿਵਾਰ ਤੋਂ ਹੋਣ ਤਾਂ ਉੱਚੇ ਤਬਕੇ ਦੇ ਮਾਂ ਬਾਪ ਹਾਂ ਤਾਂ ਕਹਿ ਦੇਂਦੇ ਹਨ, ਪਰ ਝਗੜਾ ਵਿਆਹ ਦੀ ਵਿਧੀ ਤੋਂ ਸ਼ੁਰੂ ਹੁੰਦਾ ਹੈ।

ਹਿੰਦੂਆਂ ਦੇ ਵਿਆਹ ਦੀਆਂ ਰਸਮਾਂ ਪੰਡਤਾਂ ਦੇ ਮੰਤਰਾਂ, ਫੇਰਿਆਂ ਅਤੇ ਪੈਸੇ ਮੰਗਣ ਨਾਲ ਸ਼ੁਰੂ ਹੁੰਦੀਆਂ ਹਨ ਅਤੇ ਪੈਸੇ ਠੱਗਣ ਦੀ ਰਸਮ ਨਾਲ ਹੀ ਖ਼ਤਮ ਹੁੰਦੀਆਂ ਹਨ। ਪਿਛੜੀ ਜਾਤ ਵਿੱਚ ਜਿਹੜੇ ਹਿੰਦੂ ਹਨ, ਉਥੇ ਰੀਤੀ ਰਿਵਾਜਾਂ ਦੀ ਓਨੀ ਪਰੇਸ਼ਾਨੀ ਨਹੀਂ ਹੈ। ਰਸਮਾਂ ਮਿਲਦੀਆਂ ਜੁਲਦੀਆਂ ਹੀ ਹਨ।

ਸਵਾਲ ਉਥੇ ਖੜ੍ਹਾ ਹੁੰਦਾ ਹੈ, ਜਿੱਥੇ ਪਿਛੜੇ ਤਬਕੇ ਨੇ ਬੁੱਧ ਧਰਮ ਅਪਨਾ ਲਿਆ ਹੈ, ਕਿਉਂਕਿ ਦੋਹਾਂ ਧਰਮਾਂ ਦੇ ਵਿਆਹ ਪ੍ਰਥਾ ਵਿੱਚ ਬਹੁਤ ਫ਼ਰਕ ਹੈ। ਉਥੇ ਨਾ ਕੋਈ ਪੰਡਤ ਹੁੰਦਾ ਹੈ, ਨਾ ਹੀ ਥੋੜ੍ਹੀ ਥੋੜ੍ਹੀ ਦੇਰ ਵਿੱਚ ਦੁਲਹਨ ਧਿਰ ਤੋਂ ਪੈਸੇ ਠੱਗੇ ਜਾਂਦੇ ਹਨ ਅਤੇ ਨਾ ਹੀ ਉਥੇ ਅੱਧੀ ਰਾਤ ਤੱਕ ਕੀਤੀਆਂ ਜਾਣ ਵਾਲੀਆਂ ਲੰਬੀਆਂ ਅਤੇ ਥਕਾ ਦੇਣ ਵਾਲੀਆਂ ਰਸਮਾਂ ਹੁੰਦੀਆਂ ਹਨ, ਸਗੋਂ ਅਗਨੀ ਨੂੰ ਗਵਾਹ ਨਹੀਂ ਮੰਨਿਆ ਜਾਂਦਾ, ਉਥੇ ਸਾਰੇ ਸਮਾਜ ਦੇ ਸਾਹਮਣੇ ਸੱਭ ਨੂੰ ਗਵਾਹ ਮੰਨ ਕੇ ਵਿਆਹ ਹੁੰਦਾ ਹੈ। ਅਡੰਬਰ ਅਤੇ ਪਖੰਡਾਂ ਤੋਂ ਦੂਰ ਛੋਟੇ ਜਿਹੇ ਰਿਵਾਜ ਨਾਲ ਵਿਆਹ ਹੁੰਦਾ ਹੈ।

ਜਦ ਅਜਿਹੇ ਜੋੜਿਆਂ ਵਿੱਚ ਇਕ ਸਧਾਰਣ ਜਾਤੀ ਦਾ ਅਤੇ ਦੂਜਾ ਬੁੱਧ ਜਾਤੀ ਤੋਂ ਹੁੰਦਾ ਹੈ, ਤਾਂ ਸਧਾਰਣ ਤਬਕਾ ਆਪਣਿਆਂ ਹੀ ਰੀਤੀਰਿਵਾਜ਼ਾਂ ਨਾਲ ਵਿਆਹ ਕਰਾਉਣ ਦੇ ਲਈ ਦੂਜੀ ਧਿਰ ਨੂੰ ਮਜ਼ਬੂਰ ਕਰਦਾ ਹੈ। ਇਹਨਾਂ ਵਿੱਚੋਂ ਕਈ ਪਰਵਾਰ ਆਪਣੇ ਹੀ ਰੀਤੀਰਿਵਾਜਾਂ ਨਾਲ ਵਿਆਹ ਕਰਾਉਣ ਦੇ ਲਈ ਅੜ ਜਾਂਦੇ ਹਨ ਜਾਂ ਫਿਰ ਵੱਖ ਵੱਖ ਮੰਡਪ (ਸ਼ਾਮਿਆਨਾ ਸਭਾ, ਪੰਡਾਲ) ਵਿੱਚ ਵਿਆਹ ਕਰਾਉਣ ਦੇ ਲਈ ਦੂਸਰੀ ਧਿਰ ਨੂੰ ਮਜ਼ਬੂਰ ਕਰਦੇ ਹਨ।

ਸ਼ਾਇਦ ਕਿਤੇ ਨਾ ਕਿਤੇ ਉਹਨਾਂ ਨੂੰ ਪਿਛੜੇ ਤਬਕੇ ਨਾਲ ਰਿਸ਼ਤੇਦਾਰੀ ਜੋੜਨ ਵਿੱਚ ਸ਼ਰਮ ਮਹਿਸੂਸ ਹੁੰਦੀ ਹੈ ਅਤੇ ਉਹ ਆਪਣੇ ਸਮਾਜ ਨੂੰ ਇਹ ਗੱਲ ਦੱਸਣਾ ਨਹੀਂ ਚਾਹੁੰਦੇ ਹਨ। ਅਜਿਹੇ ਵੀ ਪਰਵਾਰ ਹੁੰਦੇ ਹਨ, ਜੋ ਦੋਵੇਂ ਰੀਤੀਰਿਵਾਜ਼ਾਂ ਨਾਲ ਵਿਆਹ ਦੇ ਲਈ ਖੁਸ਼ੀ ਖੁਸ਼ੀ ਤਿਆਰ ਹੁੰਦੇ ਹਨ।

ਦੁਲਹੇ ਅਤੇ ਦੁਲਹਨ ਨੂੰ ਚਾਹੀਦਾ ਹੈ ਕਿ ਜਦ ਉਹਨਾਂ ਨੇ ਆਪਣਾ ਜੀਵਨ ਸਾਥੀ ਆਪਣੀ ਪਸੰਦ ਨਾਲ ਚੁਣਿਆ ਹੈ, ਤਾਂ ਉਸ ਦੀ ਸਚਾਈ ਸਮਾਜ ਦੇ ਸਾਹਮਣੇ ਲਿਆਉਣ ਵਿੱਚ ਕਿਹੋ ਜਿਹੀ ਸ਼ਰਮ ਹੈ? ਅਜਿਹਾ ਨਾ ਕਰਕੇ ਤੁਸੀਂ ਇਹ ਸਾਬਤ ਕਰਦੇ ਹੋ ਕਿ ਸਾਨੂੰ ਆਪਣੇ ਜੁਆਈ ਜਾਂ ਬਹੂ ਨਾਲ ਲੈਣਾ ਦੇਣਾ ਹੈ, ਉਨ੍ਹਾਂ ਦੇ ਪਰਿਵਾਰ ਜਾਂ ਉਨ੍ਹਾਂ ਦੇ ਸਮਾਜ ਨਾਲ ਨਹੀਂ। ਇਹੀ ਤੁਸੀਂ ਸੱਭ ਤੋਂ ਵੱਡੀ ਗਲਤੀ ਕਰਦੇ ਹੋ। ਕਾਰਨ, ਵਿਆਹ ਦੋ ਪਰਿਵਾਰਾਂ ਦਾ ਮਿਲਣ ਹੈ, ਇਹ ਗੱਲ ਭੁੱਲਣੀ ਨਹੀਂ ਚਾਹੀਦੀ

ਇੱਕ ਮਰਾਠਾ ਪਰਿਵਾਰ, ਜੋ ਹੋਰ ਪਿਛੜਿਆ ਵਰਗ ਤੋਂ ਹੈ, ਦੇ ਪੁੱਤਰ ਇੱਕ ਬੌਧੀ ਲੜਕੀ ਨਾਲ ਪਿਆਰ ਵਿਆਹ ਕਰਨਾ ਸੀ। ਵਰ ਦੇ ਮਾਤਾ ਪਿਤਾ ਹਿੰਦੂ ਰੀਤੀਰਿਵਾਜ਼ਾ ਨਾਲ ਵਿਆਹ ਕਰਾਉਣ ਉੱਤੇ ਅੜੇ ਹੋਏ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਬੌਧ ਰੀਤੀ ਨਾਲ ਵਿਆਹ ਹੋਇਆ, ਤਾਂ ਉਨ੍ਹਾਂ ਦੇ ਸਮਾਜ ਨੂੰ ਪਤਾ ਚੱਲ ਜਾਵੇਗਾ ਕਿ ਬਹੂ ਨਿਚਲੀ ਜਾਤ ਦੀ ਹੈ ਅਤੇ ਸਮਾਜ ਉਨ੍ਹਾਂ ਨੂੰ ਜਾਤੀ ਤੋਂ ਬਾਹਰ ਕਰ ਦੇਵੇਗਾ।

**ਮਨੀਸ਼ਾ ਮੁਕੇਸ਼ ਰਾਇਪੁਰ**

ਉਨ੍ਹਾਂ ਨੇ ਅਖੀਰ ਤੱਕ ਬੌਧ ਰਿਵਾਜ ਨਾਲ ਵਿਆਹ ਕਰਾਉਣ ਦੀ ਸਹਿਮਤੀ ਨਹੀਂ ਦਿੱਤੀ। ਮਜ਼ੇ ਦੀ ਗੱਲ ਇਹ ਹੈ ਕਿ ਉਨ੍ਹਾਂ ਦੀ ਪੁੱਤਰੀ ਨੇ ਵੀ ਬੁੱਧ ਧਰਮ ਦੇ ਲੜਕੇ ਨਾਲ ਵਿਆਹ ਕੀਤਾ ਸੀ। ਵਿਆਹ ਨੂੰ 5-6 ਸਾਲ ਹੋ ਗਏ ਹਨ, ਸੱਸ ਸਹੁਰੇ (ਦੋਨੋ ਧਿਰਾਂ ਦੇ) ਆਪਣੇ ਜੁਆਈ ਬਹੂ ਤੋਂ ਖ਼ੁਸ਼ ਹਨ। ਪਰ ਲੜਕੀ ਵਾਲਿਆਂ ਦੇ ਰਿਸ਼ਤੇਦਾਰਾਂ ਨੂੰ ਉਹ ਦਰਦਨਾਕ ਕੰਡਾ ਤਾਂ ਚੁਭਾ ਗਏ, ਜਿਸ ਦਾ ਦਰਦ ਹਮੇਸ਼ਾ ਉਨ੍ਹਾਂ ਦੇ ਅੰਦਰ ਉਨ੍ਹਾਂ ਦੀ ਗਿਰੀ ਹੋਈ ਸੋਚ ਨੂੰ ਯਾਦ ਕਰਵਾਉਂਦਾ ਰਹੇਗਾ। ਜੇਕਰ ਉਹ ਤਦੇ ਦੋਨੋਂ ਰੀਤੀਆਂ ਨਾਲ ਵਿਆਹ ਕਰਉਣ ਦੇ ਲਈ ਮੰਨ ਜਾਂਦੇ ਤਾਂ ਰਿਸ਼ਤੇਦਾਰਾਂ ਦੀ ਇਸ ਚੀਸ ਨੂੰ ਖ਼ਤਮ ਕਰ ਦੇਂਦੇ ਅਤੇ ਦੋਹਾਂ ਦੇ ਵਿੱਚ ਬਰਾਬਰੀ ਦੇ ਸੰਬੰਧ ਹੁੰਦੇ।

ਦੂਜਾ ਉਦਾਹਰਣ ਇੱਕ ਹੋਰ ਪਰਵਾਰ ਦਾ ਹੈ, ਜੋ ਬੌਧੀ ਹਨ। ਲੜਕੇ ਦਾ ਵਿਆਹ ਇੱਕ ਮਰਾਠਾ ਲੜਕੀ ਨਾਲ ਤੈਅ ਹੋਇਆ। ਲੜਕੇ ਦੀ ਮਾਂ ਨੂੰ ਬੌਧੀ ਰੀਤੀਰਿਵਾਜਾਂ ਨਾਲ ਵਿਆਹ ਕਰਨ ਵਿੱਚ ਸ਼ਰਮ ਮਹਿਸੂਸ ਹੋਈ ਅਤੇ ਉਨ੍ਹਾਂ ਨੇ ਕੱਟੜ ਹਿੰਦੂ ਰਿਵਾਜਾਂ ਨਾਲ ਵਿਆਹ ਕਰਕੇ ਆਪਣੇ ਆਪ ਨੂੰ ਬਹੁਤ ਵੱਡਾ ਸਮਝਣ ਦਾ ਦੰਭ (ਝੂਠਾ ਅਡੰਬਰ, ਪਖੰਡ, ਹੰਕਾਰ) ਭਰਿਆ ਹੈ।

ਇਸ ਦੇ ਉਲਟ ਇੱਕ ਹੋਰ ਉਦਾਹਰਣ ਦੱਸਦੇ ਹਾਂ। ਇੱਕ ਈਸਾਈ ਲੜਕੇ ਦਾ ਵਿਆਹ ਪਿਛੜੇ ਤਬਕੇ ਦੀ ਲੜਕੀ ਨਾਲ ਤੈਅ ਹੋਇਆ। ਲੜਕੇ ਦੇ ਘਰ ਵਾਲਿਆਂ ਨੇ ਗਿਰਜਾਘਰ ਵਿੱਚ ਵਿਆਹ ਨਹੀਂ ਕਰਾਇਆ, ਕਿਉਂਕਿ ਅਜਿਹਾ ਕਰਨ ਨਾਲ ਲੜਕੀ ਨੂੰ ਪਹਿਲਾਂ ਈਸਾਈ ਬਣਾਉਣਾ ਪੈਂਦਾ। ਉਨ੍ਹਾਂ ਲੜਕੀ ਦੇ ਰੀਤੀ ਰਿਵਾਜਾਂ ਨਾਲ ਵਿਆਹ ਕੀਤਾ ਅਤੇ ਛੋਟਾ ਜਿਹਾ ਰਿਸੈਪਸ਼ਨ (ਸਵਾਗਤ ਸਮਾਗਮ) ਦੇ ਦਿੱਤਾ। ਸਾਡੇ ਸਮਾਜ ਵਿੱਚ ਅਜਿਹੀ ਖੁੱਲ੍ਹੀ ਸੋਚ ਵਾਲੇ ਲੋਕ ਵੀ ਹਨ, ਪਰ ਉਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ।

ਜਿਹੜੇ ਪਿੱਛੜੇ ਤਬਕੇ ਨੇ ਬੁੱਧ ਧਰਮ (ਬੌਧ) ਰੀਤੀਰਿਵਾਜਾਂ ਨੂੰ ਸਵੀਕਾਰ ਕੀਤਾ ਹੈ ਉਹ ਤਾਂ ਸੋਚ ਵਿੱਚ ਹਿੰਦੂਆਂ ਦੀ ਸੋਚ ਤੋਂ ਕਈ ਗੁਣਾਂ ਉਪਰ ਹਨ। ਵਿਆਹ ਵਿੱਚ ਉਥੇ ਨਾ ਕੋਈ ਮਹੂਰਤ ਹੁੰਦਾ ਹੈ, ਨਾ ਖੋਖਲੀਆਂ ਵਿਧੀਆਂ ਹਨ, ਨਾ ਸਮੇਂ ਦੀ ਪਾਬੰਦੀ ਹੈ ਅਤੇ ਨਾ ਅੱਧੀ ਰਾਤ ਨੂੰ ਨੀਂਦ ਹਰਾਮ ਕਰਨ ਵਾਲੀਆਂ ਰਸਮਾਂ ਹਨ। ਦਾਜ-ਦਹੇਜ ਦਾ ਤਣਾਅ ਵੀ ਨਹੀਂ ਹੈ।

ਇੱਥੇ ਲੋਕ ਪੁੱਤਰੀਆਂ ਦੇ ਜਨਮ ਉੱਤੇ ਦੁੱਖ ਨਹੀਂ ਮਨਾਉਂਦੇ ਹਨ, ਨਾ ਹੀ ਪੁੱਤਰਾਂ ਦੇ ਜਨਮ ਉਤੇ ਖੁਸ਼ੀ ਮਨਾਉਂਦੇ ਹਨ। ਦੋਨਾਂ ਦਾ ਜਨਮ ਮਾਤਾਪਿਤਾ ਨੂੰ ਇੱਕੋ ਜਿਹੀਆਂ ਖੁਸ਼ੀਆਂ ਦੇਂਦਾ ਹੈ। ਦੋਹਾਂ ਦੀ ਇੱਕੋ ਜਿਹੀ ਪਾਲਣ ਪੋਸ਼ਣਾਂ ਅਤੇ ਪੜ੍ਹਾਈ ਲਿਖਾਈ ਹੁੰਦੀ ਹੈ। ਦੋਹਾਂ ਦਾ ਹੀ ਵਿਆਹਾਂ ਵਿੱਚ ਬਰਾਬਰ ਬਰਾਬਰ ਜਿਹਾ ਖ਼ਰਚ ਹੁੰਦਾ ਹੈ।

ਪੁੱਤਰੀਆਂ ਦੇ ਸੱਸ ਸਹੁਰੇ ਵਾਲਿਆਂ ਦੇ ਨਾਲ ਕੋਈ ਲੈਣ ਦੇਣ ਨਹੀਂ ਹੁੰਦਾ। ਦਾਜ ਮੰਗਣ ਵਾਲਿਆਂ ਦੀ ਸਮਾਜ ਵਿੱਚ ਕੋਈ ਥਾਂ ਨਹੀਂ ਹੁੰਦੀ। ਨਾ ਹੀ ਪੁੱਤਰੀਆਂ ਦੇ ਜਨਮ ਤੋਂ ਹੀ ਉਸ ਦੇ ਵਿਆਹ ਦੇ ਲਈ ਪੈਸੇ ਜੋੜਨੇ ਦੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ। ਨਾ ਤਾਂ ਉਹ ਦਾਜ ਦੇਂਦੇ ਹਨ, ਨਾ ਦਾਜ ਲੈਂਦੇ ਹਨ। ਨਾ ਇੱਥੇ ਕੋਈ ਪੰਡਤ ਹੁੰਦਾ ਹੈ, ਜੋ ਕੰਨਿਆ ਧਿਰ ਤੋਂ ਪੈਸਿਆਂ ਦੀ ਮੰਗ ਕਰਦਾ ਹੈ। ਅਜਿਹਾ ਪਿਛੜਿਆ ਵਰਗ, ਜੋ ਹੁਣ ਬੌਧੀ ਬਣ ਚੁੱਕਾ ਹੈ, ਤੋਂ ਸਵਰਣ ਕਿਉਂ ਆਪਣਾ ਸੰਬੰਧ ਬਣਾਉਣ ਤੋਂ ਕਤਰਾਉਂਦੇ ਜਾਂ ਸ਼ਰਮਾਉਂਦੇ ਹਨ?

ਅਸਲ ਵਿੱਚ ਪਿਛੜਿਆ ਕੌਣ ਹੈ? ਸਾਰੀਆਂ ਕੁਰੀਤੀਆਂ ਤੋਂ ਅਲੱਗ ਥਲੱਗ ਨਿਡਰ ਪਿਛੜਿਆ ਵਰਗ ਜਾਂ ਕੁਰੀਤੀਆਂ ਦੀ ਦਲਦਲ ਵਿੱਚ ਫਸਿਆ ਉੱਚ ਵਰਗ?

# ਬਾਬਿਆਂ ਦੇ ਡੇਰੇ ਸੋਨੇ ਦੀਆਂ ਖਾਣਾਂ



ਜਗਤਾਰ ਸਹੋਤਾ



ਭਾਰਤੀ ਲੋਕ ਦੁਨੀਆਂ ਵਿਚ ਸੱਭ ਤੋਂ ਵੱਧ ਅੰਧਵਿਸ਼ਵਾਸੀ, ਭਰਮੀ ਅਤੇ ਵਹਿਮੀ ਲੋਕ ਹਨ। ਬਾਬਿਆਂ ਦੀ ਪੂਜਾ ਉਨ੍ਹਾਂ ਦੀਆਂ ਰੱਗਾਂ ਰੱਗਾਂ ਵਿਚ ਰਚੀ ਹੋਈ ਹੈ। ਕੋਈ ਵੀ ਇਨਸਾਨ ਬਾਬੇ ਦਾ ਭੇਸ ਧਾਰ ਲਵੇ, ਮੱਥੇ ਟੇਕਣ ਵਾਲਿਆਂ ਦੀ ਭੀੜ ਲੱਗ ਜਾਵੇਗੀ। ਮੈਨੂੰ ਅਜੇ ਵੀ ਯਾਦ ਹੈ ਜਦ ਮੈਂ ਸਕੂਲ ਵਿਚ ਪੜ੍ਹਦਾ ਹੁੰਦਾ ਸੀ, ਕਦੇ ਕਦੇ ਆਪਣੀ ਭੂਆ ਨੂੰ ਰੁੜਕੇ ਕਲਾਂ ਮਿਲਣ ਜਾਇਆ ਕਰਦਾ ਸੀ। ਉਥੇ ਇਕ ਪਾਗਲ ਜਿਹਾ ਨੰਗਾ ਧੜੰਗਾ ਬੰਦਾ ਹੁੰਦਾ ਸੀ ਜਿਸ ਨੂੰ ਨਾ ਖਾਣ ਦਾ ਅਤੇ ਨਾ ਹੱਗਣ ਦਾ ਚੱਜ ਸੀ। 'ਊਂ ਆਂ' ਤੋਂ ਇਲਾਵਾ ਮੈਂ ਉਸ ਦੇ ਮੂੰਹ ਵਿਚੋਂ ਹੋਰ ਕੋਈ ਲਫਜ਼ ਕਦੇ ਸੁਣਿਆਂ ਨਹੀਂ ਸੀ। ਜਦ ਕਦੇ ਉਸ ਨੂੰ ਕੋਈ ਰੋਟੀ ਖਾਂਦਾ ਦਿਸਦਾ, ਉਹ ਉਸ ਵੱਲ ਖੜ੍ਹਾ ਬਿਟ ਬਿਟ ਤਕਦਾ ਰਹਿੰਦਾ ਸੀ। ਉਸ ਨੂੰ ਲੋਕੀਂ ਅਕਸਰ ਕੁੱਤਿਆਂ ਵਾਂਗ ਝਿੜਕ ਕੇ ਭਜਾ ਦਿਆ ਕਰਦੇ ਸਨ। ਉਹ ਨੂੰ ਪਾਗਲ ਚਿੰਤਾ ਕਹਿੰਦੇ ਸਨ। ਫਿਰ ਇਕ ਦਿਨ ਕਿਸੇ ਨੇ ਅਫਵਾਹ ਫੈਲਾ ਦਿਤੀ ਕਿ ਫੈਲਾਣੇ ਦਾ ਅੜਿਆ ਕੰਮ ਹੋ ਗਿਆ ਕਿਉਂਕਿ ਉਸ ਨੇ ਪਾਗਲ ਚਿੰਤੇ ਨੂੰ ਆਪਣੇ ਹੱਥਾਂ ਨਾਲ ਰੋਟੀ ਖਿਲਾਈ ਸੀ। ਬੱਸ ਫਿਰ ਲੋਕਾਂ ਦੀ ਭੀੜ ਰੋਟੀ ਲੈ ਕੇ ਚਿੰਤੇ ਮਗਰ ਤੁਰਨ ਲੱਗ ਪਈ। ਚਿੰਤਾਂ ਕਿਸੇ ਦੇ ਹੱਥੋਂ ਖਾਵੇ ਕਿਸੇ ਦੇ ਹੱਥੋਂ ਨਾ ਖਾਵੇ। ਜਿਸ ਦੇ ਹੱਥੋਂ ਖਾ ਗਿਆ ਉਹ ਕਿਸਮਤ ਵਾਲਾ ਬਣ ਗਿਆ। ਇਸ ਤਰ੍ਹਾਂ ਪਾਗਲ ਚਿੰਤਾ ਬਾਬਾ ਚਿੰਤਾ ਬਣ ਗਿਆ। ਹੁਣ ਚਿੰਤੇ ਦੀ ਕਬਰ ਤੇ ਹਰ ਸਾਲ ਮੇਲਾ ਲਗਦਾ ਹੈ।

ਭਾਰਤ ਦੇਸ਼ ਦਾ ਸਰਮਾਇਆ ਦਿਨੋ ਦਿਨ ਚੰਦ ਕੁ ਬੰਦਿਆਂ ਦੇ ਹੱਥ ਵਿਚ ਜਮਾ ਹੋਈ ਜਾ ਰਿਹਾ ਹੈ, ਮਜ਼ਦੂਰ ਸਖਤ ਮਜ਼ਦੂਰੀ ਕਰਕੇ ਵੀ ਆਪਣੇ ਪਰਵਾਰ ਦਾ ਢਿੱਡ ਨਹੀਂ ਭਰ ਸਕਦਾ। ਦੇਸ਼ ਬੁਰੀ ਤਰ੍ਹਾਂ ਦੋ ਹਿੱਸਿਆਂ ਵਿਚ ਵੰਡ ਹੋ ਗਿਆ ਹੈ -ਅਮੀਰਾਂ ਅਤੇ ਗਰੀਬਾਂ ਦਾ। ਮਜ਼ਦੂਰੀ ਨਾਲ ਨਾ ਕੁੱਛ ਬਣਦਾ ਕਰਕੇ, ਲੋਕ ਉਹ ਤਰੀਕੇ ਲੱਭਣੇ ਚਾਹੁੰਦੇ ਹਨ ਜੋ ਉਨ੍ਹਾਂ ਨੂੰ ਰਾਤੋਂ ਰਾਤ ਅਮੀਰ ਬਣਾ ਦੇਣ। ਗਰੀਬ ਲੋਕ ਸਮਝਦੇ ਹਨ ਇਸ ਦੀ ਕੁੰਜੀ ਬਾਬਿਆਂ ਪਾਸ ਹੈ। ਅਮੀਰ ਅਤੇ ਰਾਜਸੀ ਪਾਰਟੀਆਂ ਜਾਣਦੇ ਹਨ ਕਿ ਇਹ ਹਾਲਾਤ ਇਸ ਤਰ੍ਹਾਂ ਦੇ ਹੀ ਰਹੇ ਤਾਂ ਮਜ਼ਦੂਰ ਅਤੇ ਗਰੀਬ ਲੋਕ ਕਦੇ ਆਪਣਾ ਹੱਕ ਲੈਣ ਲਈ ਉਠ ਵੀ ਸਕਦੇ ਹਨ। ਇਸ ਲਈ ਉਹ ਲੋਕਾਂ ਦਾ ਬਾਬਿਆਂ ਵਿਚ ਅੰਧਵਿਸ਼ਵਾਸ ਦੇ ਯਕੀਨ ਨੂੰ ਬਹੁੱਤ ਚਲਾਕੀ ਨਾਲ ਵਰਤ ਕੇ ਮਜ਼ਦੂਰਾਂ ਅਤੇ ਗਰੀਬਾਂ ਨੂੰ ਕੰਟਰੋਲ ਵਿਚ ਰੱਖ ਰਹੇ ਹਨ। ਬਾਬੇ ਚਿੰਤੇ ਦੀ ਥਾਂ, ਹੁਣ ਸਿਆਸਤਦਾਨਾਂ ਨਾਲ ਰੱਲ ਕੇ, ਚਲਾਕ ਬੰਦਿਆ ਨੇ ਲੈ ਲਈ ਹੈ। ਚਾਰ ਕੁ ਚਲਾਕ ਬੰਦੇ ਰਲ ਕੇ ਧੰਦਾ ਕਰਨ ਲਈ ਇਕ ਨੂੰ ਬਾਬਾ ਬਣਾ ਲੈਂਦੇ ਹਨ। ਲੋਕਾਂ ਨੂੰ ਉਹ ਦਸਦੇ ਹਨ ਕਿ ਇਹ ਬਾਬਾ ਬਹੁੱਤ 'ਪਹੁੰਚਿਆ' ਹੋਇਆ ਹੈ। ਨਾਲ ਰਲੇ ਹੋਏ ਚੇਲੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੰਦੇ ਹਨ ਕਿ ਇਸ ਬਾਬੇ ਨੇ ਸਾਡੇ ਅੜੇ ਸੜੇ ਹੋਏ ਕੰਮ ਕਰਾ ਦਿਤੇ। ਫਿਰ ਕੀ ਲੋਕਾਂ ਦੀ ਭੀੜ ਲੱਗ ਜਾਂਦੀ ਹੈ। ਦੇਖਾ ਦੇਖੀ ਸ਼ਰਧਾਲੂਆਂ ਦੀ ਗਿਣਤੀ ਵਧਣੀ ਸ਼ੁਰੂ ਹੋ ਜਾਂਦੀ ਹੈ। ਚੋਣਾਂ ਲਾਗੇ ਆਇਆਂ ਦੇਖ ਕੇ ਐਮ.ਐਲ.ਏ. ਸਾਹਿਬ ਬਾਬੇ ਪਾਸ ਜਾਂਦੇ ਹਨ ਅਤੇ ਕਹਿੰਦੇ ਹਨ ਜੇਕਰ ਉਹ ਆਪਣੇ ਸ਼ਰਧਾਲੂਆਂ ਦੀਆਂ ਵੋਟਾਂ ਪੁਵਾ ਕੇ ਉਸ ਨੂੰ ਦੁਬਾਰਾ ਜਤਾਉਣ ਤਾਂ ਉਹ ਉਸ ਨੂੰ ਇੰਨਕਮ ਟੈਕਸ ਤੋਂ 'ਰੂਹਾਨੀ ਸੇਵਕ' ਦਾ ਦਰਜਾ ਦੁਵਾ ਦੇਣਗੇ। ਸੌਦਾ ਤਹਿ ਹੋ ਜਾਂਦਾ ਹੈ। ਐਮ.ਐਲ.ਏ. ਸਾਹਿਬ ਦੁਬਾਰਾ ਚੁੱਣੇ ਜਾਂਦੇ ਹਨ ਅਤੇ ਬਾਬੇ ਨੂੰ ਪੈਸੇ ਪੁੱਟਣ ਵਾਲੀ ਖਾਣ ਮਿਲ ਜਾਂਦੀ ਹੈ ਜਾਣੀ 'ਰੂਹਾਨੀ ਸੇਵਕ' ਦਾ ਦਰਜਾ। 'ਰੂਹਾਨੀ ਸੇਵਕ' ਦਰਜੇ ਦਾ ਅਰਥ ਹੈ ਕਿ ਉਹ ਡੇਰੇ, ਮੰਦਰ ਜਾਂ ਧਾਰਮਿਕ ਸੰਸਥਾ ਜੋ ਲੋਕਾਂ ਨੂੰ ਟੈਕਸ ਮੁਕਤੀ ਪ੍ਰਮਾਣ ਪੱਤਰ ਦੇ ਸਕਦੇ ਹੋਣ। ਨਾਲ ਇਹ ਵੀ ਕਿ ਉਨ੍ਹਾਂ ਦੇ ਹਿਸਾਬ-ਕਿਤਾਬ ਦੀ ਕੋਈ ਪੜਤਾਲ (audit) ਨਹੀਂ ਹੋਵੇਗੀ। ਟੈਕਸ ਮੁਕਤੀ ਪ੍ਰਮਾਣ ਪੱਤਰ ਤੇ ਲਿਖੀ ਹੋਈ ਰਕਮ ਤੇ ਨਾ ਤਾਂ ਟੈਕਸ ਲੱਗੇਗਾ ਅਤੇ ਨਾ ਹੀ ਇਹ ਪੁੱਛਿਆ ਜਾਵੇਗਾ ਕਿ ਇਹ ਰਕਮ ਕਿਥੋਂ ਆਈ।

ਭਾਰਤ ਵਿਚ ਕਾਲੇ ਧਨ ਦੀ ਘਾਟ ਨਹੀਂ। ਸਰਕਾਰ ਦੇ ਸਾਰੇ ਮਹਿਕਮੇ ਵੱਢਿਆਂ ਦੇ ਅੱਡੇ ਹਨ। ਵੱਢੀ ਬਿਨ੍ਹਾਂ ਫਾਇਲ ਇਕ ਡੈਸਕ ਤੋਂ ਅੱਗੇ ਤੁੱਰਦੀ ਹੀ ਨਹੀਂ। ਹਰ ਕੋਈ ਜਾਣਦਾ ਹੈ ਕਿ ਵੱਢੀ ਮੰਤਰੀਆਂ ਤੱਕ ਵੀ ਪਹੁੰਚਦੀ ਹੈ। ਨਹੀਂ ਤਾਂ ਮੰਤਰੀ ਸੌਂਹ ਚੁੱਕਣ ਨਾਲ ਇਕ ਦਮ ਅਮੀਰ ਤਾਂ ਬਣ ਨਹੀਂ ਸਕਦੇ। ਹੋਰ ਤਾਂ ਹੋਰ ਹਰ ਚੀਜ਼ ਦੀ ਖ਼ਰੀਦਾਰੀ ਵਿਚ ਵੀ 'ਅੰਡਰ ਦੀ ਟੇਬਲ' ਜਿਵੇਂ ਜ਼ਮੀਨ ਦੀ ਖ਼ਰੀਦਣ ਵਿਚ ਗੱਲ ਆਮ ਹੈ। ਫਿਲਮਾਂ ਦੇ ਐਕਟਰ ਇਸ ਗੱਲ ਵਿਚ ਮਸ਼ਹੂਰ ਹਨ। ਅਮੀਰ ਟੈਕਸ ਨਹੀਂ ਦੇਣਾ ਚਾਹੁੰਦਾ। ਮੰਤਰੀ ਸਿਰਫ ਇਸ ਗੱਲ ਨੂੰ ਜਾਣਦੇ ਹੀ ਨਹੀਂ ਸਗੋਂ ਇਸ ਵਿਚ ਭਾਗੀਦਾਰ ਵੀ ਹਨ। ਇਸ ਸਾਰੇ ਕਾਲੇ ਧਨ ਨੂੰ ਚਿੱਟਾ ਬਨਾਉਣ ਦੀ ਚਾਬੀ ਉਨ੍ਹਾਂ ਪਾਸ ਹੈ ਜਿਸ ਨੂੰ ਸਰਕਾਰ ਨੇ 'ਰੂਹਾਨੀ ਸੇਵਕ' ਦਾ ਦਰਜਾ ਦਿਤਾ ਹੋਇਆ ਹੈ। ਫ਼ਰਜ਼ ਕਰ ਲਓ ਕਿਸੇ ਕੋਲ 10 ਲੱਖ ਕਾਲਾ ਧਨ ਹੈ ਜੋ ਉਹ ਚਿੱਟੇ ਵਿਚ ਬਦਲਣਾ ਚਹੁੰਦਾ ਹੈ। ਉਹ ਇਕ ਲੱਖ ਕਾਲਾ ਧਨ ਉਸ ਡੇਰੇ ਨੂੰ ਦਿੰਦਾ ਹੈ ਜਿਸ ਪਾਸ 'ਰੂਹਾਨੀ ਸੇਵਕ' ਦਾ ਦਰਜਾ ਹੈ। ਡੇਰੇ ਦਾ ਬਾਬਾ ਉਸ ਨੂੰ ਦੱਸ ਲੱਖ ਟੈਕਸ ਦਾ ਮੁਕਤੀ ਪ੍ਰਮਾਣ ਪੱਤਰ ਦੇ ਦਿੰਦਾ ਹੈ ਜੋ ਇੰਨਕਮ ਟੈਕਸ ਦੇ ਮਹਿਕਮੇ ਨੂੰ ਮਨਜੂਰ ਹੈ। ਸੋ ਕਾਲਾ ਧਨ ਚਿੱਟਾ ਧਨ ਵੀ ਬਣ ਗਿਆ ਅਤੇ ਟੈਕਸ

ਵੀ ਨਹੀਂ ਲੱਗਾ। ਅਸੀਂ ਜਾਣਦੇ ਹੀ ਹਾਂ ਕਿ ਕਾਲੇ ਧਨ ਦੀ ਭਾਰਤ ਵਿਚ ਕੋਈ ਥੁੜ ਨਹੀਂ ਅਤੇ ਨਾ ਹੀ ਡੇਰਿਆਂ ਦੀ। ਇਸ ਕਾਲੇ ਧਨ ਦੀ ਮੇਹਰਬਾਨੀ ਨਾਲ ਇਕ ਤਾਂ ਡੇਰਿਆਂ ਵਾਲੇ ਬਾਬੇ ਪੈਸਿਆ ਵਿਚ ਖੇਡ ਰਹੇ ਹਨ ਦੂਸਰੇ ਕਾਲੇ ਧਨ ਵਾਲੇ ਲੋਕ ਵੀ ਅਮੀਰ ਬਣੀ ਜਾਂਦੇ ਹਨ। ਇਕ ਅੰਦਾਜੇ ਅਨੁਸਾਰ ਪੰਜਾਬ, ਜੋ ਇਕ ਛੋਟਾ ਜਿਹਾ ਸੂਬਾ ਹੈ, ਵਿਚ 900 ਸਿਖਾਂ ਅਤੇ 1200 ਦੂਸਰੇ ਧਰਮਾਂ ਦੇ ਬਾਬਿਆਂ ਦੇ ਡੇਰੇ ਹਨ ਅਤੇ ਇਨ੍ਹਾਂ ਵਿਚੋਂ 300 ਡੇਰਿਆਂ ਦੇ ਸ਼ਰਧਾਲੂ ਇਕ ਇਕ ਲੱਖ ਤੋਂ ਉਪਰ ਹਨ। ਕਿਹਾ ਜਾਂਦਾ ਹੈ ਕਿ ਜਦ ਪਿੱਛੇ ਜਿਹੇ ਪੰਜਾਬ ਵਿਚ ਅਮਨ-ਕਾਨੂੰਨ ਭੰਗ ਹੋਇਆ ਸੀ ਤਦ ਇਹ ਬਾਬਿਆਂ ਦੀ ਹੀ ਮੇਹਰਬਾਨੀ ਸੀ। ਗੁਰਦਾਸਪੁਰ ਜ਼ਿਲ੍ਹੇ ਦੇ ਧਿਆਨਪੁਰ ਇਲਾਕੇ ਵਿਚ ਇਕ ਡੇਰੇ ਦੇ ਬਾਬੇ ਕੋਲ 600 ਏਕੜ ਜ਼ਮੀਨ ਹੈ। ਰਾਧਾ ਸੁਆਮੀ ਅਤੇ ਸੱਚੇ ਸੌਦੇ ਡੇਰੇ ਕੋਲ ਇਸ ਤੋਂ ਵੀ ਕਈ ਗੁਣਾ ਜਾਇਦਾਦ ਹੈ। ਅਸਲ ਵਿਚ ਇੰਨ੍ਹਾਂ ਪਾਸ ਇਤਨੀ ਜਾਇਦਾਦ ਹੈ ਜਿਤਨੀ ਨਾ ਤਾਂ ਕਿਸੇ ਮੁੱਗਲ ਬਾਦਸ਼ਾਹ ਅਤੇ ਨਾ ਹੀ ਮਹਾਰਾਜਾ ਰਣਜੀਤ ਸਿੰਘ ਪਾਸ ਸੀ।

ਰਾਜ ਕਰਦੀਆਂ ਪਾਰਟੀਆਂ ਅਤੇ ਅਮੀਰਾਂ ਨੂੰ ਇੰਨ੍ਹਾਂ ਡੇਰਿਆਂ ਦੇ ਕਈ ਲਾਭ ਹਨ। ਇਕ ਤਾਂ ਇਹ ਲੋਕਾਂ ਨੂੰ ਭੰਬਲ ਭੂਸਿਆਂ ਵਿਚ ਰੱਖਦੇ ਹਨ। ਲੋਕਾਂ ਦੀਆਂ ਔਕੜਾਂ ਦਾ ਹੱਲ ਭਾਵੇਂ ਆਰਥਿਕਤਾ ਵਿਚ ਹੈ ਪਰ ਉਹ ਲੋਕਾਂ ਨੂੰ ਦਸਦੇ ਹਨ ਕਿ ਹੱਲ ਅਧਿਆਤਮਵਾਦ ਵਿਚ ਹੈ। ਉਹ ਲੋਕਾਂ ਨੂੰ ਮਾਇਆ ਦਾ ਮੋਹ ਤਿਆਗਣ ਲਈ ਆਖਦੇ ਹਨ ਪਰ ਆਪ ਮਾਇਆ ਨਾਲ ਕੋਠੇ ਭਰੀ ਜਾਂਦੇ ਹਨ। ਦੂਜਾ ਉਹ ਲੁਟੇਰਾ ਜਮਾਤ ਦੇ ਕਾਲੇ ਧਨ ਨੂੰ ਚਿੱਟਾ ਧਨ ਬਨਵਾਣ ਦੇ ਅੱਡੇ ਹਨ। ਤੀਜਾ ਉਹ ਸਿਆਸਤਦਾਨਾਂ ਲਈ ਬੈਂਕ ਵੋਟ ਹਨ। ਸਭ ਜਾਣਦੇ ਹਨ ਕਿ ਇਹ ਡੇਰੇ ਕਿਸੇ ਨਾ ਕਿਸੇ ਸਿਆਸੀ ਪਾਰਟੀ ਜਿਵੇਂ ਕਾਂਗਰਸ, ਭਾਰਤੀ ਜਨਤਾ ਪਾਰਟੀ ਜਾਂ ਸੂਬੇ ਦੀ ਪਾਰਟੀਆਂ ਨਾਲ ਸਬੰਧ ਰਖਦੇ ਹਨ। ਇਸੇ ਲਈ ਮੋਦੀ ਨੇ ਚੋਣਾਂ ਸਮੇਂ ਬਾਹਰਲੇ ਕਾਲੇ ਧਨ ਬਾਬਤ ਤਾਂ ਫੂਕੀਆਂ ਬਹੁੱਤ ਫੜ੍ਹਾਂ ਮਾਰੀਆਂ ਪਰ ਦੇਸ਼ ਅੰਦਰ ਉਹ ਕਾਲਾ ਧਨ ਜੋ ਲੋਕਾਂ ਨੂੰ ਸਿਉਂਕ ਦੀ ਤਰ੍ਹਾਂ ਖਾ ਰਿਹਾ ਹੈ ਦੀ ਬਾਬਤ ਮੋਨ ਧਾਰੀ ਰੱਖਿਆ। ਚੌਥਾ ਉਹ ਗਰੀਬਾਂ ਦੀ ਪਿੱਠ ਵਿਚ ਛੁਰਾ ਮਾਰਦੇ ਹਨ। ਕਾਲੇ ਧਨ ਨੂੰ ਟੈਕਸ ਤੋਂ ਬਚਾਅ ਕੇ ਉਹ ਸਰਕਾਰ ਦੇ ਖ਼ਜ਼ਾਨੇ ਖਾਲੀ ਰੱਖਣ ਵਿਚ ਕਾਮਯਾਬ ਹਨ।

ਸਰਕਾਰ ਦੇ ਖ਼ਜ਼ਾਨੇ ਵਿਚ ਜੇਕਰ ਪੈਸਾ ਹੋਵੇ ਤਾਂ ਸ਼ਾਇਦ ਗਰੀਬ ਲੋਕਾਂ ਲਈ ਕੋਈ ਭਲਾਈ ਦਾ ਕੰਮ ਹੋ ਸਕੇ। ਦਿਨੋ ਦਿਨ ਇਨ੍ਹਾਂ ਦਾ ਸਿਆਸੀ ਪ੍ਰਭਾਵ ਵੱਧਣਾ ਇਕ ਖਤਰੇ ਦੀ ਨਿਸ਼ਾਨੀ ਹੈ। ਸਿਆਸੀ ਪਾਰਟੀਆਂ ਡੇਰਿਆਂ ਦੀਆਂ ਕੱਠ ਪੁਤਲੀਆਂ ਬਣ ਕੇ ਰਹਿ ਗਈਆਂ ਹਨ। ਇਥੋਂ ਤੱਕ ਕਿ ਡੇਰਿਆਂ ਵਿਚ ਕਤਲ ਕਰਨ ਅਤੇ ਅਯਾਸ਼ੀਆਂ ਦੀਆਂ ਘਟਨਾਵਾਂ ਨੂੰ ਸਰਕਾਰਾਂ ਅੱਖੋਂ ਓਹਲੇ ਕਰ ਰਹੀਆਂ ਹਨ। ਸੱਚੇ ਸੌਦੇ ਬਾਬੇ 'ਤੇ ਲੱਗੇ ਇਲਜ਼ਾਮਾਂ ਬਾਬਤ ਕੌਣ ਨਹੀਂ ਜਾਣਦਾ? ਸੂਬੇ ਦੀ ਸਰਕਾਰ ਨੇ ਹੱਥ ਖੜ੍ਹੇ ਕਰ ਦਿਤੇ। ਲੋਕਾਂ ਦੇ ਜ਼ੋਰ ਪਾਉਣ ਤੇ ਜੁਡੀਸ਼ਰੀ ਨੇ ਸੇਂਟਰ ਦੀ ਫੋਰਸ ਨੂੰ ਹਰਕਤ ਵਿਚ ਆਉਣ ਲਈ ਆਖਿਆ। ਪਰ ਇਤਨੇ ਗੰਭੀਰ ਇਲਜ਼ਾਮ ਦੇ ਬਾਵਜੂਦ ਵੀ ਬਾਬਾ ਸਿਰਫ ਵੀਡਿਓ ਕਾਨਫਰੰਸ ਰਾਹੀਂ ਪੇਸ਼ ਹੋਇਆ। ਇਹ ਘਟਨਾ ਤੋਂ ਡੇਰਿਆਂ ਦੇ ਬਾਬਿਆ ਦੀ ਤਾਕਤ ਦਾ ਪਤਾ ਚਲਦਾ ਹੈ। ਯਾਦ ਰਹੇ ਇਹ ਉਹੀ ਬਾਬਾ ਹੈ ਜਿਸ ਨੇ ਦਿੱਲੀ ਦੀ ਚੋਣਾਂ ਵਿਚ ਸ਼ਰੇਆਮ ਐਲਾਨ ਕੀਤਾ ਸੀ ਕਿ ਉਸ ਦੇ 25 ਲੱਖ ਸ਼ਰਧਾਲੂ ਭਾਰਤੀ ਜਨਤਾ ਪਾਰਟੀ ਨੂੰ ਵੋਟ ਦੇਣਗੇ। ਭਾਰਤੀ ਜਨਤਾ ਪਾਰਟੀ ਫਿਰ ਬੈਂਕ ਵੋਟਾਂ ਦੀ ਰਾਖੀ ਕਿਉਂ ਨਾ ਕਰੇ?

ਆਓ ਹੁਣ ਦੇਖੀਏ ਉਹ ਬਾਬੇ ਜੋ ਗਰੀਬ ਲੋਕਾਂ ਨੂੰ ਮਾਇਆ ਦਾ ਮੋਹ ਤਿਆਗਣ ਲਈ ਪ੍ਰਚਾਰ ਕਰਦੇ ਥਕਦੇ ਨਹੀਂ, ਪਰ ਆਪ ਮਾਇਆ ਵਿਚ ਕਿਸ ਤਰ੍ਹਾਂ ਖੇਡ ਰਹੇ ਹਨ। ਦੁੱਖ ਦੀ ਗੱਲ ਹੈ ਕਿ ਸਾਰੇ ਡੇਰਿਆਂ ਬਾਬਤ ਅੰਕੜੇ ਮਿਲਦੇ ਨਹੀਂ। ਕੋਲਕੱਤਾ ਦੀ ਅਖਬਾਰ 'ਦਅ ਟੈਲਿਗਰਾਫ਼' ਨੇ ਮਈ 2011 ਵਿਚ ਕੁੱਝ ਬਾਬਿਆਂ ਦੀ ਜਾਇਦਾਦ ਦਾ ਵੇਰਵਾ ਹੇਠ ਲਿਖਾ ਛਾਪਿਆ ਸੀ:

ਸ੍ਰੀ ਸਤਿਆ ਸਾਈ ਬਾਬਾ - ਇਸ ਦੀ ਮੌਤ ਅਪ੍ਰੈਲ 2011 ਵਿਚ ਹੋਈ ਸੀ। ਉਸ ਦੀ ਜਾਇਦਾਦ 40,000 ਕਰੋੜ ਰੁਪਏ ਤੋਂ ਉਪਰ ਦੱਸੀ ਗਈ ਹੈ।

ਬਾਬਾ ਰਾਮਦੇਵ - ਉਸ ਅਨੁਸਾਰ ਉਸ ਦੇ 100 ਕਰੋੜ ਤੋਂ ਉਪਰ ਸ਼ਰਧਾਲੂ ਹਨ। ਉਸ ਦੀ ਸਾਲ ਦੀ ਵਿਕਰੀ 1500 ਕਰੋੜ ਤੋਂ 2000 ਕਰੋੜ ਰੁਪਏ ਦੇ ਵਿਚਕਾਰ ਦੱਸੀ ਗਈ ਹੈ। ਉਸ ਦੀ ਸੰਪਤੀ 2000 ਕਰੋੜ ਰੁਪਏ ਤੋਂ ਉਪਰ ਹੈ। ਉਸ ਪਾਸ ਹਰਦਵਾਰ ਵਿਚ 1000 ਏਕੜ, ਸਕਾਟਲੈਂਡ ਵਿਚ ਇਕ ਟਾਪੂ ਜਿਸ ਦਾ ਰਕਬਾ 2000 ਏਕੜ ਅਤੇ ਹਿਮਾਚਲ ਪ੍ਰਦੇਸ਼ ਵਿਚ 40 ਏਕੜ ਜ਼ਮੀਨ ਹੈ।

ਸ੍ਰੀ ਸ੍ਰੀ ਰਵੀ ਸ਼ੰਕਰ - ਉਸ ਦੇ ਲਗਭਗ 300 ਕਰੋੜ ਸ਼ਰਧਾਲੂ 151 ਦੇਸ਼ਾਂ ਵਿਚ ਦੱਸੇ ਗਏ ਹਨ। ਉਸ ਦੀ ਸਲਾਨਾ ਵਿਕਰੀ 1000 ਕਰੋੜ ਰੁਪਏ ਤੋਂ ਉਪਰ ਦੱਸੀ ਗਈ ਹੈ।

ਆਸਾ ਰਾਮ ਬਾਪੂ - ਉਸ ਅਨੁਸਾਰ ਉਸ ਦੇ 20 ਲੱਖ ਤੋਂ ਉਪਰ ਸ਼ਰਧਾਲੂ ਹਨ। ਉਸ ਦੀ ਜ਼ਮੀਨ ਦੀ ਕੀਮਤ ਕਈ ਕਰੋੜਾਂ ਵਿਚ ਦੱਸੀ ਜਾਂਦੀ ਹੈ। ਉਸ ਨੇ ਆਪ ਮੰਨਿਆ ਹੈ ਕਿ ਉਹ "ਕੋਰੜ ਪਤੀ ਹੈ"। ਉਸ ਦੀ ਸਲਾਨਾ ਵਿਕਰੀ 400 ਕਰੋੜ ਰੁਪਏ ਹੈ। ਯਾਦ ਰਹੇ ਇਹ ਬਾਬਾ ਬਣਨ ਤੋਂ ਪਹਿਲਾ ਸੜਕ ਤੇ ਪਾਨ ਬੀੜੀ ਵੇਚਿਆ ਕਰਦਾ ਸੀ।

ਮੁਰਾਰੀ ਬਾਪੂ - ਉਸ ਦੇ 20 ਲੱਖ ਸ਼ਰਧਾਲੂ ਹਨ। ਉਸ ਦੇ ਕਈ ਕਰੋੜ ਪਤੀ ਆਮਬਾਨੀ ਵਰਗੇ ਚੇਲੇ ਹਨ। ਉਸ ਦੀ ਸਾਲ ਦੀ ਵਿਕਰੀ 150 ਕਰੋੜ ਤੋਂ 250 ਕਰੋੜ ਰੁਪਏ ਵਿਚ ਦੱਸੀ ਗਈ ਹੈ।

ਸੁਧਾਨਸ਼ੂ ਮਹਾਰਾਜ - ਇਹ ਦਿੱਲੀ ਵਿਚ ਹੈ। ਉਸ ਦੇ 60 ਲੱਖ ਚੇਲੇ ਹਨ ਅਤੇ ਉਸ ਦੀ ਸਾਲ ਦੀ ਵਿਕਰੀ 350 ਕਰੋੜ ਰੁਪਏ ਤੋਂ ਉਪਰ ਹੈ।

"ਅੰਮਾਂ" ਅਮਰਿਤਾਨੰਦਾਮਈ - ਇਸ ਦੇ ਸ਼ਰਧਾਲੂ ਭਾਰਤ ਤੋਂ ਬਾਹਰਲੇ ਦੇਸ਼ਾਂ ਵਿਚ ਵੀ ਹਨ। ਇਸ ਦੀ ਸੰਪਤੀ 1500 ਕਰੋੜ ਰੁਪਏ ਤੋਂ ਉਪਰ ਹੈ ਅਤੇ ਸਲਾਨਾ ਵਿਕਰੀ 700 ਕਰੋੜ ਤੋਂ 900 ਕਰੋੜ ਰੁਪਏ ਵਿਚਕਾਰ ਹੈ।

ਯਾਦ ਰਹੇ ਇਹ ਅੰਕੜੇ 2011 ਦੇ ਹਨ। ਅੱਜ ਤਾਂ ਉਨ੍ਹਾਂ ਦੀ ਸੰਪਤੀ ਕਿਤੇ ਜ਼ਿਆਦਾ ਹੋ ਗਈ ਹੋਵੇਗੀ।

ਇਹ ਉਹੀ ਬਾਬੇ ਹਨ ਜੋ ਗਰੀਬਾਂ ਨੂੰ ਮਾਇਆ ਦਾ ਮੋਹ ਤਿਆਗ ਕੇ ਮੁਕਤੀ ਦਾ ਰਾਹ ਦਿਖਾਲਦੇ ਹਨ ਪਰ ਆਪ ਉਨ੍ਹਾਂ ਦੀ ਮਾਇਆਂ ਨਾਲ਼ ਰਾਜਿਆਂ ਵਾਲੀ ਜ਼ਿਦਗੀ ਜੀ ਰਹੇ ਹਨ।




ਵਿਗਿਆਨ ਜੋਤ

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/-
✪ ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

# ਆਤਮਾ ਦਾ ਸੰਕਲਪ ਬਨਾਮ ਅਮਰ ਹੋਣ ਦੀ ਅਭਿਲ-ਾਸ਼ਾ



ਅਮਰਜੀਤ ਢਿੱਲੋਂ ਦਬੜੀਖਾਨਾ

ਮਨੁੱਖ ਦੇ ਵਿਚਾਰ , ਇਸਦੀ ਕਲਪਨਾ,ਇਸਦੀ ਹਉਮੈ ਦਿਮਾਗ ਦੇ ਅੰਦਰਲੀ ਉਧੇੜਬੁਣ ਦਾ ਹੀ ਸਿੱਟਾ ਹੁੰਦੇ ਹਨ। ਸਵਾਲ ਉਠਦਾ ਹੈ ਕਿ ਕੀ ਦਿਮਾਗ ਦੇ ਮਿਟ ਜਾਣ ਤੋਂ ਬਾਦ ਇਸ 'ਚੋਂ ਝਾਕਦਾ ਕੁਝ ਵੀ ਪਿੱਛੇ ਰਹਿ ਜਾਂਦਾ ਹੈ? ਅਮਰ ਅਤੇ ਅਮਿਟ ਰਹਿਣ ਦੀ ਮਨੁੱਖ ਦੀ ਆਦਿ ਕਾਲ ਤੋਂ ਪ੍ਰਬਲ ਇੱਛਾ ਰਹੀ ਹੈ। ਮਨੁੱਖ ਸਦਾ ਸਦਾ ਲਈ ਇਥੇ ਰਹਿਣਾ ਚਾਹੁੰਦਾ ਹੈ। ਇਸੇ ਲਈ ਉਸਨੇ ਆਤਮਾ ਦੀ ਕਲਪਨਾ ਕਰਕੇ ਇਹ ਕਬੂਲ ਕਰ ਲਿਆ ਕਿ ਸਰੀਰ ਆਤਮਾ ਦੇ ਰਹਿਣ ਦਾ ਸਥਾਨ ਹੈ। ਉਹ ਆਤਮਾ ਜਿਹੜੀ ਅਮਰ ਹੈ, ਅਮਿੱਟ ਹੈ ਅਤੇ ਅਨੰਤ ਹੈ। ਵਿਗਿਆਨ ਦੁਆਰਾ ਮਨੁੱਖੀ ਜੀਨੋਮ (ਜਨਣ ਤੱਤਾਂ ਦੀ ਬਣਤਰ) ਬਾਰੇ ਜਾਣ ਲੈਣ ਤੋਂ ਬਾਦ ਮਨੁੱਖ ਬਾਰੇ ਨਵੇਂ ਸਿਰੇ ਤੋਂ ਵਿਗਿਆਨਕ ਢੰਗ ਨਾਲ ਸੋਚਣਾ ਸ਼ੁਰੂ ਕੀਤਾ ਗਿਆ ਹੈ। ਮਨੁੱਖ ਦੀ ਸਮੁੱਚੀ ਹੋਂਦ , ਇਸਦੇ ਆਚਰਣ, ਮਨੁੱਖੀ ਭਾਵਨਾਵਾਂ (ਕਿਹੜੇ ਜੀਨੋਮ ਤੱਤਾਂ ਕਾਰਨ ਗੁੱਸਾ , ਖੁਸ਼ੀ ਅਤੇ ਕਰੋਧ ਆਦਿ ਆਦਿ ਆਉਂਦਾ ਹੈ) ਬਾਰੇ ਮਨੋਵਿਗਿਆਨੀਆਂ ਨੇ ਨਵੇਂ ਸਿਰੇ ਤੋਂ ਸੋਚਣਾ ਸ਼ੁਰੂ ਕੀਤਾ ਹੈ। ਮਨੁੱਖ ਦੇ ਦਿਮਾਗ 'ਚ ਪੈਦਾ ਹੁੰਦੀਆਂ ਪਰਵਿਰਤੀਆਂ ਅਤੇ ਮਨੁੱਖੀ ਸੁਭਾਅ ਬਾਰੇ ਦੁਬਾਰਾ ਸੋਚ ਕੇ ਬਹੁਤ ਕੁਝ ਲਿਖਿਆ ਜਾ ਰਿਹਾ ਹੈ। ਪੰਜਾਬੀ ਵਿਚ ਡਾ: ਸੁਰਜੀਤ ਸਿੰਘ 'ਢਿੱਲੋਂ (ਉਘੇ ਜੀਵ ਵਿਗਿਆਨੀ ਲੇਖਕ) ਜੀ ਨੇ ਇਸ ਬਾਰੇ ਕਈ ਕਿਤਾਬਾਂ ਲਿਖੀਆਂ ਹਨ। ਆਪਣੀ ਪ੍ਰਸਿਧ ਕਿਤਾਬ ' ਮਨੁੱਖ' 'ਚ ਉਹ ਲਿਖਦੇ ਹਨ ਕਿ ਰੂਹ ਅਤੇ ਦੇਹ ਵਿਚਕਾਰਲੇ ਅੰਤਰ ਮਿਟਦੇ ਮਿਟਦੇ ਹੁਣ ਲੋਪ ਹੋ ਹੀ ਗਏ ਹਨ। ਰੂਹ (ਆਤਮਾ) ਦਾ ਸਰੀਰ ਨਾਲੋਂ ਨਿਖੜਵੀਂ ਹੋਂਦ ਦਾ ਵਿਚਾਰ ਹੁਣ ਨਿਰਆਧਾਰ ਮੰਨਿਆ ਜਾਣ ਲੱਗਾ ਹੈ। ਨਵੇਂ ਅਪਣਾਏ ਗਿਆਨ ਮੁਤਾਬਿਕ ਇਹ ਵੀ ਮੰਨਿਆ ਗਿਆ ਹੈ ਕਿ ਕਈ ਵੀ ਵਿਅੱਕਤੀ ਆਪਣੇ ਜਨਨ ਤੱਤਾਂ ਤੋਂ ਬਾਹਰੀ ਕਿਸੇ ਵੀ ਹੋਣੀ ਦਾ ਅਧਿਕਾਰੀ ਨਹੀਂ ਹੈ। ਇਹ ਜਨਨ ਤੱਤ ਹੀ ਉਸਦੀ ਕਿਸਮਤ ਉਲੀਕਦੇ ਹਨ ਅਤੇ ਇਹਨਾਂ ਦੇ ਪ੍ਰਗਟਾਵੇ ਹੀ ਉਸਦੀ ਤਕਦੀਰ ਬਣਦੇ ਹਨ।

ਅਸਲ ਵਿਚ ਰੂਹ ਫਾਰਸੀ ਦਾ ਸ਼ਬਦ ਹੈ ਜਿਸਦੇ ਅਰਥ ਹਨ ਸਾਹ। ਜਦ ਮਨੁੱਖ ਅਜੇ ਸੱਭਿਅਤਾ ਦੀ ਪਹਿਲੀ ਸਟੇਜ 'ਤੇ ਸੀ ਸਾਹ ਹੀ ਉਸ ਲਈ ਸਭ ਤੋਂ ਅਹਿਮ ਸਨ। ਉਹ ਵਾਰ ਵਾਰ ਆਪਣੇ ਨਿੱਕੇ ਬੱਚਿਆਂ ਨੂੰ ਦੇਖਦਾ ਸੀ ਕਿ ' ਇਸਦੇ ਸਾਹ ਚੱਲ ਰਹੇ ਹਨ ਕਿ ਨਹੀਂ। ਉਸਨੂੰ ਡਰ ਸਤਾਉਂਦਾ ਰਹਿੰਦਾ ਸੀ ਕਿ ਕਿਤੇ ਸਾਹ ਮੁੱਕ ਨਾ ਜਾਣ। ਇਸ ਲਈ ਪੁਰਾਣੀਆਂ ਪਰੀ ਕਥਾਵਾਂ ਵਿਚ ਜ਼ਿਕਰ ਆਉਂਦਾ ਹੈ ਕਿ ਫਲਾਣੇ ਵਿਅੱਕਤੀ ਦੇ ਸਾਹ ਸਰਾਲ ਪੀ ਗਈ ਅਤੇ ਫਿਰ ਸਰਾਲ ਵਲੋਂ ਇਹ ਸਾਹ ਵਾਪਸ ਕਰਨ ਦਾ ਜ਼ਿਕਰ ਅਨੇਕਾਂ ਕਹਾਣੀਆਂ ਵਿਚ ਆਉਂਦਾ ਹੈ । ਜਦੋਂ ਕਿ ਅੱਜ ਅਸੀਂ ਜਾਣਦੇ ਹਾਂ ਕਿ ਦਿਲ ਦੀ ਧੜਕਣ ਨਾਲ ਲਹੂ ਰਗਾਂ 'ਚ ਦੌੜਦਾ ਹੈ , ਫੇਫੜੇ ਸੁੰਗੜ ਫੈਲ ਕੇ ਸਾਹ ਅੰਦਰ ਬਾਹਰ ਕੱਢਦੇ ਰਹਿੰਦੇ ਹਨ। ਬੀਮਾਰ ਵਿਅੱਕਤੀ ਦੇ ਸਾਹ ਆਕਸੀਜਨ ਲਾ ਕੇ ਵੀ ਕਿੰਨੇ ਦਿਨ ਚਲਦੇ ਰੱਖੇ ਜਾ ਸਕਦੇ ਹਨ। ਇਸੇ ਸਾਹ ਦੀ ਮਹੱਤਤਾ ਨੂੰ ਸਮਝਦਿਆਂ ਪੁਰਾਤਨ ਮਨੁੱਖ ਨੇ ਵਾਰ ਵਾਰ ਸਾਹਾਂ ਦਾ ਜ਼ਿਕਰ ਕੀਤਾ । ਧਾਰਮਿਕ ਲੋਕਾਂ ਨੇ ਇਸ ਨੂੰ ਨਵੀਂ ਰੰਗਤ ਦੇ ਕੇ ਕਿਹਾ ਕਿ ਸਾਹ ਤਾਂ ਵਿਧਮਾਤਾ ਨੇ ਧੁਰੋਂ ਹੀ ਲਿਖ ਕੇ ਭੇਜਦੀ ਹੈ। ਜਿੰਨੇ ਸਾਹ ਲਿਖੇ ਹਨ ਉਸਤੋਂ ਨਾ ਵੱਧ ਨਾ ਘਟ ਮਨੁੱਖ ਸਾਹ ਲੈ ਹੀ ਨਹੀਂ ਸਕਦਾ।

ਹੌਲੀ ਹੌਲੀ ਸਾਹ ਨੂੰ ਰੂਹ ਵਿਚ ਬਦਲ ਦਿਤਾ ਗਿਆ। ਰੂਹ ਆਤਮਾ ਦੇ ਜ਼ਿਕਰ ਤੋਂ ਬਾਦ ਪੁਨਰਜਨਮ ਦਾ ਫਲਸਫਾ ਘੜਿਆ ਗਿਆ। ਜਦੋਂ ਕਿ ਇਸਾਈ ਅਤੇ ਮੁਸਲਮਾਨਾਂ ਵਿਚ ਪੁਨਰ ਜਨਮ ਨਹੀਂ। ਇਸ ਲਈ ਮੁਰਦੇ ਨੂੰ ਸਾੜਦੇ ਨਹੀਂ ਦਫ਼ਨਾਉਂਦੇ ਹਨ। ਉਹਨਾਂ ਦੇ ਪੁਜਾਰੀਆਂ ਨੇ ਕਿਆਮਤ ਦਾ ਫਲਸਫਾ ਘੜ ਲਿਆ। ਕਿਆਮਤ ਭਾਵ ਇਸ ਧਰਤੀ 'ਤੇ ਜ਼ਿੰਦਗੀ ਦਾ ਅੰਤ ਹੋਕੇ ਪਰਲੋ ਆਉਣੀ। ਉਹਨਾਂ ਕਿਹਾ ਕਿਆਮਤ ਦੇ ਦਿਨ ਸਾਰੇ ਮੁਰਦੇ ਕਬਰਾਂ 'ਚੋਂ ਨਿਕਲ ਕੇ ਖੜ੍ਹੇ ਹੋ ਜਾਣਗੇ ਅਤੇ ਖ਼ੁਦਾ, ਰੱਬ, ਗੌਡ ਉਹਨਾਂ ਤੋਂ ਕਰਮਾਂ ਦਾ ਹਿਸਾਬ ਲਵੇਗਾ। ਹਿੰਦੂ ਮਿਥਿਆਲੋਜੀ ਵਿਚ ਰੂਹ ਰਾਹੀਂ ਪੁਨਰ ਜਨਮ ਦਾ ਸਿਧਾਂਤ ਘੜ ਕੇ ਦਾਨ ਪੁੰਨ 'ਤੇ ਜੋਰ ਦਿਤਾ ਗਿਆ ਤਾਂ ਕਿ ਮਰਨ ਤੋਂ ਬਾਦ ਵਿਅੱਕਤੀ ਦੀ ਰੂਹ ਕਿਸੇ ਚੰਗੇ ਅਮੀਰ ਆਦਮੀ (ਰਾਜੇ ਵਜ਼ੀਰ) ਦੇ ਘਰ ਜਨਮ ਲਵੇਗੀ। ਇਥੇ ਚੰਗਾ ਅਮੀਰਾਂ ਅਤੇ ਰਾਜਿਆਂ ਨੂੰ ਹੀ ਕਿਹਾ ਗਿਆ ਹੈ। ਤਾਹੀਂ ਕਹਿੰਦੇ ਹਨ ਕਿ 'ਤਪੋਂ ਰਾਜ ਰਾਜੋਂ ਨਰਕ'। ਭਾਵ ਰਾਜ ਤਪ ਕਰਕੇ ਮਿਲਦਾ ਹੈ । ਅੱਜ ਸਾਰੇ ਹੀ ਜਾਣਦੇ ਹਾਂ ਕਿ ਮੌਜੂਦਾ ਰਾਜਿਆਂ ਨੇ (ਮੋਦੀ ਬਾਦਲ ਅਤੇ ਅੰਬਾਨੀ, ਟਾਟੇ ਬਿਰਲੇ) ਕਿਹੋ ਜਿਹਾ ਤਪ ਕੀਤਾ ਹੈ ਅਤੇ ਕਿਹੋ ਜਿਹਾ ਕਰੀ ਜਾ ਰਹੇ ਹਨ।

ਅਸਲ ਵਿਚ ਹਰ ਧਰਮ , ਮਜ਼ਹਬ ਡਰ ਦਾ ਬਿਜ਼ਨਿਸ ਕਰਦਾ ਹੈ। ਕਿਰਤੀ ਮਨੁੱਖ ਦੀ ਕਿਰਤ ਲੁੱਟਣ ਵਾਸਤੇ ਉਸਨੂੰ ਡਰਾਉਣਾ (ਨਰਕਾਂ ਅਤੇ ਮਾੜੀਆਂ ਜੂਨਾਂ ਦਾ ਡਰ) ਅਤੇ ਲਾਲਚ ਦੇਣਾ (ਸੁਰਗ ਅਤੇ ਅਮੀਰਾਂ ਦੇ ਘਰ ਜਨਮ ਦਾ ਲਾਲਚ) ਜ਼ਰੂਰੀ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਸਾਡਾ ਦਿਮਾਗ ਸਾਡੇ ਸਰੀਰ ਦਾ ਅਨਿਖੜਵਾਂ ਅੰਗ ਹੈ। ਇਸ ਦਿਮਾਗ ਵਿਚ ਮਨ ਵਿਕਸਤ ਹੁੰਦਾ ਹੈ। ਜਮਾਂਦਰੂ ਬੱਚੇ ਦਾ ਦਿਮਾਗ ਕੋਰੀ ਸਲੇਟ ਹੁੰਦਾ ਹੈ । ਜਿਵੇਂ ਜਿਵੇਂ ਦਿਮਾਗ ਕ੍ਰਿਆ ਕਰਦਾ ਹੈ ਤਾਂ ਮਨ ਵਿਕਸਤ ਹੋਣ ਲਗਦਾ ਹੈ । ਜਦੋਂ ਕੋਈ ਵਿਅੱਕਤੀ ਕਹਿੰਦਾ ਹੈ ਕਿ ਮੇਰੀ ਜ਼ਮੀਰ ਨਹੀਂ ਮੰਨਦੀ ਜਾਂ ਜਿਉਂਦੀ, ਜਾਗਦੀ ਜ਼ਮੀਰ ਅਤੇ ਮਰੀ ਜ਼ਮੀਰ ਦਾ ਜ਼ਿਕਰ ਹੁੰਦਾ ਹੈ ਤਾਂ ਇਥੇ ਵੀ ਭਾਵ ਮਨ ਤੋਂ ਹੀ ਹੁੰਦਾ ਹੈ। ਵੈਸੇ ਤਾਂ ਸਾਡਾ ਸਾਰਾ ਸਰੀਰ ਹੀ ਪਦਾਰਥ ਦਾ ਬਣਿਆ ਹੋਇਆ ਹੈ ਪਰ ਦਿਮਾਗ ਪਦਾਰਥ ਦਾ ਸਭ ਤੋਂ ਸੁਧਰਿਆ ਹੋਇਆ ਰੂਪ ਹੈ।

ਅਸਲ ਗੱਲ ਇਹ ਹੈ ਕਿ ਜੋ ਉਪਜਿਆ ਸੋ ਬਿਨਸ ਹੈ। ਇਹ ਸਰੀਰ, ਮਨ ਆਤਮਾ ਜੋ ਵੀ ਨਾਮ ਅਸੀਂ ਦੇ ਲਈ ਸਭ ਬਿਨਸਣ ਹਾਰੇ ਹਨ। ਹਾਂ ਇਕ ਗੱਲ ਹੈ ਕਿ ਰਹਿੰਦੇ ਵੀ ਹਾਂ ਅਸੀਂ ਹਮੇਸ਼ਾ, ਪਰ ਰੂਪ ਬਦਲ ਕੇ। ਜਿਵੇਂ ਸਾਡੇ ਪੂਰਵਜ ਆਪਣੇ ਜੀਨੋਮ ਤੱਤਾਂ ਰਾਹੀਂ ਸਾਡੇ 'ਚ ਜੀ ਰਹੇ ਹਨ ਅਤੇ ਇਸ ਤਰ੍ਹਾਂ ਅਸੀਂ ਆਪਣੇ ਬੱਚਿਆਂ 'ਚ ਜਿਉਂਦੇ ਰਹਾਂਗੇ। ਵਿਗਿਆਨੀਆਂ ਅਨੁਸਾਰ 13 ਪੀੜ੍ਹੀ ਤਕ ਮਨੁੱਖ ਦੇ ਨੈਣ ਨਕਸ਼ ਹੂ ਬ ਹੂ ਅਗਲੀ ਪੀੜ੍ਹੀ 'ਚ ਮਿਲ ਸਕਦੇ ਹਨ। ਜ਼ਿੰਦਗੀ ਰੂਪ ਬਦਲ ਬਦਲ ਕੇ ਹਮੇਸ਼ਾ ਕਾਇਮ ਰਹਿੰਦੀ ਹੈ। 'ਜ਼ਿੰਦਗੀ ਖਤਮ ਨਾ ਹੋਂਵਦੀ, ਲੱਗਣ ਨਹੀਂ ਬਰੇਕ। ਇਕ ਰੁੱਖ ਬੀਜ ਹਜਾਰ ਦੇ ਬਦਲੇ ਰੰਗ ਅਨੇਕ। ਅਸੀਂ ਵੀ ਹੈ ਮਰ ਜਾਵਣਾ ਆਪਣੇ ਪਿਤਰਾਂ ਵਾਂਗ, ਔਲਾਦ ਅਸਾਡੀ ਪੁਟੇਗੀ ਅੱਗੇ ਹੋਰ ਪੁਲਾਂਘ। ਜੱਗ ਰਚਨਾ ਸਭ ਸੱਚ ਹੈ, ਝੂਠ ਨਾ ਇਸਦੇ ਗੀਤ ,ਇਹ ਰਚਨਾ ਥਿਰ ਰਹੇਗੀ ਅਸੀਂ ਜਾਵਾਂਗੇ ਬੀਤ।' ਅਸੀਂ ਅਮਰ ਰਹਿਣ ਦੀ ਆਪਣੀ ਅਭਿਲਾਸ਼ਾ ਆਪਣੇ ਕੰਮਾਂ ਰਾਹੀਂ ਪੂਰੀ ਕਰ ਸਕਦੇ ਹਾਂ, ਆਤਮਾ ਦੀ ਝੂਠੀ ਕਲਪਨਾ ਕਰਕੇ ਅਸੀਂ ਸਰੀਰਕ ਤੌਰ 'ਤੇ ਇਸ ਧਰਤੀ 'ਤੇ ਹਮੇਸ਼ਾ ਨਹੀਂ ਰਹਿ ਸਕਦੇ। ਜਿੰਨੀ ਜਲਦੀ ਇਹ ਸੱਚ ਜਾਣ ਜਾਵਾਂਗੇ ਉਨੀ ਜਲਦੀ ਹੀ ਅਸੀਂ ਆਪਣੇ ਮਨ ਤੋਂ ਭਾਰ-ਮੁਕਤ ਹੋ ਜਾਵਾਂਗੇ।

**-ਅਮਰਜੀਤ ਢਿੱਲੋਂ 94171 20427**

# ਜਾਦੂ ਦੇ ਟਰਿੱਕ

ਸਰਜੀਤ ਤਲਵਾਰ





## ਰਾਖ ਕਰੇ ਕਮਾਲ

ਇਹ ਟਰਿੱਕ ਹੈਰਾਨ ਕਰ ਦੇਣ ਵਾਲਾ ਟਰਿੱਕ ਹੈ। ਸਭ ਤੋਂ ਪਹਿਲਾਂ ਇਕ ਦਰਸ਼ਕ ਨੂੰ ਜਾਦੂਗਰ ਸਟੇਜ਼ ਤੇ ਬੁਲਾਉਂਦਾ ਹੈ। ਇਹ ਦਰਸ਼ਕ ਜਾਦੂਗਰ ਦੇ ਸਹਿਯੋਗੀ ਨੂੰ ਕਿਸੇ ਸ਼ਹਿਰ ਦਾ ਨਾਮ ਦੱਸਦਾ ਹੈ ਅਤੇ ਜਾਦੂਗਰ ਦਾ ਸਹਿਯੋਗੀ ਉਸ ਦਰਸ਼ਕ ਦੁਆਰਾ ਦੱਸੇ ਨਾਮ ਨੂੰ ਇਕ ਕਾਗਜ਼ ਦੇ ਉੱਪਰ ਲਿਖ ਕੇ ਲਿਫ਼ਾਫ਼ੇ ਦੇ ਅੰਦਰ ਬੰਦ ਕਰ ਦਿੰਦਾ ਹੈ। ਇਸੇ ਤਰ੍ਹਾਂ ਕਈ ਦਰਸ਼ਕ ਸ਼ਹਿਰਾਂ ਦੇ ਨਾਮ ਦੱਸਦੇ ਹਨ ਅਤੇ ਸਹਿਯੋਗੀ ਸਾਰੇ ਦਰਸ਼ਕਾਂ ਦੁਆਰਾ ਦੱਸੇ ਨਾਮ ਕਾਗਜ਼ ਉੱਪਰ ਲਿਖ ਲਿਫ਼ਾਫ਼ੇ ਦੇ ਅੰਦਰ ਪਾਉਂਦਾ ਜਾਂਦਾ ਹੈ। ਇਸ ਤੋਂ ਬਾਅਦ ਇਕ ਲਿਫ਼ਾਫ਼ਾ ਜਾਦੂਗਰ ਚੁੱਕਦਾ ਹੈ ਅਤੇ ਉਸਨੂੰ ਮਚਾ ਦਿੰਦਾ ਹੈ ਅਤੇ ਉਸ ਦੀ ਰਾਖ ਆਪਣੀ ਬਾਂਹ ਤੇ ਮਲ ਲੈਂਦਾ ਹੈ ਅਤੇ ਉਸ ਉੱਪਰ ਕਿਸੇ ਸ਼ਹਿਰ ਦਾ ਨਾਮ ਉਭਰ ਆਉਂਦਾ ਹੈ ਅਤੇ ਜਿਸ ਦਰਸ਼ਕ ਨੇ ਉਹ ਨਾਮ ਲਿਖਾ ਕੇ ਲਿਫ਼ਾਫ਼ੇ ਵਿਚ ਬੰਦ ਕਰਾਇਆ ਹੁੰਦਾ ਹੈ ਜਾਦੂਗਰ ਦੀ ਪ੍ਰਸ਼ੰਸਾ ਕਰਦਾ ਹੈ।

**ਜਾਦੂ ਦਾ ਸਾਮਾਨ** : ਸਾਬਣ, ਮੋਮਬੱਤੀ, ਮਾਚਿਸ, ਕਾਗਜ਼, ਲਿਫ਼ਾਫ਼ੇ, ਇਕ ਵਿਸ਼ੇਸ਼ ਸਹਿਯੋਗੀ।

**ਜਾਦੂ ਦੀ ਤਿਆਰੀ** : ਸਭ ਤੋਂ ਪਹਿਲਾਂ ਤੁਸੀਂ ਆਪਣੀ ਜਿਸ ਬਾਂਹ ਦੇ ਉੱਪਰ ਨਾਮ ਦਰਸ਼ਕਾਂ ਨੂੰ ਦਿਖਾਉਣਾ ਹੈ ਉਸ ਦੇ ਬਾਲ ਸਾਫ ਕਰੋ। ਫਿਰ ਉਸ ਥਾਂ ਤੇ ਸਾਬਣ ਨੂੰ ਗਿਲਾ ਕਰਕੇ ਕਿਸੇ ਸ਼ਹਿਰ ਦਾ ਨਾਮ ਲਿਖੋ ਜਿਵੇਂ ਕਨੇਡਾ ਆਦਿ। ਇਸ ਨਾਮ ਨੂੰ ਸੁੱਕ ਜਾਣ ਦਿਓ ਅਤੇ ਨਾਲ ਹੀ ਇਹ ਨਾਮ ਆਪਣੇ ਉਸ ਵਿਸ਼ੇਸ਼ ਸਹਿਯੋਗੀ ਨੂੰ ਦੱਸ ਦੇਵੋ ਜੋ ਜਾਦੂ ਸ਼ੁਰੂ ਹੋਣ ਤੋਂ ਪਹਿਲਾਂ ਦਰਸ਼ਕਾਂ ਦੇ ਵਿਚ ਬੈਠ ਜਾਵੇਗਾ।

**ਜਾਦੂ ਦਾ ਪ੍ਰਦਰਸ਼ਨ** : ਸਭ ਤੋਂ ਪਹਿਲਾਂ ਕਹੋ ਕਿ ਤੁਸੀਂ ਦਰਸ਼ਕਾਂ ਨੂੰ ਰਾਖ ਦਾ ਜਾਦੂ ਦਿਖਾਉਣ ਜਾ ਰਹੇ ਹੋ। ਇਸ ਤੋਂ ਬਾਅਦ ਤੁਸੀਂ ਕਿਸੇ ਇਕ ਦਰਸ਼ਕ ਨੂੰ ਸਟੇਜ਼ ਉੱਪਰ ਆਉਣ ਦੇ ਲਈ ਕਹੋ ਬਹੁਤ ਸਾਰੇ ਦਰਸ਼ਕ ਆਉਣ ਲਈ ਤਿਆਰ ਹੋਣਗੇ। ਪਰ ਤੁਸੀਂ ਆਪਣੇ ਸਹਿਯੋਗੀ ਨੂੰ ਹੀ ਬੁਲਾਉਗੇ। ਉਹ ਸ਼ਹਿਰ ਦਾ ਨਾਮ ਤੁਹਾਡੇ ਦੂਸਰੇ ਸਹਿਯੋਗੀ ਨੂੰ ਦੱਸ ਦੇਵੇਗਾ ਅਤੇ ਉਹ ਇਹ ਨਾਮ ਲਿਖ ਕੇ ਕਾਗਜ਼ ਲਿਫ਼ਾਫ਼ੇ ਵਿਚ ਪਾ ਦੇਵੇਗਾ। ਇਸੇ ਤਰ੍ਹਾਂ ਕੁਝ ਹੋਰ ਦਰਸ਼ਕ ਤੁਹਾਡੇ ਸਹਿਯੋਗੀ ਨੂੰ ਵੱਖ-ਵੱਖ ਸ਼ਹਿਰਾਂ ਦੇ ਨਾਮ ਦੱਸਣਗੇ ਅਤੇ ਉਹ ਇਨ੍ਹਾਂ ਸਾਰੇ ਨਾਮਾਂ ਦੀ ਥਾਂ ਸਿਰਫ ਉਹੀ ਨਾਮ ਲਿਖੇਗਾ ਜੋ ਤੁਹਾਡੇ ਪਹਿਲੇ ਸਹਿਯੋਗੀ ਤੁਹਾਡੇ ਮੂਹਰੇ ਅਨੇਕਾਂ ਲਿਫ਼ਾਫ਼ੇ ਕਰਦਾ ਹੈ ਅਤੇ ਤੁਸੀਂ ਉਨ੍ਹਾਂ ਵਿਚੋਂ ਇਕ ਚੁਣ ਲੈਂਦੇ ਹੋ ਅਤੇ ਮੋਮਬੱਤੀ ਦੁਆਰਾ ਜਲਾ ਦਿੰਦੇ ਹੋ ਅਤੇ ਇਸ ਤਰ੍ਹਾਂ ਜੋ ਰਾਖ ਬਣਦੀ ਹੈ ਨੂੰ ਆਪਣੀ ਬਾਂਹ ਦੇ ਉੱਪਰ ਲਗਾ ਲੈਂਦੇ ਹੋ ਜਿਸ ਨਾਲ ਤੁਹਾਡੀ ਬਾਂਹ ਦੇ ਉੱਪਰ ਸਾਬਣ ਦੇ ਘੋਲ ਦੁਆਰਾ ਲਿਖਿਆ ਨਾਮ ਸਾਫ-ਸਾਫ ਨਜ਼ਰ ਆਉਣ ਲੱਗ ਜਾਂਦਾ ਹੈ। ਤੁਸੀਂ ਇਸ ਤੋਂ ਬਾਅਦ ਉਸ ਦਰਸ਼ਕ ਨੂੰ ਖੜ੍ਹਾ ਹੋਣ ਲਈ ਆਖਦੇ ਹੋ ਜਿਸ ਨੇ ਇਹ ਨਾਮ ਲਿਖਿਆ ਹੈ ਤਾਂ ਉਹ ਦਰਸ਼ਕ (ਤੁਹਾਡਾ ਪਹਿਲਾ ਸਹਿਯੋਗੀ) ਖੜ੍ਹਾ ਹੋ ਜਾਂਦਾ ਹੈ ਅਤੇ ਦਰਸ਼ਕ ਤੁਹਾਡੀ ਪ੍ਰਸ਼ੰਸਾ ਕਰਦੇ ਹਨ।

## 1,2,3 ਅਤੇ ਲੜਕੀ ਗਾਇਬ

ਇਹ ਬਹੁਤ ਹੀ ਹੈਰਾਨੀ ਵਾਲਾ ਟਰਿੱਕ ਹੈ। ਜਾਦੂਗਰ ਕਿਸੇ ਕੁੜੀ ਨੂੰ ਕੁਰਸੀ ਤੇ ਬਿਠਾਉਂਦਾ ਹੈ ਉਸ ਦੇ ਅੱਗੇ ਇਕ ਪਰਦਾ ਖਿੱਚ ਦਿੰਦਾ ਹੈ ਅਤੇ ਕੁਝ ਮੰਤਰਾਂ ਦਾ ਉਦਾਹਰਨ ਕਰਦਾ ਹੈ ਅਤੇ ਪਰਦਾ ਪਰ੍ਹੇ ਕਰਦਾ ਹੈ ਤਾਂ ਲੜਕੀ ਕੁਰਸੀ ਤੋਂ ਗਾਇਬ ਹੋ ਜਾਂਦੀ ਹੈ।

ਜਾਦੂ ਦਾ ਸਾਮਾਨ : ਇਕ ਵਿਸ਼ੇਸ਼ ਪ੍ਰਕਾਰ ਦੀ ਕੁਰਸੀ, ਪਰਦਾ, ਕੁਰਸੀ ਦੀ ਪਿੱਠ ਦੇ ਪਿੱਛੇ ਇਕ ਲੈਂਪ ਜੋ ਜਾਲੀ ਦਾਰ ਕੱਪੜੇ ਦ ਨਾਲ ਢੱਕਿਆ ਹੋਵੇਗਾ। ਹੁਣ ਇਹ ਥੋਡੇ ਉੱਪਰ ਨਿਰਭਰ ਕਰਦਾ ਹੈ ਕਿ ਤੁਸਹਏ ਇਸ ਟਰਿੱਕ ਦੇ ਲਈ ਕਿੰਨੀ ਮਿਹਨਤ ਕਰਦੇ ਹੋ।

ਜਾਦੂ ਦੀ ਤਿਆਰੀ : ਇਸ ਵਿਸ਼ੇਸ਼ ਪ੍ਰਕਾਰ ਦੀ ਕੁਰਸੀ ਦੀ ਖਾਸੀਅਤ ਇਹ ਹੋਵੇਗੀ ਕਿ ਤੁਸੀਂ ਉਸ ਦੀ ਸੀਟ ਨੂੰ ਹੇਠਾਂ ਡੇਗ ਸਕਦੇ ਹੋ। ਨਾਲ ਜਿਸ ਸਟੇਜ਼ ਤੇ ਤੁਸੀਂ ਇਹ ਟਰਿੱਕ ਦਿਖਾਉਣਾ ਹੈ ਉਥੇ ਕੁਰਸੀ ਦੇ ਨੀਚੇ ਇਕ ਟੋਆ ਬਣਾ ਲਵੋ ਜਿਸ ਦੇ ਵਿਚ ਕੋਈ ਵੀ ਲੜਕੀ ਅਸਾਨੀ ਨਾਲ ਜਾ ਸਕਦੀ ਹੈ ਇਸ ਦੇ ਉੱਪਰ ਇਕ ਫੱਟਾ ਵੀ ਫਿੱਟ ਕਰਨਾ ਚਾਹੀਦਾ ਹੈ ਜੋ ਲੋੜ ਪੈਣ ਤੇ ਉੱਪਰ ਅਤੇ ਥੱਲੇ ਕੀਤਾ ਜਾ ਸਕਦਾ ਹੈ ਇਸ ਦੇ ਉੱਪਰ ਇਕ ਫੱਟਾ ਵੀ ਫਿੱਟ ਕਰਨਾ ਚਾਹੀਦਾ ਹੈ ਜੋ ਲੋੜ ਪੈਣ ਤੇ ਉੱਪਰ ਅਤੇ ਥੱਲੇ ਕੀਤਾ ਜਾ ਸਕਦਾ ਹੋਵੇ। ਇਸ ਫੱਟੇ ਦੇ ਉੱਪਰ ਫਰਸ਼ ਵਾਲਾ ਡਿਜ਼ਾਇਨ ਹੀ ਅੰਕਿਤ ਕਰੋ ਅਤੇ ਇਸ ਦੀ ਬਣਾਵਟ ਇਸ ਤਰ੍ਹਾ ਦੀ ਬਣਾਓ ਕਿ ਦੇਖਣ ਤੇ ਕੁਝ ਪਤਾ ਨਾ ਲੱਗੇ। ਕੁਰਸੀ ਦੀ ਸੀਟ ਇਕਦਮ ਇਸ ਟੋਏ ਦੇ ਉੱਪਰ ਹੋਣੀ ਚਾਹੀਦੀ ਹੈ।

ਜਾਦੂ ਦਾ ਪ੍ਰਦਰਸ਼ਨ : ਲੜਕੀ ਨੂੰ ਕੁਰਸੀ ਉੱਪਰ ਬਿਠਾ ਦੇਵੋ ਅਤੇ ਲੜਕੀ ਨੂੰ ਸਮੇਤ ਲੈਂਪ ਦੇ ਕੱਪੜੇ ਦੇ ਨਾਲ ਜਾਂ ਪਰਦੇ ਦੇ ਨਾਲ ਢੱਕ ਦੇਵੋ ਇਸ ਤੋਂ ਬਾਅਦ One, two, there ਕਹੋ ਇਸ ਸਮੇਂ ਦੇ ਵਿਚਕਾਰ ਲੜਕੀ ਕੁਰਸੀ ਦੀ ਸੀਟ ਤੋਂ ਟੋਏ ਦੇ ਵਿਚ ਚਲੀ ਜਾਣੀ ਚਾਹੀਦੀ ਹੈ ਕਿਉਂਕਿ ਪਰਦਾ ਲੈਂਪ ਦੇ ਉੱਪਰ ਲਪੇਟਿਆ ਹੋਵੇਗਾ ਇਸ ਲਈ ਕਿਸੇ ਪ੍ਰਕਾਰ ਦੀ ਹਿਲਜੁਲ ਨਹੀਂ ਹੋਵੇਗੀ। One, two, there ਕਹਿਣ ਤੋਂ ਬਾਅਦ ਤੁਸੀਂ ਕੱਪੜਾ ਜਾਂ ਪਰਦਾ ਪਰ੍ਹਾਂ ਕਰ ਦੇਵੋ। ਖਾਲੀ ਕੁਰਸੀ ਦੇਖ ਕੇ ਦਰਸ਼ਕ ਹੈਰਾਨ ਰਹਿ ਜਾਣਗੇ। ਫਿਰ ਪਰਦੇ ਨੂੰ ਕੁਰਸੀ ਦੇ ਚਾਰੇ ਪਾਸੇ ਪਹਿਲਾਂ ਦੀ ਤਰ੍ਹਾਂ ਲਪੇਟ ਦੇਵੋ। ਇਸ ਵਾਰ ਲੜਕੀ ਟੋਏ ਦੇ ਅੰਦਰੋਂ ਨਿਕਲ ਕੇ ਕੁਰਸੀ ਤੇ ਬੈਠ ਜਾਵੇਗੀ। ਤੁਸੀਂ One, two, there ਕਰੋ ਅਤੇ ਪਰਦਾ ਪਰ੍ਹਾਂ ਕਰੋ ਲੜਕੀ ਨੂੰ ਫਿਰ ਕੁਰਸੀ ਉੱਪਰ ਦੇਖ ਕੇ ਦਰਸ਼ਕ ਹੈਰਾਨ ਤਾਂ ਹੋਣਗੇ ਹੀ ਅਤੇ ਤਾੜੀਆਂ ਵੀ ਪਾਉਣਗੇ।

ਇਸ ਟਰਿੱਕ ਦੇ ਲਈ ਕਿਸੇ ਲੜਕੀ ਨੂੰ ਵਿਸ਼ੇਸ਼ ਸਿਖਲਾਈ ਪ੍ਰਦਾਨ ਕਰੋ ਅਤੇ ਟੋਏ ਦੇ ਅੰਦਰ ਕੋਈ ਨਰਮ ਚੀਜ਼ ਜ਼ਰੂਰ ਰੱਖੋ ਤਾਂ ਜੋ ਟੋਏ ਅੰਦਰ ਡਿੱਗਦੇ ਸਮੇਂ ਕਿਸੇ ਸੱਟ ਦੇ ਲੱਗਣ ਦਾ ਡਰ ਨਾ ਰਹੇ।

## ਤਾਸ਼ ਦੇ ਪੱਤੇ ਦਾ ਉੱਪਰ ਵੱਲ ਉਠਣਾ

ਤਾਸ਼ ਦਾ ਆਪਣੇ-ਆਪ ਉੱਪਰ ਵੱਲ ਉਠਣਾ ਕੁਝ ਹੈਰਾਨ ਕਰ ਦੇਣ ਵਾਲੀ ਗੱਲ ਹੈ ਪਰ ਇਕ ਜਾਦੂਗਰ ਕੱਚ ਦੇ ਗਿਲਾਸ ਦੇ ਅੰਦਰ ਤਾਸ਼ ਨੂੰ ਪਾ ਦਿੰਦਾ ਹੈ ਅਤੇ ਤਾਸ਼ ਨੂੰ ਉਂਗਲ ਦੇ ਨਾਲ ਹੇਠਾਂ ਦਬਾਇਆ ਜਾਂਦਾ ਹੈ ਪਰ ਤਾਸ਼ ਉੱਪਰ ਇਸ ਤਰ੍ਹਾਂ ਆ ਜਾਂਦੀ ਹੈ ਜਿਵੇਂ ਉਸ ਦੇ ਥੱਲੇ ਸਪਰਿੰਗ ਲੱਗਿਆ ਹੋਵੇ।

ਜਾਦੂ ਦਾ ਸਾਮਾਨ : ਕੱਚ ਦਾ ਗਿਲਾਸ, ਸਾਬਣ, ਇਕ ਚਾਕੂ ਅਤੇ ਤਾਸ਼ ਦਾ ਪੱਤਾ।



ਜਾਦੂ ਦੀ ਤਿਆਰੀ : ਤੁਸੀਂ ਕੱਚ ਦੇ ਜਿਸ ਗਿਲਾਸ ਦੇ ਵਿਚ ਤਾਸ਼ ਦਾ ਪੱਤਾ ਰੱਖਣਾ ਹੈ ਉਸ ਦੇ ਅੰਦਰ ਹੀ ਪਹਿਲਾਂ ਤੋਂ ਸਾਬਣ ਦੇ ਨਾਲ ਦੋ ਰੇਖਾਵਾਂ ਜੋ ਖੜਵੀਂ ਸ਼ੇਪ ਦੀਆਂ ਹੋਣ ਖਿੱਚਣੀਆਂ ਹਨ। ਹੁਣ ਤਿਆਰ ਗਿਲਾਸ ਦੇ ਅੰਦਰ ਤਾਸ਼ ਦਾ ਪੱਤਾ ਪਾਓ ਅਤੇ ਦੱਬੋ ਪਰ ਇਹ ਤਾਸ਼ ਦਾ ਪੱਤਾ ਸਾਬਣ ਦੇ ਕਾਰਨ ਉੱਪਰ ਹੀ ਵਾਪਸ ਆ ਜਾਵੇਗਾ। ਸਾਬਣ ਦੀਆਂ ਰੇਖਾਵਾਂ ਇਸ ਢੰਗ ਨਾਲ ਖਿੱਚੀਆਂ ਜਾਣੀਆਂ ਚਾਹੀਦੀਆਂ ਹਨ ਕਿ ਉਹ ਦੂਰ ਬੈਠੇ ਦਰਸ਼ਕਾਂ ਨੂੰ ਦਿਖਾਈ ਨਾ ਦੇਣ।

ਜਾਦੂ ਦਾ ਪ੍ਰਦਰਸ਼ਨ : ਤੁਸੀਂ ਬੜੇ ਹੀ ਨਾਟਕੀ ਅੰਦਾਜ਼ ਦੇ ਵਿਚ ਆਖੋਗੇ ਕਿ ਤੁਸੀਂ ਹੁਣ ਇਕ ਅਜਿਹਾ ਟਰਿੱਕ ਕਰਨ ਜਾ ਰਹੇ ਹੋ ਜੋ ਸਾਰੇ ਟਰਿੱਕਾਂ ਤੋਂ ਵੱਖਰਾ ਹੈ ਅਤੇ ਦਿਲ ਨੂੰ ਆਪਣੇ ਵੱਲ ਖਿੱਚਣ ਵਾਲਾ। ਫਿਰ ਤੁਸੀਂ ਕਹੋ ਕਿ ਮੈਂ ਹੁਣ ਗਿਲਾਸ ਦੇ ਵਿਚ ਇਕ ਤਾਸ਼ ਦਾ ਪੱਤਾ ਪਾਵਾਂਗਾ ਅਤੇ ਇਹ ਤਾਸ਼ ਦਾ ਪੱਤਾ ਆਪਣੇ ਆਪ ਮੇਰੇ ਦੁਆਰਾ ਉਂਗਲ ਨਾਲ ਦਬਾਉਣ ਤੇ ਵੀ ਉੱਪਰ ਹੀ ਉਠੇਗਾ ਜਿਵੇਂ ਕੋਈ ਸਪਰਿੰਗ ਇਸ ਨੂੰ ਉੱਪਰ ਧੱਕ ਰਿਹਾ ਹੋਵੇ। ਤੁਸੀਂ ਕਿਸੇ ਦਰਸ਼ਕ ਨੂੰ ਸਟੇਜ਼ ਤੇ ਬੁਲਾਓ ਅਤੇ ਉਸਨੂੰ ਤਾਸ਼ ਦਾ ਇਕ ਪੱਤਾ, ਤਾਸ਼ ਦੀ ਗੁੱਟੀ ਵਿਚੋਂ ਦੇਣ ਦੇ ਲਈ ਕਹੋ। ਦਰਸ਼ਕ ਚੰਗੀ ਤਰ੍ਹਾ ਤਾਸ਼ ਫੈਂਟ ਕੇ ਤੁਹਾਨੂੰ ਇਕ ਪੱਤਾ ਦਿੰਦਾ ਹੈ। ਹੁਣ ਤੁਸੀਂ ਤਾਸ਼ ਦਾ ਪੱਤਾ ਗਿਲਾਸ ਦੇ ਵਿਚ ਪਾਉਂਦੇ ਹੋ ਜੋ ਆਪਣੇ-ਆਪ ਉੱਪਰ ਆ ਜਾਂਦਾ ਹੈ। ਤੁਸੀਂ ਇਸ ਨੂੰ ਜਿੰਨੀ ਵਾਰ ਦਬਾਓਗੇ ਉਹ ਉਨੀ ਹੀ ਵਾਰ ਉੱਪਰ ਉੱਠ ਜਾਵੇਗਾ। ਸਾਰੇ ਦਰਸ਼ਕ ਹੈਰਾਨੀ ਨਾਲ ਦੇਖਦੇ ਹੋਏ ਤੁਹਾਡੀ ਪ੍ਰਸੰਸਾ ਦੇ ਵਿਚ ਤਾੜੀਆਂ ਵਜਾਉਣਗੇ।



## ਭੇਦ ਪੱਤੇ ਦਾ

ਬਿਨਾਂ ਦੇਖੇ ਤਾਸ਼ ਦਾ ਪੱਤਾ ਦੱਸਣਾ ਅਤੇ ਉਹੀ ਪੱਤਾ ਇਕ ਬੰਦ ਲਿਫ਼ਾਫ਼ੇ ਵਿਚੋਂ ਕੱਢਣਾ, ਇਕ ਅਸੰਭਵ ਜਿਹੀ ਗੱਲ ਲੱਗਦੀ ਹੈ ਪਰ ਤੁਸੀਂ ਇਸ ਖੇਲ ਨੂੰ ਅਸਾਨੀ ਨਾਲ ਕਰ ਸਕਦੇ ਹੋ ਅਤੇ ਪ੍ਰਸੰਸਾ ਦੇ ਪਾਤਰ ਬਣ ਸਕਦੇ ਹੋ।

ਜਾਦੂ ਦਾ ਸਾਮਾਨ : ਇਕ ਲਿਫ਼ਾਫ਼ਾ, ਤਾਸ਼ ਦੀਆਂ ਦੋ ਗੁੱਟੀਆਂ, ਅਤੇ ਦੋ ਟੋਪ।

ਜਾਦੂ ਦੀ ਤਿਆਰੀ : ਤਾਸ਼ ਦੀਆਂ ਦੋ ਗੁੱਟੀਆਂ, ਜਿਸ ਦੇ ਵਿਚੋਂ ਇਕ ਗੁੱਟੀ ਆਮ ਤਾਸ਼ ਵਰਗੀ ਹੀ ਹੋਵੇ ਅਤੇ ਦੂਸਰੀ ਗੁੱਟੀ ਦੇ ਸਾਰੇ ਪੱਤੇ ਇਕ ਹੀ ਕਿਸਮ ਦੇ ਹੋਣ। ਦੋ ਟੋਪ, ਜਿਨ੍ਹਾਂ ਦੇ ਵਿਚੋਂ ਇਕ ਆਮ ਟੋਪ ਹੀ ਹੋਵੇ ਅਤੇ ਦੂਸਰੇ ਟੋਪ ਦੇ ਅੰਦਰ ਜ਼ੇਬ ਹੋਵੇ ਜਿਸ ਦੇ ਵਿਚ ਤਾਸ਼ ਦੀ ਪੂਰੀ ਗੁੱਟੀ ਲੁਕੋਈ ਜਾ ਸਕੇ। ਇਹ ਗੁੱਟੀ ਇਕੋ ਜਿਹੇ ਪੱਤਿਆਂ ਵਾਲੀ ਹੋਣੀ ਚਾਹੀਦੀ ਹੈ। ਅਰਥਾਤ ਜੇਕਰ ਇਕ ਪੱਤਾ ਇੱਟ ਦਾ ਇੱਕਾ ਹੈ ਤਾਂ ਬਾਕੀ ਦੇ 51 ਪੱਤੇ ਵੀ ਇੱਟ ਦੇ ਇਕੇ ਦੇ ਹੀ ਹੋਣੇ ਚਾਹੀਦੇ ਹਨ। ਇਹ ਤਾਸ਼ ਕਿਤਾਬ ਦੇ ਵਿਚ ਦਿੱਤੇ ਪੱਤੇ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਲਿਫ਼ਾਫ਼ੇ ਦੇ ਵਿਚ ਇੱਕੋ ਜਿਹੀ ਤਾਸ਼ ਦਾ ਪੱਤਾ ਪਾ ਕੇ ਲਿਫ਼ਾਫ਼ਾ ਬੰਦ ਕਰ ਦੇਵੋ।

ਜਾਦੂ ਦਾ ਪ੍ਰਦਰਸ਼ਨ : ਤੁਸੀਂ ਸਭ ਤੋਂ ਪਹਿਲਾਂ ਸਟੇਜ਼ ਤੇ ਚੜ੍ਹਕੇ ਹੀ ਤਾਸ਼ ਦੀ ਗੁੱਟੀ ਦੇ ਫੈਂਟੇ ਕੁਝ ਦਿਲ ਖਿੱਚਵੇਂ ਢੰਗ ਦੇ ਨਾਲ ਮਾਰੋ। ਤਾਂ ਜੋ ਦਰਸ਼ਕਾਂ ਤੇ ਤੁਹਾਡਾ ਪ੍ਰਭਾਵ ਪੈ ਸਕੇ। ਇਸ ਤੋਂ ਬਾਅਦ ਆਪਣੇ ਦਿਖਾਏ ਜਾਣ ਵਾਲੇ ਜਾਦੂ ਦੇ ਟਰਿੱਕ ਬਾਰੇ ਵੀ ਜਾਣਕਾਰੀ ਪ੍ਰਦਾਨ ਕਰੋ। ਫਿਰ ਇਕ ਲਿਫ਼ਾਫ਼ਾ ਮੇਜ਼ ਤੋਂ ਚੁੱਕੋ ਅਤੇ ਦਰਸ਼ਕਾਂ ਨੂੰ ਦੇ ਦੇਵੋ ਅਤੇ ਕਹੋ ਕਿ "ਇਹ ਲਿਫ਼ਾਫ਼ਾ ਉਦੋਂ ਤੱਕ ਨਾ ਖੋਲੋ ਜਦੋਂ ਤਕ ਤੁਸੀਂ ਉਸਨੂੰ ਖੋਲਣ ਦਾ ਆਦੇਸ਼ ਨਹੀਂ ਦਿੰਦੇ।" ਹੁਣ ਮੇਜ਼ ਤੋਂ ਫਿਰ ਤਾਸ਼ ਦੀ ਗੁੱਟੀ ਉਠਾਓ ਅਤੇ ਕਿਸੇ ਦਰਸ਼ਕ ਨੂੰ ਦਿੰਦੇ ਹੋਏ ਕਹੋ ਕਿ ਉਹ ਇਸ ਗੁੱਟੀ ਨੂੰ ਚੰਗੀ ਤਰ੍ਹਾਂ ਫੈਂਟੋ। ਚੰਗੀ ਤਰ੍ਹਾਂ ਤਾਸ਼ ਦੇ ਫੈਂਟੇ ਜਾਣ ਤੇ ਤੁਸੀਂ ਤਾਸ਼ ਦੀ ਗੁੱਟੀ ਆਪ ਪਕੜ ਲਵੋ। ਇਸ ਗੁੱਟੀ ਨੂੰ ਸਾਰੇ ਦਰਸ਼ਕਾਂ ਦੇ ਸਾਹਮਣੇ ਸਿੱਧੀ ਕਰਕੇ ਦਿਖਾ ਦੇਵੋ ਇਹ ਆਮ ਤਾਸ਼ ਹੀ ਹੋਵੇਗੀ। ਹੁਣ ਤੁਸੀਂ ਕਹ ਕਿ ਮੈਂ ਇਸ ਤਾਸ਼ ਦੀ ਗੁੱਟੀ ਨੂੰ ਆਪਣੇ ਹੈਟ ਦੇ ਅੰਦਰ ਰੱਖ ਦੇਵੇਗਾ ਅਤੇ ਫਿਰ ਤਾਸ਼ ਦੇ ਇਕ-ਇਕ ਪੱਤੇ ਨੂੰ ਦੂਸਰੇ ਹੈਟ ਦੇ ਅੰਦਰ ਪਾਉਂਦਾ ਰਹਾਂਗਾ। ਤੁਸੀਂ ਮੈਨੂੰ ਜਦੋਂ ਕਹੋਗੇ ਮੈਂ ਉਥੇ ਹੀ ਉਸ ਪੱਤੇ ਤੇ ਰੁਕ ਜਾਵਾਂਗਾ। ਅਤੇ ਬਿਨਾਂ ਦੇਖੇ ਉਸ ਪੱਤੇ ਨੂੰ ਦੱਸ ਦੇਵਾਂਗਾ। ਹੁਣ ਤੁਸੀਂ ਮੇਜ਼ ਦੇ ਨਜ਼ਦੀਕ ਆ ਕੇ ਉਸ ਵਿਸ਼ੇਸ਼ ਟੋਪ ਦੇ ਵਿਚੋਂ ਆਪਣੇ ਵਾਲੀ ਤਾਸ਼ ਟੋਪ ਦੇ ਅੰਦਰ ਰੱਖ ਦੇਵੋ ਅਤੇ ਉਸ ਦੀ ਜ਼ੇਬ ਅੰਦਰ ਪਹਿਲਾਂ ਤੋਂ ਪਈ ਇਕੋ ਜਿਹੇ ਪੱਤਿਆਂ ਵਾਲੀ ਤਾਸ਼ ਦੇ ਪੱਤੇ ਇਕ-ਇਕ ਕਰਕੇ ਦੂਸਰੀ ਟੋਪ ਦੇ ਅੰਦਰ ਪਾਉਂਦੇ ਜਾਓ। ਦਰਸ਼ਕ ਤੁਹਾਨੂੰ ਕਿਸੇ ਵੀ ਪੱਤੇ ਤੇ ਰੁਕਣ ਲਈ ਕਹਿ ਸਕਦੇ ਹਨ ਤੁਸੀਂ ਆਸਾਨੀ ਨਾਲ ਉਹ ਪੱਤਾ ਦੱਸ ਸਕਦੇ ਹੋ ਕਿ ਕਿਉਂਕਿ ਸਾਰੀ ਤਾਸ਼ ਇਕੋ ਜਿਹੇ ਪੱਤਿਆਂ ਵਾਲੀ ਹੈ। ਪਰ ਦਰਸ਼ਕ ਹੈਰਾਨ ਹੋਣਗੇ ਕਿ ਤੁਸੀਂ ਇਕ ਆਮ ਤਾਸ਼ ਨਾਲ ਇਹ ਕਿਵੇਂ ਕਰ ਦਿੱਤਾ। ਹੁਣ ਤੁਸੀਂ ਕਹੋ ਕਿ ਉਹ ਲਿਫ਼ਾਫ਼ਾ ਖੋਲਿਆ ਜਾਵੇ ਜੋ ਤੁਸੀਂ ਜਾਦੂ ਦਾ ਖੇਲ ਸ਼ੁਰੂ ਹੋਣ ਤੋਂ ਪਹਿਲਾਂ ਦਰਸ਼ਕ ਨੂੰ ਦਿੱਤਾ ਸੀ। ਉਹ ਲਿਫ਼ਾਫ਼ਾ ਖੋਲਿਆ ਜਾਵੇਗਾ ਅਤੇ ਉਹੀ ਪੱਤਾ ਨਿਕਲੇਗਾ ਜੋ ਤੁਸੀਂ ਹੁਣੇ ਦੱਸ ਕੇ ਹਟੇ ਹੋ। (ਇਹ ਪੱਤਾ ਤੁਸੀਂ ਪਹਿਲਾਂ ਹੀ ਲਿਫ਼ਾਫ਼ੇ ਅੰਦਰ ਪਾ ਦਿੱਤਾ ਸੀ ਕਿਉਂਕਿ ਤੁਹਾਨੂੰ ਪਤਾ ਸੀ ਕਿ ਤੁਸੀਂ ਕਿਸ ਪੱਤੇ ਨੂੰ ਦੱਸਣਾ ਹੈ।) ਤੁਸੀਂ ਕਹੋ ਕਿ ਤੁਸੀਂ ਆਪਣੀ ਜਾਦੂ ਦੀ ਸ਼ਕਤੀ ਨਾਲ ਪਹਿਲਾਂ ਹੀ ਪਤਾ ਲਗਾ ਲਿਆ ਸੀ ਕਿ ਤੁਸੀਂ ਸਾਰੇ ਜਾਣੇ ਕਿਹੜੇ ਪੱਤੇ ਤੇ ਰੁਕਣ ਲਈਂ ਕਹੋਗੇ। ਇਹ ਗੱਲ ਸੁਣ ਕੇ ਦਰਸ਼ਕ ਹੋਰ ਵੀ ਹੈਰਾਨ ਹੋਣਗੇ ਅਤੇ ਤੁਹਾਡੀ ਪ੍ਰਸ਼ੰਸਾ ਕਰਨਗੇ।



# ਅੱਲ੍ਹੜ ਉਮਰ ਅਤੇ ਮਾਪੇ

ਛੋਟੇ ਹੁੰਦਿਆਂ ਤੁਹਾਡਾ ਬੱਚਾ ਤੁਹਾਡੇ ਨਾਲ ਕਿਸੇ ਵੀ ਤਰ੍ਹਾਂ ਦੀ ਗੱਲ ਕਰ ਲੈਂਦਾ ਸੀ ਪਰ ਅੱਲ੍ਹੜ ਉਮਰ ਵਿਚ ਉਹ ਤੁਹਾਨੂੰ ਕੁੱਝ ਵੀ ਨਹੀਂ ਦੱਸਦਾ। ਜਦ ਤੁਸੀਂ ਉਹਦੇ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦੇ ਹੋ ਤਾਂ ਉਹ ਹਾਂ ਜਾਂ ਨਾਂਹ ਵਿਚ ਜੁਆਬ ਦਿੰਦਾ ਹੈ ਅਤੇ ਜਾਂ ਬਹਿਸ ਕਰਨ ਲੱਗ ਪੈਂਦਾ ਹੈ ਜਿਸ ਕਰਕੇ ਘਰ ਮੈਦਾਨੇ-ਜੰਗ ਬਣ ਜਾਂਦਾ ਹੈ।

ਜਿੰਮੇਵਾਰ ਇਨਸਾਨ ਬਣਨ ਲਈ ਤੁਹਾਡੇ ਅੱਲੜ੍ਹ ਬੱਚੇ ਨੂੰ ਇਕ ਤਰ੍ਹਾਂ ਨਾਲ ਮੁਸਾਫਰ ਬਣੇ ਰਹਿਣ ਦੀ ਬਜਾਏ ਹੌਲੀ ਹੌਲੀ ਡਰਾਈਵਰ ਬਣਨਾ ਪੈਂਦਾ ਹੈ ਅਤੇ ਜਿੰਦਗੀ ਦੇ ਚੁਣੌਤੀਆਂ ਭਰੇ ਰਾਹ ਵਿਚੋਂ ਗੁਜ਼ਰਨਾ ਪੈਂਦਾ ਹੈ। ਕੁੱਝ ਬੱਚੇ ਲੋੜ ਤੋਂ ਜ਼ਿਆਦਾ ਆਜ਼ਾਦੀ ਚਾਹੁੰਦੇ ਹਨ। ਦੂਜੇ ਪਾਸੇ ਕੁੱਝ ਮਾਪੇ ਬਹੁਤ ਘੱਟ ਆਜ਼ਾਦੀ ਦਿੰਦੇ ਹਨ। ਇਸ ਖਿੱਚੋ ਤਾਣ ਕਰਕੇ ਮਾਪਿਆਂ ਅਤੇ ਬੱਚਿਆਂ ਵਿਚਕਾਰ ਹੁੱਲੜ ਮਚਿਆ ਰਹਿੰਦਾ ਹੈ। 16 ਸਾਲ ਦਾ ਸੰਦੀਪ ਸ਼ਿਕਾਇਤ ਕਰਦਾ ਹੈ : "ਮੇਰੇ ਮਾਂ-ਬਾਪ ਮੇਰੀ ਜਿੰਦਗੀ ਦੇ ਹਰ ਪਹਿਲੂ ਤੇ ਨਜ਼ਰ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਜੇ ਉਹਨਾਂ ਨੇ ਮੈਨੂੰ 18 ਸਾਲ ਦਾ ਹੋਣ ਤੱਕ ਜ਼ਿਆਦਾ ਖੁੱਲ੍ਹ ਨਾ ਦਿੱਤੀ ਤਾਂ ਮੈਂ ਘਰ ਛੱਡ ਕੇ ਚਲੇ ਜਾਣਾ।"



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 00447763013424

ਛੋਟੇ ਬੱਚੇ ਹਾਂ ਜਾਂ ਨਾਂਹ ਵਿਚ ਹੀ ਸੋਚਦੇ ਹਨ ਪਰ ਅੱਲ੍ਹੜ ਉਮਰ ਦੇ ਬੱਚੇ ਡੂੰਘਾਈ ਨਾਲ ਸੋਚ ਕੇ ਕਿਸੇ ਨਤੀਜੇ ਤੇ ਪਹੁੰਚਦੇ ਹਨ। ਇਹ ਗਹਿਰੇ ਸੋਚ ਵਿਚਾਰ ਦਾ ਇਕ ਅਹਿ ਪਹਿਲੂ ਹੈ ਜੋ ਸਹੀ ਫੈਸਲੇ ਕਰਨ ਵਿਚ ਇਕ ਨੌਜਵਾਨ ਜਾਂ ਮੁਟਿਆਰ ਦੀ ਮਦਦ ਕਰਦਾ ਹੈ। ਇਸ ਮਿਸਾਲ ਤੇ ਗੌਰ ਗਰੋ, "ਮੰਮੀ ਨੇ ਬਿਸਕੁਟ ਦੇ ਦੋ ਟੁਕੜੇ ਕਰਕੇ ਅੱਧਾ ਮੈਨੂੰ ਦੇ ਦਿੱਤਾ ਅਤੇ ਅੱਧਾ ਮੇਰੇ ਭਰਾ ਨੂੰ।" ਇਸ ਮਾਮਲੇ ਵਿਚ ਗਣਿਤ ਦਾ ਫਾਰਮੂਲਾ ਵਰਤ ਕੇ ਇਨਸਾਫ ਕੀਤਾ ਗਿਆ। ਪਰ ਅੱਲ੍ਹੜ ਉਮਰ ਦੇ ਬੱਚਿਆਂ ਨੂੰ ਇਹ ਹਾਲ ਇੰਨੀ ਆਸਾਨ ਨਹੀਂ ਲਗਦੀ। ਆਖਰਕਾਰ ਇਨਸਾਫ ਕਰਨ ਦਾ ਮਤਲਬ ਇਹ ਨਹੀਂ ਕਿ ਤੁਸੀਂ ਕਿਸੇ ਨਾਲ ਹਮੇਸ਼ਾ ਇਕੋ ਜਿਹਾ ਵਰਤਾਓ ਕਰੋਗੇ ਅਤੇ ਇਕੋ ਜਿਹਾ ਵਰਤਾਓ ਕਰਨ ਦਾ ਮਤਲਬ ਇਹ ਨਹੀਂ ਕਿ ਤੁਸੀਂ ਹਮੇਸ਼ਾ ਇਨਸਾਫ ਕਰੋਗੇ। ਗਹਿਰਾ ਸੋਚ ਵਿਚਾਰ ਕਰਨ ਨਾਲ ਤੁਹਾਡਾ ਬੱਚਾ ਇਸ ਤਰ੍ਹਾਂ ਦੀਆਂ ਉਲਝਣਾਂ ਵਿਚ ਪਾਉਣ ਵਾਲੀਆਂ ਗੱਲਾਂ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਦਾ ਹੈ ਅਤੇ ਉਹਦੇ ਲਈ ਸਮੱਸਿਆ ਖੜ੍ਹੀ ਹੋ ਸਕਦੀ ਹੈ। ਇਸ ਕਾਰਨ ਉਹ ਤੁਹਾਡੇ ਨਾਲ ਵੀ ਉਲਝ ਸਕਦਾ ਹੈ।

**ਤੁਸੀਂ ਕੀ ਕਰ ਸਕਦੇ ਹੋ : ਜਦੋਂ ਮੌਕਾ ਮਿਲੇ ਤਾਂ ਆਮ ਗੱਲਾਂ ਕਰੋ। ਇਹਨਾਂ ਮੌਕਿਆਂ ਦਾ ਲਾਭ ਉਠਾਓ। ਮਿਸਾਲ ਲਈ ਕਈ ਮਾਪਿਆਂ ਨੇ ਦੇਖਿਆ ਹੈ ਕਿ ਅੱਲ੍ਹੜ ਬੱਚੇ ਉਸ ਵੇਲੇ ਜ਼ਿਆਦਾ ਗੱਲ ਕਰਦੇ ਹਨ ਜਦੋਂ ਉਹ ਕੋਈ ਕੰਮ ਕਰਦੇ ਹੋਣ ਜਾਂ ਕਾਰ ਵਿਚ ਨਾਲ ਬੈਠੇ ਹੋਣ। ਇਹ ਵੀ ਕਿ ਜਦੋਂ ਆਹਮਣੇ ਸਾਹਮਣੇ ਹੋਣ ਦੀ ਬਜਾਏ ਨਾਲ ਨਾਲ ਤੁਰਦੇ ਹੋਣ।**

**ਤੁਹਾਨੂੰ ਹਰ ਛੋਟੀ ਛੋਟੀ ਗੱਲ ਤੇ ਬਹਿਸ ਕਰਨ ਦੀ ਲੋੜ ਨਹੀਂ। ਇਸ ਦੀ ਬਜਾਇ ਆਪਣੀ ਗੱਲ ਕਰੋ। ਅਤੇ ਦੁਬਾਰਾ ਇਹੀ ਗੱਲ ਨਾ ਛੇੜੋ। ਬਾਅਦ ਵਿਚ ਤੁਹਾਡਾ ਬੱਚਾ ਤੁਹਾਡੀ ਹਾਲ ਸਮਝ ਜਾਵੇਗਾ, ਜਦੋਂ ਉਹ ਇਕੱਲਾ ਵਿਚ ਤੁਹਾਡਾ ਬੱਚਾ ਤੁਹਾਡੀ ਹਾਲ ਸਮਝ ਜਾਵੇਗਾ, ਜਦੋਂ ਉਹ ਇਕੱਲਾ ਇਸ ਬਾਰੇ ਸੋਚ ਵਿਚਾਰ ਕਰੇਗਾ। ਉਹਨੂੰ ਇਸ ਤਰ੍ਹਾਂ ਕਰਨ ਦਾ ਮੌਕਾ ਦਿਉ। ਹਰ ਕਿਸੇ ਨੂੰ ਸੁਣਨ ਲਈ ਤਿਆਰ ਰਹਿਣਾ ਚਾਹੀਦਾ ਹੈ। ਬੋਲਣ ਵਿਚ ਕਾਹਲ ਨਾ ਕੀਤੀ ਜਾਵੇ ਅਤੇ ਜਲਦੀ ਗੁੱਸੇ ਵੀ ਨਹੀਂ ਹੋਣਾ ਚਾਹੀਦਾ ਕਿਉਂਕਿ ਨਰਮ ਜੁਆਬ ਗੁੱਸੇ ਨੂੰ ਠੰਡਾ ਕਰ ਦਿੰਦਾ ਹੈ। ਬੱਚਿਆਂ ਨੂੰ ਖਿਝਾਉਣਾ, ਸਮੱਸਿਆ ਦਾ ਹੱਲ ਨਹੀਂ ਹੈ।**

**ਬਿਨਾਂ ਟੋਕੇ ਬੱਚਿਆਂ ਦੀ ਗੱਲ ਧਿਆਨ ਨਾਲ ਸੁਣੋ ਕਿ ਉਹਨਾਂ ਦੀ ਜਿੰਦਗੀ ਵਿਚ ਕੀ ਹੋ ਰਿਹਾ ਹੈ। ਉਹਨਾਂ ਨੂੰ ਖੁੱਲ੍ਹ ਕੇ ਗਲ ਕਰਨ ਦਿਉ। ਜੇ ਤੁਸੀਂ ਉਹਨਾਂ ਦੇ ਨੁਕਤਾ ਨਿਗਾਹ ਤੋਂ ਗੱਲ ਸਮਝਣ ਦੀ ਕੋਸ਼ਿਸ਼ ਕਰੋਗੇ ਤਾਂ ਤੁਸੀਂ ਉਹਨਾਂ ਨੂੰ ਜ਼ਿਆਦਾ ਆਜ਼ਾਦੀ ਦੇਣ ਲਈ ਵੀ ਤਿਆਰ ਹੋ ਜਾਵੋਗੇ। ਮਾਪਿਆਂ ਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਉਹਨਾਂ ਦਾ ਦਿਨ ਕਿਵੇਂ ਰਿਹਾ ਅਤੇ ਅਗਰ ਉਹਨਾਂ ਦੀ ਕੋਈ ਸ਼ਿਕਾਇਤ ਹੈ ਤਾਂ ਧੀਰਜ ਨਾਲ ਸੁਣੋ। ਗੱਲਬਾਤ ਕਰਨੀ ਇਕ ਕਲਾ ਹੈ, ਇਹ ਸਾਨੂੰ ਆਪ ਵੀ ਸਿੱਖਣੀ ਚਾਹੀਦੀ ਹੈ ਅਤੇ ਬੱਚਿਆਂ ਨੂੰ ਵੀ ਸਿਖਾਉਣੀ ਚਾਹੀਦੀ ਹੈ ਤਾਂ ਕਿ ਉਹਨਾਂ ਦੇ ਕੰਮ ਆ ਸਕੇ ਜੋ ਉਹਨਾਂ ਦੀ ਜਿੰਦਗੀ ਨੂੰ ਖੁਸ਼ੀਆਂ ਅਤੇ ਖੇੜਿਆਂ ਨਾਲ ਪਰ ਦੇਵੇਗੀ। ਬੱਚਿਆਂ ਨੂੰ ਜੁਆਬ ਦਿੰਦੇ ਸਮੇਂ ਸਮਝਦਾਰੀ ਵਰਤੋ। ਜੇ ਤੁਸੀਂ ਆਪਣੇ ਅਸੂਲਾਂ ਤੇ ਅੜੇ ਰਹੇ ਤਾਂ ਤੁਹਾਡਾ ਬੱਚਾ ਜਾਂ ਬੱਚੀ ਇਹਨਾਂ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਤੋੜਨ ਦੀ ਕੋਸ਼ਿਸ਼ ਕਰੇਗਾ। ਬੱਚਿਆਂ ਦੇ ਕਰੀਬ ਰਹੋ। ਨਹੀਂ ਤਾਂ ਉਹ ਦੋਹਰੀ ਜਿੰਦਗੀ ਜੀਣ ਲੱਗ ਜਾਂਦੇ ਹਨ। ਇਕ ਪਾਸੇ ਉਹ ਮਾਪਿਆਂ ਨੂੰ ਉਹੀ ਗੱਲ ਦਸਦੇ ਹਨ ਜਿਹੜੀ ਉਹ ਸੁਣਨੀ ਚਾਹੁੰਦੇ ਹਨ ਅਤੇ ਜਦੋਂ ਉਹ ਮਾਪਿਆਂ ਦੀਆਂ ਨਜ਼ਰਾਂ ਤੋਂ ਉਹਲੇ ਹੁੰਦੇ ਹਨ ਤਾਂ ਉਹ ਆਪਣੀ ਮਰਜੀ ਕਰਦੇ ਹਨ।**

**17 ਸਾਲ ਦੀ ਸੁਰਜੀਤ ਕਹਿੰਦੀ ਹੈ : "ਜਦੋਂ ਮੈਂ ਅਤੇ ਮੰਮੀ ਕਿਸੇ ਗੱਲ ਤੇ ਸਹਿਮਤ ਨਹੀਂ ਹੁੰਦੀਆਂ ਤਾਂ ਮੇਰੀ ਮੰਮੀ ਮੇਰੀ ਹਰ ਗੱਲ ਦਾ ਬੁਰਾ ਮਨਾਉਂਦੀ ਹੈ। ਮੈਂ ਪਰੇਸ਼ਾਨ ਹੋ ਜਾਂਦੀ ਹਾਂ ਅਤੇ ਸਾਡੇ ਵਿਚ ਤੂੰ-ਤੂੰ, ਮੈਂ ਮੈਂ ਹੋਣ ਲੱਗ ਜਾਂਦੀ ਹੈ।" ਹਾਲ ਨੂੰ ਵਧਾਉਣ ਦੀ ਬਜਾਏ ਕੁੱਝ ਅਜਿਹਾ ਕਹਿਣਾ ਚਾਹੀਦਾ ਹੈ ਜਿਸ ਤੋਂ ਲੱਗੇ ਕਿ ਤੁਸੀਂ ਆਪਣੇ ਬੱਚੇ ਦੇ ਜ਼ਜ਼ਬਾਤਾਂ ਨੂੰ ਸਮਝਦੇ ਹੋ। ਮਿਸਾਲ ਦੇ ਤੌਰ ਤੇ ਇਸ ਤਰ੍ਹਾਂ ਨਾ ਕਰੋ : "ਇਹ ਕੋਈ ਫਿਕਰ ਵਾਲੀ ਗੱਲ ਨਹੀਂ ਹੈ।" ਸਗੋਂ ਇਹ ਕਹੋ : "ਮੈਂ ਸਮਝ ਸਕਦਾ/ਸਕਦੀ ਹਾਂ ਕਿ ਤੈਨੂੰ ਇਸ ਗੱਲ ਬਾਰੇ ਇੰਨਾ ਫਿਕਰ ਕਿਉਂ ਹਾਂ?"**

**ਹੁਕਮ ਦੇਣ ਦੀ ਬਜਾਏ ਸੇਧ ਦੇਣ ਦੀ ਕੋਸ਼ਿਸ਼ ਕਰੋ। ਤੁਹਾਡੇ ਬੱਚੇ ਦੀ ਸੋਚ ਵਿਚਾਰ ਕਰਨ ਦੀ ਕਲਾ ਮਾਸ ਪੇਸ਼ੀਆਂ ਦੀ ਤਰ੍ਹਾਂ ਹੈ ਜੇਹਨਾਂ ਨੂੰ ਵਿਕਸਤ ਹੋਣ ਦੀ ਲੋੜ ਹੁੰਦੀ ਹੈ। ਇਸ ਲਈ ਜਦ ਉਸ ਅੱਗੇ ਕੋਈ ਸਮੱਸਿਆ ਖੜ੍ਹੀ ਹੁੰਦੀ ਹੈ ਤਾਂ ਤੁਸੀਂ ਉਸ ਲਈ "ਕਸਰਤ" ਨਾ ਕਰੋ ਯਾਨਿ ਸਮੱਸਿਆ ਦਾ ਹੱਲ ਨਾ ਦੱਸੋ, ਸਗੋਂ ਉਸ ਨਾਲ ਗੱਲਬਾਤ ਕਰਦਿਆਂ ਉਸ ਨੂੰ ਕੁੱਝ ਵੱਖੋ ਵੱਖਰੇ ਹੱਲ ਲੱਭਣ ਦਾ ਮੌਕਾ ਦਿਉ। ਇਸ ਤੋਂ ਬਾਅਦ ਉਹਨੂੰ ਕੁੱਝ ਸੁਝਾਅ ਦੇਣ ਤੋਂ ਬਾਅਦ ਤੁਸੀਂ ਕਹਿ ਸਕਦੇ ਹੋ : "ਇਹ ਕੁੱਝ ਸੁਝਾਅ ਹਨ। ਇਕ ਦੋ ਦਿਨ ਸੋਚ ਵਿਚਾਰ ਕਰਨ ਤੋਂ ਬਾਅਦ ਆਪਾਂ ਫਿਰ ਗੱਲ**

ਕਰਾਂਗੇ ਕਿ ਤੈਨੂੰ ਕੇਹੜਾ ਸੁਝਾਅ ਚੰਗਾ ਲੱਗਾ ਅਤੇ ਕਿਉਂ?

ਇੰਗਲੈਂਡ ਵਿਚ ਰਹਿੰਦੇ ਸਹੋਣ ਨੇ ਪੁੱਛਿਆ, "ਮੈ ਆਪਣੇ ਮੁੰਡੇ ਦੀ ਹੋਰ ਮੱਦਦ ਕਿਵੇਂ ਕਰ ਸਕਦਾ ਸੀ?" ਸੋਹਣ ਨੇ ਜਿੰਮੇਵਾਰ ਪਿਤਾ ਬਣਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਜਦੋਂ ਉਹ ਆਪਣੇ ਆਪ ਨੂੰ ਪੁੱਛਦਾ ਹੈ, "ਮੇਰੇ ਪਿਆਰ ਅਤੇ ਪਰਵਰਿਸ਼ ਵਿਚ ਕਿਹੜੀ ਕਮੀ ਰਹਿ ਗਈ ਸੀ?"

ਦੂਜੇ ਪਾਸੇ, ਕੈਨੇਡਾ ਵਿਚ ਰਹਿੰਦੇ ਮੋਹਣ ਦਾ ਮੁੰਡਾ ਲਾਇਕ ਨਿਕਲਿਆ। ਸ਼ਾਇਦ ਦੇਖਣ ਵਾਲਿਆ ਨੂੰ ਲੱਗੇ ਕਿ ਮੋਹਣ, ਸੋਹਣ ਨਾਲੋਂ ਚੰਗਾ ਪਿਤਾ ਸਾਬਤ ਹੋਇਆ। ਮੋਹਣ ਦਾ ਪੁੱਤਰ ਮਨਜੀਤ ਕਹਿੰਦਾ ਹੈ : "ਮੈਨੂੰ ਯਾਦ ਹੈ ਕਿ ਜਦ ਮੈਂ ਛੋਟਾ ਸੀ ਮੇਰੇ ਡੈਡੀ ਮੈਨੂੰ ਕਹਾਣੀ ਪੜ੍ਹ ਕੇ ਸੁਣਾਉਂਦੇ ਸਨ, ਮੇਰੇ ਨਾਲ ਖਡਦੇ ਸਨ ਅਤੇ ਮੈਨੂੰ ਘੁਮਾਉਣ ਲੈ ਕੇ ਜਾਂਦੇ ਸਨ। ਅਸੀਂ ਕਾਫੀ ਸਮਾਂ ਇਕੱਠੇ ਗੁਜ਼ਾਰਦੇ ਸਾਂ। ਉਹਨਾਂ ਨੇ ਮੈਨੂੰ ਖੇਡ ਖੇਡ ਵਿਚ ਬਹੁਤ ਕੁੱਝ ਸਿਖਾਇਆ।"

ਇਹ ਗੱਲ ਸੱਚ ਹੈ ਕਿ ਜਿੰਮੇਵਾਰ ਪਿਤਾ ਬਣਲਾ ਸੌਖਾ ਨਹੀਂ ਹੈ। ਆਪਣੇ ਪਰਿਵਾਰ ਲਈ ਸਮਾਂ ਜ਼ਰੂਰ ਕੱਢੋ। ਇਕ ਪਿਤਾ ਵਜੋਂ ਤੁਸੀਂ ਕਿਵੇਂ ਦਿਖਾਉਂਦੇ ਹੋ ਕਿ ਤੁਸੀਂ ਬੱਚਿਆਂ ਨੂੰ ਪਿਆਰ ਕਰਦੇ ਹੋ? ਬਿਨਾਂ ਸ਼ੱਕ ਤੁਸੀਂ ਆਪਣੇ ਬੱਚਿਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਹੱਡ ਤੋੜ ਮਿਹਨਤ ਕਰਦੇ ਹੋ। ਜੇ ਤੁਸੀਂ ਆਪਣੇ ਬੱਚਿਆਂ ਨੂੰ ਪਿਆਰ ਨਾ ਕਰਦੇ ਹੁੰਦੇ ਤਾਂ ਤੁਸੀਂ ਇਹ ਸਭ ਕੁੱਝ ਨਾ ਕਰਦੇ। ਪਰ ਜੇ ਤੁਸੀਂ ਆਪਣੇ ਬੱਚਿਆਂ ਨਾਲ ਸਮਾਂ ਨਹੀਂ ਗੁਜ਼ਾਰਦੇ ਤਾਂ ਉਹ ਸ਼ਾਇਦ ਕਹਿਣ ਕਿ ਤੁਸੀਂ ਉਹਨਾਂ ਨਾਲੋਂ ਆਪਣੇ ਕੰਮ ਅਤੇ ਦੋਸਤਾਂ ਦੀ ਜ਼ਿਆਦਾ ਪਰਵਾਹ ਕਰਦੇ ਹੋ ਅਤੇ ਤੁਸੀਂ ਆਪਣੇ ਹੀ ਸ਼ੌਕ ਪੂਰੇ ਕਰਨੇ ਚਾਹੁੰਦੇ ਹੋ।

ਇਕ ਪਿਤਾ ਨੂੰ ਆਪਣੇ ਬੱਚੇ ਨਾਲ ਕਦੋਂ ਤੋਂ ਸਮਾਂ ਗੁਜਾਰਨਾ ਸ਼ੁਰੂ ਕਰਨਾ ਚਾਹਦਾ ਹੈ? ਇਕ ਮਾਂ ਆਪਣੇ ਬੱਚੇ ਨਾਲ ਉਦੋਂ ਹੀ ਰਿਸ਼ਤਾ ਜੋੜਨਾ ਸ਼ੁਰੂ ਕਰ ਦਿੰਦੀ ਹੈ ਜਦੋਂ ਉਹ ਅਜੇ ਕੁੱਖ ਵਿਚ ਹੀ ਹੁੰਦਾ ਹੈ। ਮੰਨਿਆ ਜਾਂਦਾ ਹੈ ਕਿ ਗਰਭਧਾਰਣ ਤੋਂ ਕੁੱਝ 16 ਹਫਤਿਆਂ ਬਾਅਦ ਅਣਜੰਮਿਆਂ ਬੱਚਾ ਸੁਣਨ ਲੱਗ ਪੈਂਦਾ ਹੈ। ਇਸ ਸਮੇਂ ਤੋਂ ਪਿਤਾ ਵੀ ਆਪਣੇ ਅਣਜੰਮੇ ਬੱਚੇ ਨਾਲ ਇਕ ਖਾਸ ਰਿਸ਼ਤਾ ਜੋੜ ਸਕਦਾ ਹੈ, ਮਹਿਸੂਸ ਕਰ ਸਕਦਾ ਹੈ। ਨਾਲੇ ਪਿਤਾ ਆਪਣੇ ਬੱਚੇ ਨਾਲ ਗੱਲਾਂ ਕਰ ਸਕਦਾ ਹੈ ਅਤੇ ਉਸ ਨੂੰ ਗਾ ਕੇ ਸੁਣਾ ਸਕਦਾ ਹੈ। ਪੁਰਾਣੇ ਜ਼ਮਾਲੇ ਵਿਚ ਬੱਚਿਆਂ ਨੂੰ ਸਿਖਿਆ ਦੇਣੀ ਮੁੱਖਮ ਜਿੰਮੇਵਾਰੀ ਆਦਮੀਆ ਦੀ ਸੀ। ਪਿਤਾਵਾਂ ਨੂੰ ਹੱਲਾਸ਼ੇਰੀ ਦਿੱਤੀ ਜਾਂਦੀ ਸੀ ਕਿ ਉਹ ਆਪਣੇ ਬੱਚਿਆਂ ਨਾਲ ਬਕਾਇਦਾ ਸਮਾਂ ਗੁਜਾਰਨ।

ਆਪਣੇ ਬੱਚਿਆਂ ਨਾਲ ਚੰਗੀ ਤਰ੍ਹਾਂ ਗੱਲਬਾਤ ਕਰਨ ਲਈ ਤੁਹਾਨੂੰ ਉਹਨਾਂ ਦੀ ਗੱਲ ਧਿਆਨ ਨਾਲ ਸੁਣਨ ਦੀ ਲੋੜ ਹੈ। ਉਹਨਾਂ ਦੀ ਗੱਲ ਸੁਣ ਕੇ ਗੁੱਸੇ ਵਿਚ ਭੜਕੋ ਨਾ। ਜੇ ਤੁਹਾਡੇ ਬੱਚਿਆਂ ਨੂੰ ਪਤਾ ਹੈ ਕਿ ਤੁਸੀਂ ਪੂਰੀ ਗੱਲ ਸੁਣਨ ਤੋਂ ਪਹਿਲਾਂ ਹੀ ਉਹਨਾਂ ਨੂੰ ਝਿੜਕਾਂ ਮਾਰਨ ਲੱਗ ਪਉਗੇ, ਤਾਂ ਉਹ ਤੁਹਾਡੇ ਨਾਲ ਆਪਣੇ ਦਿਲ ਦੀਆਂ ਗੱਲਾਂ ਸਾਂਝੀਆਂ ਨਹੀਂ ਕਰਨਗੇ। ਪਰ ਜੇ ਤੁਸੀਂ ਸ਼ਾਂਤੀ ਨਾਲ ਉਹਨਾਂ ਦੀ ਗੱਲ ਸੁਣੋਗੇ ਤਾਂ ਤੁਸੀਂ ਦਿਖਾਉਣੇ ਕਿ ਤੁਹਾਨੂੰ ਉਹਨਾਂ ਵਿੱਚ ਦਿਲਚਸਪੀ ਹੈ। ਫਿਰ ਉਹ ਵੀ ਦਿਲ ਖੋਲ੍ਹ ਕੇ ਤੁਹਾਡੇ ਨਾਲ ਗੱਲ ਕਰਨਗੇ ਜੇਕਰ ਤੁਸੀਂ ਗੁੱਸੇ ਵਿੱਚ ਹੋ, ਫਿਰ ਵੀ ਤੁਹਾਨੂੰ ਬੱਚੇ ਨੂੰ ਪਿਆਰ ਨਾਲ ਤਾੜਨਾ ਦੇਣੀ ਚਾਹੀਦੀ ਹੈ। ਤਾੜਨਾਂ ਦੇਣ ਵਿੱਚ ਆਪਣੇ ਬੱਚੇ ਨੂੰ ਸਲਾਹ ਦੇਣੀ, ਸੁਧਾਰਨਾ, ਸਿੱਖਿਆ ਦੇਣੀ ਅਤੇ ਲੋੜ ਪੈਣ ਤੇ ਉਸ ਨੂੰ ਡਾਂਟਣਾ ਵੀ ਸ਼ਾਮਲ ਹੈ। ਇਸ ਨਾਲ ਬੱਚੇ ਨੂੰ ਉਮਰ ਭਰ ਫਾਇਦਾ ਹੋਵੇਗਾ।

ਇਸ ਤੋਂ ਇਲਾਵਾ, ਤਾੜਨਾਂ ਦਾ ਅਸਰ ਉਦੋਂ ਜ਼ਿਆਦਾ ਹੁੰਦਾ ਹੈ ਜਦੋਂ ਪਿਤਾ ਬਾਕਾਇਦਾ ਆਪਣੇ ਬੱਚੇ ਨੂੰ ਸ਼ਾਬਾਸ਼ੀ ਦਿੰਦਾ ਹੈ। ਇੱਕ ਪੁਰਾਣੀ ਕਹਾਵਤ ਹੈ: "ਟਿਕਾਣੇ ਸਿਰ ਆਖੇ ਹੋਏ ਬਚਨ ਚਾਂਦੀ ਦੀ ਝੱਜਰੀ ਵਿੱਚੋ ਸੋਨੇ ਦੇ ਸੇਬਾਂ ਵਰਗੇ ਹਨ।" ਸ਼ਾਬਸ਼ੀ ਦੇਣ ਨਾਲ ਬੱਚੇ ਵਿੱਚ ਚੰਗੇ ਗੁਣ ਪੈਦਾ ਹੁੰਦੇ ਹਨ ਨਾਲੇ ਜਦੋਂ ਮਾਪੇ ਬੱਚੇ ਵੱਲ ਧਿਆਨ ਦਿੰਦੇ ਹਨ ਅਤੇ ਉਸ ਦੀ ਕਦਰ ਕਰਦੇ ਹਨ ਤਾਂ ਉਸਦਾ ਭਰੋਸਾ ਵੱਧਦਾ ਹੈ। ਇੱਕ ਪਿਤਾ ਨੂੰ ਆਪਣੇ ਬੱਚੇ ਦੀ ਪ੍ਰਸ਼ੰਸਾਂ ਕਰਨ ਦੇ ਮੌਕੇ ਲੱਭਣੇ ਚਾਹੀਦੇ ਹਨ। ਇਸ ਤਰ੍ਹਾ ਉਹ ਬੱਚੇ ਦੀ ਹਿੰਮਤ ਨੂੰ ਖੰਭ ਦਿੰਦਾ ਹੈ ਤਾਂਕਿ ਉਹ ਸਹੀ ਕੰਮ ਕਰਨੇ ਨਾ ਛੱਡੇ। ਆਪਣੇ ਬੱਚਿਆਂ ਨੂੰ ਖਿਝਾਓ ਨਾ ਮਤਾ ਉਹ ਦਿਲ ਹਾਰ ਬੈਠਣ।

ਇੱਕ ਪਿਤਾ ਜਿਸ ਤਰੀਕੇ ਨਾਲ ਆਪਣੀ ਪਤਨੀ ਨਾਲ ਪੇਸ਼ ਆਉਂਦਾ ਹੈ, ਉਸ ਦਾ ਅਸਰ ਬੱਚਿਆਂ ਤੇ ਪੈਂਦਾ ਹੈ। ਬੱਚਿਆਂ ਦੇ ਵਿਕਾਸ ਸੰਬੰਧੀ ਮਾਹਰਾਂ ਨੇ ਕਿਹਾ ਹੈ: ਸਭ ਤੋਂ ਵੱਧੀਆਂ ਗੱਲ ਜੋ ਇੱਕ ਪਿਤਾ ਆਪਣੇ ਬੱਚਿਆਂ ਲਈ ਕਰ ਸਕਦਾ ਹੈ, ਉਹ ਹੈ ਉਹਨਾਂ ਦੀ ਮਾਂ ਦੀ ਇਜ਼ਤ। ਜਿਹੜੇ ਮਾਤਾ ਪਿਤਾ ਆਪਣੇ ਬੱਚਿਆਂ ਦੇ ਸਾਹਮਣੇ ਇੱਕ ਦੂਜੇ ਦਾ ਆਦਰ ਮਾਣ ਕਰਦੇ ਹਨ, ਉਹਨਾਂ ਦੇ ਬੱਚੇ ਖੁਸ਼ ਰਹਿੰਦੇ ਹਨ ਅਤੇ ਉਹਨਾਂ ਨੂੰ ਆਪਣੇ ਮਾਪਿਆਂ ਦੇ ਪਿਆਰ ਦਾ ਅਹਿਸਾਸ ਹੁੰਦਾ ਹੈ। ਇੱਕ ਪਤੀ ਨੂੰ ਆਪਣੀ ਪਤਨੀ ਨਾਲ ਇਸ ਤਰ੍ਹਾਂ ਪਿਆਰ ਕਰਨਾ ਚਾਹੀਦਾ ਹੈ ਜਿਸ ਤਰ੍ਹਾਂ ਉਹ ਆਪਣੇ ਆਪ ਨਾਲ ਪਿਆਰ ਕਰਦਾ ਹੈ। ਭਾਵੇਂ ਪਤੀ-ਪਤਨੀ ਦਾ ਤਲਾਕ ਹੋ ਚੁੱਕਾ ਹੋਵੇ, ਫਿਰ ਵੀ ਪਤੀ ਨੂੰ ਬੱਚਿਆਂ ਦੀ ਮਾਂ ਦੀ ਇਜ਼ਤ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਬੱਚਿਆਂ ਦਾ ਆਪਣੀ ਮਾਂ ਨਾਲ ਵਧੀਆਂ ਰਿਸ਼ਤਾ ਹੋਵੇਗਾ।

ਇਹ ਕੁੱਝ ਗੱਲਾਂ ਨੂੰ ਲਾਗੂ ਕਰਨ ਤੇ ਅਸੀਂ ਇੱਕ ਜ਼ੁੰਮੇਵਾਰ ਮਾਂ ਬਾਪ ਬਣ ਸਕਦੇ ਹਾਂ। ਨਾਲੋਂ ਨਾਲ ਇਹ ਵੀ ਸੱਚ ਹੈ ਕਿ ਭਾਵੇਂ ਅਸੀਂ ਲੱਖ ਕੋਸ਼ਿਸ਼ਾਂ ਕਰੀਏ ਫਿਰ ਵੀ ਸਾਡੇ ਕੋਲੋਂ ਗਲਤੀਆਂ ਹੋ ਜਾਣਗੀਆਂ ਪਰ ਜੇਕਰ ਅਸੀਂ ਇਹਨਾਂ ਕੁੱਝ ਗੱਲਾਂ ਨੂੰ ਲਾਗੂ ਕਰਨ ਦੇ ਨਾਲ ਨਾਲ ਬੱਚਿਆਂ ਨੂੰ ਪਿਆਰ ਅਤੇ ਉਨ੍ਹਾਂ ਦੀਆਂ ਜਰੂਰਤਾਂ ਵੀ ਪੂਰੀਆਂ ਕਰਦੇ ਰਹੀਏ ਤਾਂ ਅਸੀਂ ਜ਼ਰੂਰ ਹੀ ਜ਼ੁੰਮੇਵਾਰ ਮਾਂ ਬਾਪ ਬਣ ਸਕਦੇ ਹਾਂ।

ਜਿਸ ਤਰ੍ਹਾਂ ਆਪਾਂ ਸੱਭ ਨੂੰ ਪਤਾ ਹੈ ਕਿ ਸਾਡੀਆਂ ਕੁੱਝ ਸਰੀਰਕ ਅਤੇ ਮਨੋਵਿਗਿਆਨਕ ਜਰੂਰਤਾਂ ਹੁੰਦੀਆਂ ਹਨ। ਅਮਰ ਮਨੋਵਿਗਿਆਨਕ ਜਰੂਰਤਾਂ ਦੀ ਗੱਲ ਕਰੀਏ ਤਾਂ ਇਹਨਾਂ ਵਿੱਚ ਪਿਆਰ, ਇਜ਼ਤ, ਸਤਿਕਾਰ, ਅਹਿਮੀਅਤ ਦੇਣੀ, ਆਜ਼ਾਦੀ ਸੁਰੱਖਿਅਤਾ ਮਹਿਸੂਸ ਕਰਨੀ, ਬਿਨਾਂ ਕਿਸੇ ਸੰਕੋਚ ਕੇ ਗਲ ਕਰ ਸਕਣਾ ਅਤੇ ਸਾਡੀ ਗੱਲ ਨੂੰ ਤਹੱਲਮ ਨਾਲ ਸੁਣਨਾ ਵੀ ਹੈ। ਇਹ ਜ਼ਰੂਰਤਾਂ ਬੱਚਿਆਂ ਦੀ ਵੀ ਹਨ। ਅੱਲੜ੍ਹਾਂ ਦੀਆਂ ਵੀ ਹਨ ਅਤੇ ਸਿਆਣੀ ਉਮਰ ਦੇ ਲੋਕਾਂ ਦੀਆਂ ਵੀ ਹਨ। ਜਦੋਂ ਇਹਨਾਂ ਜ਼ਰੂਰਤਾਂ ਵਿੱਚ ਅਸੁਖਾਵਾਂਪਣ ਆ ਜਾਵੇ ਤਾਂ ਸਾਡੇ ਰਿਸ਼ਤਿਆਂ ਵਿੱਚ ਖਟਾਸ, ਤਿੜਕਣ ਅਤੇ ਦੂਰੀਆਂ ਦੇ ਨਾਲ ਕੁੜਤਣ ਵੀ ਭਰ ਜਾਂਦੀ ਹੈ। ਜਦੋਂ ਅਸੀਂ ਰਿਸ਼ਤਿਆਂ ਨੂੰ ਤੁਰਨ ਤੋਂ ਰੋਕਣ ਲਈ ਇਹਨਾਂ ਤੇ ਮਰਹਮ ਪੱਟੀ ਕਰਨ ਲਈ ਕਾਂਉਸਲਿੰਗ ਵਗੈਰਾ ਦੀ ਮੱਦਦ ਲੈਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਉਹ ਮਨੋਵਿਗਿਆਨਕ ਜ਼ਰੂਰਤਾਂ ਨੂੰ ਸੁਖਾਵਾਂ ਬਨਾਉਣ ਵਿੱਚ ਸਾਡੀ ਮੱਦਦ ਕਰਦੇ ਹਨ। ਜਦੋਂ ਇਹਨਾਂ ਦਾ ਤਵਾਜ਼ਨ ਠੀਕ ਹੋ ਜਾਵੇ ਤਾਂ ਰਿਸ਼ਤੇ ਨਾਤੇ ਦੀ ਤੱਕੜੀ ਸਾਂਵੀ ਹੋ ਜਾਂਦੀ ਹੈ। ਇਹ ਤਵਾਜ਼ਨ ਵਾਲੀ ਤੱਕੜੀ ਸਿਰਫ ਬੱਚਿਆਂ ਨਾਲ ਰਿਸ਼ਤਿਆਂ ਤੇ ਹੀ ਲਾਗੂ ਨਹੀਂ ਹੁੰਦੀ ਸਗੋਂ ਆਦਮੀ, ਔਰਤ ਅਤੇ ਬਾਕੀ ਦੇ ਰਿਸ਼ਤਿਆਂ ਤੇ ਵੀ ਠੀਕ ਬੈਠਦੀ ਹੈ। ਅਗਰ ਅਸੀਂ ਇਸੇ ਗਲ ਨੂੰ ਪੱਕੀ ਤਰ੍ਹਾਂ ਆਪਣੇ ਮਾਨ ਵਿੱਚ ਬਿਠਾ ਲਈਏ ਕਿ ਅਗਰ ਮੇਰੇ ਨਾਲ ਕੋਈ ਐਹੋ ਜਿਹਾ ਵਰਤਾਵ ਕਰੇ, ਜੇਹੋ ਜਿਹਾ ਮੈਂ ਕਿਸੇ ਨਾਲ ਕਰ ਰਿਹਾ ਤਾਂ ਮੈਂ ਉਹਨੂੰ ਕਿਵੇਂ ਮਹਿਸੂਸ ਕਰਾਂਗਾ ਤਾਂ ਅਸੀਂ ਸਾਵਧਾਨ ਹੋ ਜਾਵਾਂਗੇ ਕਿ ਮੈਂ ਅੱਗੇ ਤੋਂ ਖਬਰਦਾਰ ਰਹਾਂ। ਦੂਸਰੇ ਇਨਸਾਨ ਨੂੰ ਇੱਕ ਆਪਣੀ ਹੋਂਦ ਵਾਲਾ ਵੱਖਰਾ ਇਨਸਾਨ ਸਮਝ ਕੇ ਉਹਦੇ ਨਾਲ ਵਰਤਾਵ ਕਰੋ ਨਾ ਕਿ ਉਹ ਮੇਰਾ ਲੜਕਾ ਜਾਂ ਲੜਕੀ ਹੈ। ਠੀਕ ਹੈ, ਇਹ ਰਿਸ਼ਤੇ ਆਪਣੀ ਥਾਂ ਹਨ, ਪਰ ਉਹਨਾਂ ਦੀ ਆਪਣੀ ਹੋਂਦ ਵੀ ਹੈ ਅਤੇ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਮਨੋਵਿਗਿਆਨਕ ਲੋੜਾਂ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਨਹੀਂ ਤਾਂ ਸਾਡੇ ਫੁੱਲਾਂ ਦੀ ਕਿਆਰੀ ਮੁਰਝਾ ਜਾਵੇਗੀ ਅਤੇ ਰਿਸ਼ਤਿਆਂ ਦੇ ਬੂਟੇ ਮੁੱਕ ਜਾਣਗੇ।

# ਸ਼ੰਕਾ ਨਵਿਰਤੀ

1. ਸਵਾਲ : ਕੀ ਮਰਨ ਤੋਂ ਬਾਅਦ ਵਾਲਾ ਭੋਗ ਮਨਮਤ ਨਹੀਂ ?

ਜਵਾਬ : ਹਰੇਕ ਪਰਿਵਾਰ ਨੇ ਆਪਣੇ ਕਿਸੇ ਪਿਆਰੇ ਦੇ ਸਦੀਵੀ ਵਿਛੋੜੇ ’ਤੇ ਕੁੱਝ ਸਮਾਜਕ ਤੇ ਧਾਰਮਕ ਰਸਮਾਂ ਕਰਨੀਆਂ ਹੁੰਦੀਆਂ ਹਨ। ਭੋਗ ਪਾਉਣਾ ਇਕ ਧਾਰਮਕ ਰਸਮ ਹੈ। ਅਸੀਂ ਤਰਕਸ਼ੀਲ ਅਜਿਹੀਆਂ ਰਸਮਾਂ ਨੂੰ ਬਦਲਣ ਦਾ ਯਤਨ ਕਰ ਰਹੇ ਹਾਂ। ਪਰ ਰਸਮਾਂ ਬਦਲਣਾ ਜਾਂ ਇਨ੍ਹਾਂ ਦਾ ਬਦਲ ਦੇਣਾ ਸੁਖਾਲਾ ਰਸਤਾ ਨਹੀਂ ਹੈ ਅਤੇ ਨਾ ਹੀ ਇਨ੍ਹਾਂ ਨੇ ਇਕ ਦਿਨ ਵਿਚ ਹੋ ਜਾਣਾ ਹੈ। ਇਸ ਵਰਤਾਰੇ ਨੂੰ ਹੌਲੀ-ਹੌਲੀ ਬਦਲਣ ਦੇ ਯਤਨ ਚੱਲ ਰਹੇ ਹਨ। ਜਿਵੇਂ ਅਸੀਂ ਕੁੱਝ ਪਰਿਵਾਰਾਂ ਨੂੰ ਮਰਨ ਤੋਂ ਬਾਅਦ ਅਪਣੇ ਸਰੀਰ ਅਤੇ ਹੋਰ ਅੰਗ ਹਸਪਤਾਲਾਂ ਨੂੰ ਸੌਂਪਣ ਲਈ ਦੇਣ ਦੀ ਪਿਰਤ ਪਾਉਣ ਲਈ ਤਿਆਰ ਕਰ ਲਿਆ ਹੈ। ਪਿਛਲੇ ਇਕ ਦਹਾਕੇ ਵਿਚ ਅਸੀਂ ਪੰਜਾਬ ਦੇ ਸਾਰੇ ਹਸਪਤਾਲ ਦੀਆਂ ਪ੍ਰਯੋਗਸ਼ਾਲਾਂ ਵਿਚ ਮ੍ਰਿਤਕ ਸਰੀਰ ਵੱਡੀ ਗਿਣਤੀ ਵਿਚ ਕਰ ਦਿਤੇ ਹਨ। ਇਹ ਸਾਡਾ ਯਤਨ ਸੀ। ਕਈ ਥਾਵਾਂ ’ਤੇ ਅਸੀਂ ਭੋਗ ਦੀਆਂ ਰਸਮਾਂ ਨੂੰ ਵੀ ਸਰਧਾਂਜਲੀ ਪ੍ਰੋਗਰਾਮਾਂ ਵਿਚ ਬਦਲਣ ਵਿਚ ਸਫਲ ਹੋਏ ਹਾਂ। ਆਸ ਹੈ ਕਿ ਆਉਣ ਵਾਲੇ ਸਮੇਂ ਵਿਚ ਇਹ ਵਰਤਾਰਾ ਵੀ ਕਾਫ਼ੀ ਪ੍ਰਚੱਲਤ ਹੋ ਜਾਵੇਗਾ।

2. ਸਵਾਲ : ਜੇ ਇਕ ਮੰਗਲੀਕ ਲੜਕੇ ਜਾਂ ਲੜਕੀ ਦਾ ਗੈਰ-ਮੰਗਲੀਕ ਲੜਕੀ ਜਾਂ ਲੜਕੇ ਨਾਲ ਵਿਆਹ ਹੋ ਜਾਂਦਾ ਹੈ ਤਾਂ ਮੌਤ ਹੋ ਜਾਂਦੀ ਹੈ ?

ਜਵਾਬ : ਜੇਕਰ ਪਿਛਲੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਜਿਨ੍ਹਾਂ ਜੋਤਸ਼ੀਆਂ ਦੇ ਲੜਕੇ ਜਾਂ ਲੜਕੀਆਂ ਦੇ ਵਿਆਹ ਹੋਏ ਹਨ, ਉਨ੍ਹਾਂ ਦੇ ਵਿਆਹ ਤੋਂ ਬਾਅਦ ਮੌਤ ਦਰ, ਮੰਗਲੀਕ ਦੀ ਗੈਰ-ਮੰਗਲੀਕ ਨਾਲ ਵਿਆਹ ਤੋਂ ਬਾਅਦ ਮੌਤ ਦਰ ਵਿਚ ਕੋਈ ਫ਼ਰਕ ਨਹੀਂ ਆਇਆ। ਜਨਮ ਸਮੇਂ ਕਿਸੇ ਵਿਅਕਤੀ ਦੀ ਕੁੰਡਲੀ ਵਿਚ ਮੰਗਲ ਗ੍ਰਹਿ ਦਾ ਮੌਜੂਦ ਹੋਣਾ ਇਕ ਬਹੁਤ ਵੱਡਾ ਝੂਠ ਹੈ। ਕਿਉਂਕਿ ਮੰਗਲ ਧਰਤੀ ਦੇ ਨੇੜੇ ਵਾਲਾ ਇਕ ਗ੍ਰਹਿ ਹੈ, ਜੋ 50 ਫ਼ੀ ਸਦੀ ਆਬਾਦੀ ਦੇ ਜਨਮ ਲੈਣ ਸਮੇਂ ਹਮੇਸ਼ਾ ਹੀ ਧਰਤੀ ਵਾਲੀ ਦਿਸ਼ਾ ’ਤੇ ਹੁੰਦਾ ਹੈ।

3. ਸਵਾਲ : ਧਰਮ ਜਿੱਥੇ ਹੋਊ ਅੰਧਵਿਸ਼ਵਾਸ ਅਤੇ ਪਾਖੰਡ ਵੀ ਉੱਥੇ ਹੀ ਹੋਊ ਕੀ ਇਹ ਸਹੀ ਹੈ ਜਾਂ ਗ਼ਲਤ ?

ਜਵਾਬ : ਤੁਹਾਡੀ ਇਹ ਗੱਲ ਦਰੁਸਤ ਹੈ ਕਿ ਬਹੁਤੇ ਅੰਧਵਿਸ਼ਵਾਸ ਧਰਮ ਦੇ ਪਰਦੇ ਹੇਠ ਹੀ ਪਣਪਦੇ ਹਨ ਅਤੇ ਬਹੁਤ ਸਾਰੇ ਅੰਧਵਿਸ਼ਵਾਸਾਂ ਨਾਲ ਤਾਂ ਪੁਜਾਰੀਆਂ ਦਾ ਧੰਦਾ ਚਲਦਾ ਹੈ। ਇਹ ਵੀ ਗੱਲ ਦਿਲਚਸਪ ਹੈ ਕਿ ਸਾਰੇ ਧਰਮਾਂ ਵਾਲੇ ਦੂਸਰੇ ਧਰਮਾਂ ਦੇ ਅੰਧਵਿਸ਼ਵਾਸਾਂ ’ਤੇ ਤਾਂ ਹਸਦੇ ਹਨ, ਜਦੋਂ ਧਰਮ ਅਪਣੇ ਧਰਮ ਵਾਲੇ ਅੰਧਵਿਸ਼ਵਾਸਾਂ ਦੀ ਗੱਲ ਆਉਂਦੀ ਹੈ ਤਾਂ ਉਸ ਸਮੇਂ ਉਨ੍ਹਾਂ ਨੂੰ ਵਿਗਿਆਨ ਨਾਲ ਜੋੜਨ ਦਾ ਯਤਨ ਕਰਦੇ ਹਨ। ਵਿਗਿਆਨ ਅਤੇ ਅੰਧਵਿਸ਼ਵਾਸਾਂ ਦਾ ਨਾ ਤਾਂ ਕਦੇ ਕੋਈ ਰਿਸ਼ਤਾ ਹੋਇਆ ਹੈ ਅਤੇ ਨਾ ਹੀ ਹੋਵੇਗਾ। ਇਸ ਲਈ ਅੰਧਵਿਸ਼ਵਾਸ ਸਾਡੇ ਸਮਾਜ ਲਈ ਬਹੁਤ ਨੁਕਸਾਨਦਾਇਕ ਹਨ।

4. ਸਵਾਲ : ਕੀ ਔਰਤਾਂ ਦੇ ਦਾਹੜੀ ਸ਼ੁਰੂ ਤੋਂ ਨਹੀਂ ਸੀ ? ਜੇ ਸੀ ਤਾਂ ਉਹ ਘਟਦੀ-ਘਟਦੀ ਕਿਵੇਂ ਖ਼ਤਮ ਹੋ ਗਈ ?

ਜਵਾਬ : ਔਰਤਾਂ ਦੇ ਚਿਹਰਿਆਂ ’ਤੇ ਵਾਲ ਨਹੀਂ ਹੁੰਦੇ, ਇਸ ਦਾ ਕਾਰਨ ਜਿਥੇ ਸਰੀਰ ਵਿਚ ਪੈਦਾ ਹੋਏ ਰਸਾਂ ਕਰ ਕੇ ਹੁੰਦਾ ਹੈ। ਇਸਤਰੀਆਂ ਤੇ ਮਰਦਾਂ ਵਿਚ ਅਲੱਗ-ਅਲੱਗ ਰਸ ਪੈਦਾ ਹੁੰਦੇ ਹਨ। ਕੁੱਝ ਔਰਤਾਂ ਦੇ ਦਾਹੜੀ ਵੀ ਦੇਖਣ ਨੂੰ ਮਿਲਦੀ ਹੈ। ਇਹ ਸਿਰਫ਼ ਰਸਾਂ ਦੇ ਸੰਤੁਲਨ ਦੀ ਗੜਬੜ ਕਰ ਕੇ ਹੁੰਦਾ ਹੈ। ਇਹ ਗੱਲ ਮਨੁੱਖੀ ਵਿਕਾਸ ਨਾਲ ਵੀ ਜੋੜ ਕੇ ਵੇਖੀ ਜਾ ਸਕਦੀ ਹੈ। ਇਹ ਹਮੇਸ਼ਾ ਮਰਦ ਚਾਹੁੰਦਾ ਸੀ, ਇਸਤਰੀਆਂ ਸੁੰਦਰ ਹੋਣ ਅਤੇ ਇਸਤਰੀਆਂ ਵੀ ਅਪਣੇ ਆਪ ਨੂੰ ਸੁੰਦਰ ਬਣਾਉਣ ਦੀ ਇੱਛਾ ਰਖਦੀਆਂ ਸਨ। ਇਸ ਲਈ ਲੱਖਾਂ ਵਰ੍ਹਿਆਂ ਦੇ ਵਿਕਾਸ ਵਿਚ ਇਹ ਵਾਲ ਘਟਦੇ-ਘਟਦੇ ਗਏ। ਅਸੀਂ ਵੇਖ ਰਹੇ ਹਾਂ, ਜਦੋਂ ਮਨੁੱਖ ਲੱਖਾਂ ਵਰ੍ਹੇ ਪਹਿਲਾਂ ਗੁਫ਼ਾਵਾਂ ਵਿਚ ਰਹਿੰਦਾ ਸੀ। ਤਾਂ ਉਸ ਦੇ ਚਿਹਰੇ ਅਤੇ ਛਾਤੀ ’ਤੇ ਜ਼ਿਆਦਾ ਵਾਲ ਹੁੰਦੇ ਸਨ, ਜੋ ਅੱਜ ਕਾਫ਼ੀ ਮਾਤਰਾ ਵਿਚ ਘਟ ਗਏ ਹਨ। ਵਾਲਾਂ ਨੂੰ ਘੱਟ ਕਰਨ ਵਿਚ ਕਪੜਿਆਂ ਦਾ ਵੀ ਰੋਲ ਹੈ, ਜੋ ਮਨੁੱਖ ਜਾਤੀ ਨੇ ਚਾਰ-ਪੰਜ ਹਜ਼ਾਰ ਸਾਲ ਪਹਿਲਾਂ ਵਰਤਣੇ ਸ਼ੁਰੂ ਕੀਤੇ।

5. ਸਵਾਲ : ਜੜ੍ਹ ਪੂਜਕ ਕੀ ਹੁੰਦੇ ਹਨ ?

ਜਵਾਬ : ਜਿਹੜੇ ਲੋਕ ਨਿਰਜੀਵ ਚੀਜ਼ਾਂ ਦੀ ਪੂਜਾ ਕਰਦੇ ਹਨ, ਉਨ੍ਹਾਂ ਨੂੰ ਜੜ੍ਹ ਪੂਜਕ ਕਿਹਾ ਜਾਂਦਾ ਹੈ, ਜਿਵੇਂ ਮੂਰਤੀ ਪੂਜਾ, ਪੱਥਰਾਂ ਦੀ ਪੂਜਾ ਜਾਂ ਦਰੱਖਤਾਂ ਦੀ ਪੂਜਾ ਆਦਿ। ਜਿਹੜੇ ਵਿਅਕਤੀ ਜਿਉਂਦੇ ਜੀਵਾਂ ਨੂੰ ਪੂਜਦੇ ਹਨ, ਉਨ੍ਹਾਂ ਨੂੰ ਵਿਅਕਤੀਆਂ ਨੂੰ ਪਸ਼ੂ ਪੂਜਕ ਕਿਹਾ ਜਾਂਦਾ ਹੈ। ਜਿਵੇਂ ਕਈ ਧਰਮਾਂ ਵਿਚ ਹਾਥੀ ਨੂੰ, ਚੂਹੇ ਨੂੰ ਅਤੇ ਸੱਪ ਨੂੰ ਪੂਜਿਆ ਜਾਂਦਾ ਹੈ। ਗੁਗਿਆਂ ਦੀ ਮੜੀ ਆਮ ਹੀ ਅਪਣੇ ਤਿਉਹਾਰਾਂ ਵਿਚ ਪੂਜੀ ਜਾਂਦੀ ਹੈ।

6. ਸਵਾਲ : ਰੋਟੀਆਂ ਵਿਚ ਵਾਲ ਕਿਵੇਂ ਆਉਂਦੇ ਹਨ ? ਇਨ੍ਹਾਂ ਨਾਲ ਅੰਧਵਿਸ਼ਵਾਸ ਕਿਵੇਂ ਜੁੜੇ ਹਨ ਅਤੇ ਇਨ੍ਹਾਂ ਦਾ ਇਲਾਜ ਕੀ ਹੈ ?

ਜਵਾਬ : ਹਰ ਵਿਅਕਤੀ ਦੇ ਸਰੀਰ ਅਤੇ ਸਿਰ ਵਿਚੋਂ ਸੈਂਕੜੇ ਵਾਲ ਹਰ ਰੋਜ਼ ਝੜਦੇ ਰਹਿੰਦੇ ਹਨ, ਇਹ ਤਾਂ ਕੁਦਰਤੀ ਤੌਰ ’ਤੇ ਹੁੰਦਾ ਹੈ। ਬੀਮਾਰੀ ਦੀ ਹਾਲਤ ਵਿਚ ਇਨ੍ਹਾਂ ਦੀ ਗਿਣਤੀ ਵੱਧ ਜਾਂਦੀ ਹੈ। ਸਾਡੇ ਪੰਜਾਬ ਦੇ ਪਿੰਡਾਂ ਵਿਚ ਇਸਤਰੀਆਂ ਆਮ ਤੌਰ ’ਤੇ ਆਟਾ ਗੁੰਨਣ ਲਈ ਨੰਗੇ ਸਿਰ ਹੀ ਪਰਾਂਤ ’ਤੇ ਝੁਕਦੀਆਂ ਹਨ। ਜਿਸ ਨਾਲ ਉਨ੍ਹਾਂ ਦੇ ਸਿਰ ਵਿਚੋਂ ਕੁੱਝ ਵਾਲ ਟੁੱਟ ਕੇ ਪਰਾਂਤ ਵਿਚ ਡਿੱਗ ਪੈਂਦੇ ਹਨ। ਇਹ ਵਾਲ ਰੋਟੀਆਂ ਵਿਚ ਆਉਣਾ ਸੁਭਾਵਕ ਹੀ ਹੈ। ਅੱਜ ਬਹੁਤ ਸਾਰੇ ਘਰਾਂ ਵਿਚ ਰਸੋਈਆਂ ਵਿਚ ਸੈਲਫ਼ਾ ਪਈਆਂ ਹੋਈਆਂ ਹਨ ਜਾਂ ਆਟਾ ਗੁੰਨਣ ਵਾਲੀਆਂ ਮਸ਼ੀਨਾਂ ਘਰ ਵਿਚ ਰੱਖੀਆਂ ਹੋਈਆਂ ਹਨ, ਜਿਸ ਕਾਰਨ ਆਟੇ ਵਿਚ ਵਾਲ ਪੈ ਜਾਣ ਦੀ ਸੰਭਾਵਨਾ ਘੱਟ ਹੁੰਦੀ ਹੈ। ਜੇ ਸਿਰਾਂ ’ਤੇ ਚੁੰਨੀ ਵਲੇਟ ਕੇ ਇਸਤਰੀਆਂ ਆਟਾ ਗੁੰਨਣ ਤਾਂ ਵੀ ਇਹ ਸੰਭਾਵਨਾ ਘਟਾਈ ਜਾ ਸਕਦੀ ਹੈ। ਮੈਂ ਦੇਖਿਆ ਹੈ ਕਿ ਬਹੁਤ ਸਾਰੀਆਂ ਇਸਤਰੀਆਂ ਅਪਣੇ ਮਰਦਾਂ ਦੀ ਰੋਟੀ ਵਿਚ ਆਏ ਵਾਲਾਂ ਤੋਂ ਅੰਧ ਵਿਸ਼ਵਾਸਾਂ ਵਿਚ ਪੈ ਜਾਂਦੀਆਂ ਹਨ। ਉਹ ਸੋਚਦੀਆਂ ਹਨ ਕਿ ਕਿਸੇ ਗੁਆਂਢਣ ਇਸਤਰੀ ਨੇ ਜਾਣਬੁਝ ਕੇ ਮੇਰੇ ਮਰਦ ਨੂੰ ਅਪਣੇ ਵੱਸ ਵਿਚ ਕਰਨ ਲਈ ਟੂਣਾ ਕਰਵਾਇਆ ਹੈ। ਮੈਂ ਕਈਆਂ ਇਸਤਰੀਆਂ ਨੂੰ ਇਸ ਕੰਮ ਲਈ ਸਾਧਾਂ ਕੋਲ ਜਾਂਦਿਆਂ ਵੀ ਦੇਖਿਆ ਹੈ। ਇਹ ਇਕ ਅੰਧਵਿਸ਼ਵਾਸ ਹੈ, ਥੋੜ੍ਹੇ ਜਿਹੀਆਂ ਸਾਵਧਾਨੀਆਂ ਵਰਤਣ ਨਾਲ ਇਹ ਵਰਤਾਰਾ ਰੋਕਿਆ ਜਾ ਸਕਦਾ ਹੈ।

7. ਸਵਾਲ : ਕੀ ਤਰਕਸ਼ੀਲ ਭੁੱਖਿਆਂ ਨੂੰ ਰੋਟੀ ਖਵਾਉਂਦੇ ਹਨ ?

ਜਵਾਬ : ਤਰਕਸ਼ੀਲ ਅਜਿਹਾ ਸਮਾਜ ਸਿਰਜਣਾ ਚਾਹੁੰਦੇ ਹਨ, ਜਿਥੇ ਕੋਈ ਭੁੱਖਾ ਹੀ ਨਾ ਹੋਵੇ। ਬਹੁਤ ਸਾਰੇ ਦੇਸ਼ ਅਜਿਹੇ ਹਨ, ਜਿੰਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਹਰੇਕ ਭੁੱਖੇ ਵਿਅਕਤੀ ਲਈ ਕੁੱਝ ਪੈਸਿਆਂ ਦੀ ਪ੍ਰਬੰਧ ਕਰਦੀਆਂ ਹਨ, ਨਿਊਜ਼ੀਲੈਂਡ ਦੌਰੇ ਸਮੇਂ ਮੈਂ ਦੇਖਿਆ ਹੈ ਕਿ ਉਸ ਦੇਸ਼ ਵਿਚ ਜੇ ਕੋਈ ਵਿਅਕਤੀ ਭੁੱਖਾ ਹੈ ਤਾਂ ਉਹ ਆਪਣੇ ਸ਼ਹਿਰ ਦੀ ਨਗਰਪਾਲਿਕਾ ਦੇ ਦਫ਼ਤਰ ਵਿਚ ਫ਼ੋਨ ਕਰ ਦਿੰਦਾ ਹੈ। ਨਗਰਪਾਲਿਕਾ ਦਾ ਕੋਈ ਕਰਮਚਾਰੀ ਉਸੇ ਸਮੇਂ ਜਾ ਕੇ ਉਸ ਦੀ ਜੇਬ ਵਿਚ ਦੋ ਸੌ ਡਾਲਰ ਦੇ ਕਰੀਬ ਪਾ ਦਿੰਦਾ ਹੈ ਅਤੇ ਤਾਕੀਦ ਕਰਦਾ ਹੈ ਕਿ ਹੁਣ ਤੂੰ ਆਪਣਾ ਢਿੱਡ ਭਰ ਕੱਲ੍ਹ ਨੂੰ ਸਾਡੇ ਦਫ਼ਤਰ ਪੁੱਜ ਜਾਵੀਂ ਤੈਨੂੰ ਮਹੀਨਾਵਾਰ ਪੈਨਸ਼ਨ ਲਾ ਦਿੱਤੀ ਜਾਵੇਗੀ। ਜਿਸ ਨਾਲ ਤੂੰ ਢਿੱਡ ਭਰ ਕੇ ਰੋਟੀ ਖਾ ਸਕੇਗਾ ਅਤੇ ਕਿਰਾਏ ਦੇ ਮਕਾਨ ਵਿਚ ਰਹਿ ਸਕੇਗਾ।

8. ਸਵਾਲ : ਕੀ ਕੋਈ ਸੁੰਘ ਕੇ ਪੜ੍ਹ ਸਕਦਾ ਹੈ ਜਾਂ ਰੰਗ ਦੱਸ ਸਕਦਾ ਹੈ ?

**✪ ਗੁਰਦੁਆਰੇ ਵੀ ਨਿੱਜੀ ਹਨ?**

ਪਿਛਲੇ ਮਈ ਮਹੀਨੇ, ਪੰਜਾਬੀ ਦੇ ਇਕ ਅਖ਼ਬਾਰ ਵਿਚ ਇਸ਼ਤਿਹਾਰ ਪੜ੍ਹਨ ਨੂੰ ਮਿਲਿਆ। ਇਸ ਵਿਚ ਇਕ 75 ਸਾਲਾ ਵਿਅਕਤੀ ਨੇ ਲਿਖਿਆ ਹੈ ਕਿ ਉਸ ਨੂੰ ਸੁੱਘੜ ਤੇ ਸਿਆਣੀ ਪਤਨੀ ਦੀ ਲੋੜ ਹੈ। ਉਸ ਦੀ ਆਮਦਨ ਅਥਾਹ ਹੈ। ਇਕ ਗੁਰਦੁਆਰਾ ਵੀ ਨਿੱਜੀ ਹੈ। ਇਹ ਇਸ਼ਤਿਹਾਰ ਸਾਡੇ ਤਰਕਸ਼ੀਲਾਂ ਦੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਬਹੁਤ ਸਾਰੇ ਵਿਅਕਤੀਆਂ ਲਈ ਧਰਮ ਇਕ ਧੰਦਾ ਬਣ ਗਿਆ ਹੈ। ਇਸ ਤਰ੍ਹਾਂ ਧਰਮ ਵਾਸਤੇ ਚੜ੍ਹਾਇਆ ਹੋਇਆ ਪੈਸਾ-ਧੇਲਾ ਬਹੁਤਾ ਧੰਦੇਬਾਜ਼ਾਂ ਦੀ ਜੇਬ ਵਿਚ ਜਾ ਰਿਹਾ ਹੈ। ਇਹ ਵੀ ਇਕ ਅਸਲੀਅਤ ਹੈ ਕਿ ਇਸ ਵਿਚੋਂ ਕੁੱਝ ਪੈਸਾ ਲੰਗਰ ਲਈ ਵੀ ਲਾਇਆ ਜਾਂਦਾ ਹੈ। ਤਰਕਸ਼ੀਲ ਭਾਵੇਂ ਲੰਗਰਾਂ, ਛਬੀਲਾਂ ਆਦਿ ਵਿਚ ਵਿਸ਼ਵਾਸ ਨਹੀਂ ਰੱਖਦੇ, ਪਰ ਦਾਨ-ਪੁੰਨ ਉਹ ਵੀ ਕਰਦੇ ਹਨ। ਉਹ ਦਾਨ-ਪੁੰਨ ਸਾਡੀਆਂ ਹਾਲਤਾਂ ਨੂੰ ਤਰਸਯੋਗ ਬਣਾਉਣ ਵਾਲੇ ਢਾਂਚੇ ਨੂੰ ਬਦਲਣ ਲਈ ਕਰਦੇ ਹਨ।

ਜਵਾਬ : ਮਨੁੱਖੀ ਸਰੀਰ ਵਿਚ ਪੰਜ ਗਿਆਨ ਇੰਦਰੀਆਂ ਹੁੰਦੀਆਂ ਹਨ। ਵੇਖਣ, ਸੁਣਨ, ਸੁੰਘਣ, ਛੂਹਣ ਅਤੇ ਸੁਆਦ। ਸਾਰੀਆ ਗਿਆਨ ਇੰਦਰੀਆਂ ਦੇ ਅੱਡ-ਅੱਡ ਕਾਰਜ ਹੁੰਦੇ ਹਨ। ਲਿਖਾਈ, ਕਿਤਾਬ ਵਿਚ ਪੈਰਾ ਸਿਰਫ਼ ਤੇ ਸਿਰਫ਼ ਦੇਖ ਕੇ ਹੀ ਪੜ੍ਹਿਆ ਜਾ ਸਕਦਾ ਹੈ। ਹਾਂ, ਜੇਕਰ ਅੱਖਰ ਕੁੱਝ ਉਭਰਵੇਂ ਹੋਣ ਤਾਂ ਅੰਨੇ ਵਿਅਕਤੀ ਅੱਖਰਾਂ ਨੂੰ ਛੂਹ ਕੇ ਪੜ੍ਹ ਸਕਦੇ ਹਨ। ਜ਼ੀਰਾ ਵਿਖੇ ਬ੍ਰੇਨਪੀਡੀਆ ਨਾਮ ਦੀ ਸੰਸਥਾ ਨੇ ਇਸ ਸਬੰਧੀ ਸਾਡੀ ਚੁਣੌਤੀ ਕਬੂਲ ਕੀਤੀ ਹੈ। ਜਿਸ ਦੀ ਰੀਪੋਰਟ ਮੈਗਜ਼ੀਨ ਦੇ ਇਸੇ ਅੰਕ ਵਿਚ ਛਾਪੀ ਜਾ ਰਹੀ ਹੈ। ਜ਼ੀਰਾ ਵਾਲੇ ਤਰਕਸ਼ੀਲ ਲਗਾਤਾਰ ਮੇਰੇ ਸੰਪਰਕ ਵਿਚ ਰਹੇ ਹਨ।

9. ਸਵਾਲ : ਕੀ ਸੜਕਾਂ 'ਤੇ ਛਬੀਲਾਂ ਲਾਉਣੀਆਂ ਠੀਕ ਹਨ ਜਾਂ ਗ਼ਲਤ?

ਜਵਾਬ : ਪੰਜਾਬ ਵਿਚ ਥਾਂ-ਥਾਂ 'ਤੇ ਮਿੱਠੇ ਪਾਣੀ, ਪਕੌੜਿਆਂ ਅਤੇ ਜਲੇਬੀਆਂ ਦੀਆਂ ਛਬੀਲਾਂ ਲਾਈਆਂ ਜਾ ਰਹੀਆਂ ਹਨ। ਜਿਸ ਨਾਲ ਤ੍ਰੇਹੇ ਤੇ ਭੁੱਖੇ ਆਦਮੀਆਂ ਦਾ ਢਿੱਡ ਭਰ ਜਾਂਦਾ ਹੈ। ਇਹ ਇਕ ਚੰਗਾ ਵਰਤਾਰਾ ਹੈ, ਜੋ ਰੋਜ਼ ਹੀ ਚੱਲਣਾ ਚਾਹੀਦਾ ਹੈ। ਕਿਸੇ ਇਕ ਦਿਨ ਛਬੀਲ ਲਾ ਕੇ ਅਸੀਂ ਭੁੱਖਿਆਂ ਦੇ ਢਿੱਡ ਬਹੁਤੇ ਭਰ ਦਿੰਦੇ ਹਾਂ। ਜੇ ਰੋਜ਼ ਹੀ ਛਬੀਲਾਂ ਲੱਗਣ ਤਾਂ ਉਹ ਲੋੜ ਅਨੁਸਾਰ ਹੀ ਖਾਣ-ਪੀਣਗੇ। ਇਕੋ ਵਾਰ ਜ਼ਿਆਦਾ ਖਾ-ਪੀ ਕੇ ਬਿਮਾਰ ਨਹੀਂ ਪੈਣਗੇ। ਛਬੀਲਾਂ ਵਾਲਿਆਂ ਨੂੰ ਸੜਕ ਤੋਂ ਗੁਜ਼ਰ ਰਹੀ ਟ੍ਰੈਫ਼ਿਕ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਹਾਦਸਿਆਂ ਤੋਂ ਬਚਣ ਲਈ ਉਨ੍ਹਾਂ ਨੂੰ ਛਬੀਲਾਂ ਸੜਕਾਂ ਤੋਂ ਕੁੱਝ ਹਟ ਕੇ ਲਾਉਣੀਆਂ ਚਾਹੀਦੀਆਂ ਹਨ ਅਤੇ ਯਾਤਰੀਆਂ ਨੂੰ ਰੋਕਣ ਲਈ ਜ਼ਬਰਦਸਤੀ ਨਹੀਂ ਕਰਨੀ ਚਾਹੀਦੀ।

10. ਸਵਾਲ : ਮਰਨ ਸਮੇਂ ਕੁੱਝ ਵਿਅਕਤੀਆਂ ਨੇ ਆਪਣੀ ਆਤਮਾ ਨੂੰ ਸਰੀਰ ਛੱਡਦੇ ਵੇਖਿਆ ਹੈ, ਇਹ ਕੀ ਹੁੰਦਾ ਹੈ?

ਜਵਾਬ : ਦੁਨੀਆਂ ਵਿਚ ਡਾਕਟਰਾਂ ਦੇ ਯਤਨਾਂ ਸਦਕਾ ਮੌਤ ਦੇ ਮੂੰਹ ਤੋਂ ਬਚਾਏ ਗਏ ਬਹੁਤ ਸਾਰੇ ਵਿਅਕਤੀਆਂ ਨੇ ਅਜਿਹੀਆਂ ਕਿਤਾਬਾਂ ਲਿਖੀਆਂ ਹਨ। ਜਿਨ੍ਹਾਂ ਵਿਚ ਉਨ੍ਹਾਂ ਨੇ ਵਿਆਖਿਆ ਕੀਤੀ ਹੈ ਕਿ ਕੌਮਾਂ ਵਿਚ (ਨੀਮ ਬੇਹੋਸ਼ੀ) ਜਾਣ ਸਮੇਂ ਉਨ੍ਹਾਂ ਨਾਲ ਕੀ ਵਾਪਰਿਆ ਹੈ। ਧਾਰਮਕ ਵਿਅਕਤੀਆਂ ਦਾ ਵਿਸ਼ਵਾਸ ਆਤਮਾ, ਜਮਦੂਤਾਂ ਅਤੇ ਸਵਰਗਾਂ ਵਿਚ ਹੁੰਦਾ ਹੈ। ਇਸ ਲਈ ਉਹ ਆਪਣੇ ਸਰੀਰ ਵਿਚੋਂ ਆਤਮਾ ਨਿਕਲਦੀ ਦੇਖਦੇ ਹਨ ਅਤੇ ਫ਼ਰਿਸ਼ਤੇ ਉਨ੍ਹਾਂ ਦੀ ਆਤਮਾ ਨੂੰ ਸਵਰਗਾਂ ਵਿਚ ਲਿਜਾਂਦੇ ਦਿਖਾਈ ਦਿੰਦੇ ਹਨ। ਪਰ ਦੂਜੇ ਪਾਸੇ, ਕੁੱਝ ਨਾਸਤਿਕ ਵਿਅਕਤੀਆਂ ਨੇ ਵੀ ਆਪਣੇ ਤਜਰਬੇ ਇਸ ਸਬੰਧੀ ਲਿਖੇ ਹਨ। ਉਨ੍ਹਾਂ ਅਨੁਸਾਰ, ਜਦੋਂ ਉਨ੍ਹਾਂ ਦੀ ਮੌਤ ਹੋਈ ਤਾਂ ਉਨ੍ਹਾਂ ਨੂੰ ਸਿਰਫ਼ ਹਨੇਰੇ ਤੋਂ ਵੱਧ ਕੁੱਝ ਨਜ਼ਰ ਨਹੀਂ ਆਉਂਦਾ। ਸੋ ਇਹ ਅਨੁਭਵ ਤੋਂ ਵੱਧ ਕੁੱਝ ਨਹੀਂ ਹੈ।

11. ਸਵਾਲ : ਬ੍ਰਹਿਮੰਡ ਦੀ ਸਿਰਜਣਾ ਤੋਂ ਪਹਿਲਾਂ ਪ੍ਰਮਾਤਮਾ ਕਿੱਥੇ ਸੀ? ਅਤੇ ਸਿਰਜਣ ਤੋਂ ਬਾਅਦ ਕਿੱਥੇ ਚਲਾ ਗਿਆ ਅਤੇ ਅੱਜ ਕੱਲ੍ਹ ਕੀ ਕਰ ਰਿਹਾ ਹੈ?

ਜਵਾਬ : ਅਸੀਂ ਤਰਕਸ਼ੀਲ ਪ੍ਰਮਾਤਮਾ ਦੀ ਹੋਂਦ ਵਿਚ ਕੋਈ ਵਿਸ਼ਵਾਸ ਨਹੀਂ ਰਖਦੇ ਨਾ ਤਾਂ ਬ੍ਰਹਿਮੰਡ ਸਿਰਜਣ ਲਈ ਅਜਿਹੀ ਕੋਈ ਸ਼ਕਤੀ ਸੀ ਅਤੇ ਨਾ ਹੀ ਹੋਵੇਗੀ। ਬ੍ਰਹਿਮੰਡ ਵਿਗਿਆਨ ਦੇ ਕੁਦਰਤੀ ਨਿਯਮਾਂ ਅਨੁਸਾਰ ਹੋਂਦ ਵਿਚ ਆਉਂਦਾ ਰਹਿੰਦਾ ਹੈ ਅਤੇ ਨਸ਼ਟ ਵੀ ਹੁੰਦਾ ਰਹਿੰਦਾ ਹੈ। ਇਹ ਵਰਤਾਰਾ ਲਗਭਗ ਤਿੰਨ ਹਜ਼ਾਰ ਕਰੋੜ ਵਰ੍ਹਿਆਂ ਦਾ ਹੈ। ਅੱਜ ਤੋਂ ਲਗਭਗ 15 ਅਰਬ ਵਰ੍ਹੇ ਪਹਿਲਾਂ ਬ੍ਰਹਿਮੰਡ ਵਿਚ ਮੌਜੂਦ ਮਾਦੇ ਦੀ ਘਣਤਾ ਬਹੁਤ ਜ਼ਿਆਦਾ ਵੱਧ ਗਈ ਸੀ, ਜਿਸ ਕਾਰਨ ਇਹ ਧਮਾਕੇ ਨਾਲ ਫਟ ਗਿਆ ਅਤੇ ਅੱਜ 15 ਅਰਬ ਵਰ੍ਹੇ ਬੀਤ ਜਾਣ ਤੋਂ ਬਾਅਦ ਵੀ ਇਥੇ ਮੌਜੂਦ ਮਾਦਾ ਇਕ-ਦੂਜੇ ਤੋਂ ਦੂਰ ਜਾ ਰਿਹਾ ਹੈ। ਕੁੱਝ ਹੋਰ ਸਮੇਂ ਬਾਅਦ ਇਕ ਦੂਜੇ ਦੇ ਨੇੜੇ ਆਉਣਾ ਸ਼ੁਰੂ ਕਰ ਦੇਵੇਗਾ ਅਤੇ ਇਸ ਦੀ ਘਣਤਾ ਵੀ ਵਧਣੀ ਸ਼ੁਰੂ ਹੋ ਜਾਵੇਗੀ, ਜਿਸ ਦੇ ਸਿੱਟੇ ਵਜੋਂ ਇਸ ਵਿਚ ਮੁੜ ਧਮਾਕਾ ਹੋ ਜਾਵੇਗਾ। ਇਸ ਤਰ੍ਹਾਂ ਬ੍ਰਹਿਮੰਡ ਦੇ ਫੈਲਣ ਅਤੇ ਸੁੰਗੜਨ ਦਾ ਚੱਕਰ ਚੱਲਦਾ ਰਹਿੰਦਾ ਹੈ। ਮਾਦਾ ਸਦਾ ਸੀ ਅਤੇ ਸਦਾ ਹੀ ਮੌਜੂਦ ਰਹੇਗਾ, ਭਾਵੇਂ ਇਸ ਦਾ ਰੂਪ ਕੋਈ ਵੀ ਹੋਵੇ।

12. ਸਵਾਲ : ਮੈਂ ਸਾਲ ਭਰ ਦਵਾਈ ਲੈਂਦ ਰਹੀ, ਪਰ ਮੇਰੀ ਕਿਡਨੀ ਠੀਕ ਨਹੀਂ ਹੋਈ। ਇਕ ਦਿਨ ਮੈਂ ਕਿਸੇ ਧਾਰਮਕ ਸਥਾਨ ਗਈ ਅਤੇ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਮੇਰੀ ਕਿਡਨੀ ਸਦਾ ਲਈ ਠੀਕ ਹੋ ਗਈ ਹੈ।

ਜਵਾਬ : ਅੱਜ ਕੱਲ੍ਹ ਬਹੁਤੇ ਡਾਕਟਰ ਡਾਕਟਰ ਨਹੀਂ ਰਹੇ, ਸਗੋਂ ਦੁਕਾਨਦਰ ਬਣ ਗਏ ਹਨ। ਪੈਸੇ ਬਣਾਉਣ ਲਈ ਉਹ ਝੂਠ-ਮੂਠ ਦੇ ਟੈਸਟ ਕਰਵਾਉਂਦੇ ਹਨ ਤੇ ਗ਼ਲਤ-ਫਲਤ ਰਿਪੋਰਟਾਂ ਦੇਖ ਕੇ ਮਰੀਜ਼ਾਂ ਨੂੰ ਗੰਭੀਰ ਬਿਮਾਰੀਆਂ ਦੇ ਲੱਛਣ ਦੱਸ ਕੇ ਗੁੰਮਰਾਹ ਕਰਦੇ ਹਨ। ਇਸ ਤੋਂ ਬਚਣ ਦਾ ਢੰਗ ਸਿਰਫ਼ ਇਹ ਹੀ ਹੈ ਕਿ ਸਲਾਹ-ਮਸ਼ਵਰਾ ਦੋ ਤਿੰਨ ਡਾਕਟਰਾਂ ਨਾਲ ਕਰ ਲਿਆ ਜਾਵੇ ਅਤੇ ਰਿਪੋਰਟਾਂ ਵੀ ਦੋ-ਤਿੰਨ ਥਾਵਾਂ ਤੋਂ ਟੈਸਟ ਕਰਵਾ ਲਈਆਂ ਜਾਣ। ਤੁਹਾਨੂੰ ਕਿਡਨੀ ਦੀ ਬਿਮਾਰੀ ਹੈ ਸੀ, ਜਾਂ ਨਹੀਂ, ਮੈਂ ਕੁੱਝ ਨਹੀਂ ਕਹਿ ਸਕਦਾ। ਪਰ ਤੁਹਾਡਾ ਦਾਅਵਾ, ਮੇਰੀ ਧਾਰਮਕ ਆਸਥਾ ਅਤੇ ਸਰੋਵਰ ਵਿਚ ਨਹਾਉਣ ਨਾਲ ਕਿਡਨੀ ਠੀਕ ਹੋ ਗਈ ਹੈ, ਲੋਕਾਂ ਨੂੰ ਗੁਮਰਾਹ ਕਰਨ ਵਾਲੀ ਹੈ। ਤੁਹਾਨੂੰ ਇਹ ਦਸਣਾ ਹੀ ਨਹੀਂ ਚਾਹੀਦਾ। ਇਸ ਤਰ੍ਹਾਂ ਤੁਸੀਂ ਕੁੱਝ ਵਿਅਕਤੀਆਂ ਦੇ ਕਾਤਲ ਵੀ ਹੋ ਸਕਦੇ ਹੋ। ਕਿਉਂਕਿ ਜੇ ਕਿਡਨੀ ਦੀ ਗੰਭੀਰ ਬਿਮਾਰੀ ਵਾਲੇ ਵਿਅਕਤੀ ਇਲਾਜ ਕਰਵਾਉਣ ਦੀ ਵਜਾਏ ਸਰੋਵਰਾਂ ਵਿਚ ਨਹਾਉਣਾ ਸ਼ੁਰੂ ਕਰ ਦੇਣਗੇ ਤਾਂ ਉਹ ਮੌਤ ਦੇ ਮੂੰਹ ਵਿਚ ਜਾ ਪੈਣਗੇ।



13. ਸਵਾਲ : ਕੀ ਏਲੀਅਨਜ਼ ਦੀ ਕੋਈ ਹੋਂਦ ਹੁੰਦੀ ਹੈ?

ਜਵਾਬ : ਏਲੀਅਨਜ਼ ਹੋ ਤਾਂ ਸਕਦੇ ਹਨ, ਕਿਉਂਕਿ ਜੇ ਸਾਡੀ ਗਲੈਕਸੀ ਦੇ ਇਕ ਤਾਰੇ ਸੂਰਜ ਦੇ ਤੀਜੇ ਗ੍ਰਹਿ ਧਰਤੀ 'ਤੇ ਜੀਵਨ ਸੰਭਵ ਹੋ ਸਕਦਾ ਹੈ ਤਾਂ ਸਾਡੀ ਗਲੈਕਸੀ ਵਿਚ ਅਰਬਾਂ ਹੀ ਤਾਰੇ ਅਤੇ ਗ੍ਰਹਿ ਮੰਡਲ ਹਨ। ਦੂਜੀਆਂ ਅਰਬਾਂ ਗਲੈਕਸੀਆਂ ਵਿਚ ਉਨ੍ਹਾਂ ਦੇ ਤਾਰਾ ਮੰਡਲਾਂ ਦੇ ਕਿਸੇ ਹੋਰ ਗ੍ਰਹਿ 'ਤੇ ਜੀਵਨ ਹੋਣ ਦੀ ਸੰਭਾਵਨਾ ਨਕਾਰੀ ਨਹੀਂ ਜਾ ਸਕਦੀ। ਸਾਡਾ ਨੇੜੇ ਤੋਂ ਨੇੜੇ ਤਾਰਾ ਅਲਫ਼ਾ ਸੈਂਚੁਰੀ ਸਾਥੋਂ 4.5 ਪ੍ਰਕਾਸ਼ ਵਰ੍ਹੇ ਦੀ ਦੂਰੀ 'ਤੇ ਹੈ। ਸਾਡੇ ਬਣਾਏ ਹੋਏ ਉਪਗ੍ਰਹਿ ਤਾਂ ਅਜੇ ਪ੍ਰਕਾਸ਼ ਦੀ ਗਤੀ ਤੋਂ ਲੱਖਾਂ ਗੁਣਾਂ ਘੱਟ ਗਤੀ ਦੇ ਹਨ। ਇਸ ਲਈ ਜੇ ਸਾਡੇ ਉਪਗ੍ਰਹਿ ਅੱਜ ਅਲਫ਼ਾ ਸੈਂਚੁਰੀ ਲਈ ਚੱਲ ਪੈਣ ਜਾਂ ਚੱਲੇ ਹੋਏ ਹਨ ਤਾਂ ਉਨ੍ਹਾਂ ਨੂੰ ਪਹੁੰਚਣ ਲਈ ਅਜੇ ਲੱਖਾਂ ਵਰ੍ਹੇ ਹੋਰ ਲੱਗ ਜਾਣੇ ਹਨ। ਇਸ ਲਈ ਸੁਆਲ ਏਲੀਅਨਜ਼ ਦੀ ਹੋਂਦ ਦਾ ਨਹੀਂ, ਉਨ੍ਹਾਂ ਦੀ ਧਰਤੀ 'ਤੇ ਪੁੱਜਣ ਦਾ ਹੈ।

14. ਸਵਾਲ : ਬਹੁਤ ਸਾਰੇ ਤਰਕਸ਼ੀਲਾਂ ਨੇ ਆਪਣੇ ਵਿਆਹਾਂ ਜਾਂ ਆਪਣੇ ਬਜ਼ੁਰਗਾਂ ਦੀ ਮੌਤ 'ਤੇ ਧਾਰਮਿਕ ਰਸਮਾਂ ਕੀਤੀਆਂ ਹੁੰਦੀਆਂ ਹਨ। ਕੀ ਇਹ ਦੋਹਰਾ ਮਿਆਰ ਨਹੀਂ?

ਜਵਾਬ : ਹਰੇਕ ਬੱਚਾਂ ਜਨਮ ਸਮੇਂ ਤਾਂ ਨਾਸਤਿਕ ਹੁੰਦਾ ਹੈ, ਪਰ ਜਿਉਂ-ਜਿਉਂ ਵੱਡਾ ਹੁੰਦਾ ਜਾਂਦਾ ਹੈ। ਉਸ ਦਾ ਆਲਾ-ਦੁਆਲਾ ਉਸ ਨੂੰ ਰੱਬ ਦੀ ਹੋਂਦ ਅਤੇ ਧਾਰਮਿਕ ਸਥਾਨਾਂ ਵਿਚ ਸ਼ਰਧਾ ਤੇ ਵਿਸ਼ਵਾਸ ਰੱਖਣੇ ਸਿਖਾ ਦਿੰਦਾ ਹੈ। ਇਸ ਤਰ੍ਹਾਂ ਉਹ ਧਾਰਮਿਕ ਬਣ ਜਾਂਦਾ ਹੈ। ਅਜਿਹੇ ਬੱਚੇ ਬਾਲਗ ਹੋਣ 'ਤੇ ਆਪਣੇ ਵਿਆਹ ਅਤੇ ਆਪਣੇ ਬਜ਼ੁਰਗਾਂ ਦੀ ਮੌਤ 'ਤੇ ਧਾਰਮਿਕ ਪ੍ਰੋਗਰਾਮ ਕਰਦੇ ਹਨ। ਜਿਉਂ-ਜਿਉਂ ਕੋਈ ਵਿਅਕਤੀ ਤਰਕਸ਼ੀਲਾਂ ਦੀਆਂ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੰਦਾ ਹੈ। ਉਹ ਅਜਿਹੇ ਵਿਸ਼ਵਾਸਾਂ ਨੂੰ ਖ਼ਤਮ ਕਰਨ ਜਾਂ ਘੱਟ ਕਰਨਾ ਚਾਹੁੰਦਾ ਹੈ। ਹੁਣ ਵਿਆਹ ਭਾਵੇਂ ਲੜਕੇ ਤੇ ਲੜਕੀ ਦਾ ਹੁੰਦਾ ਹੈ, ਪਰ ਦੋਵਾਂ ਦੇ ਮਾਂ-ਬਾਪ ਰਿਸ਼ਤੇਦਾਰ ਅਤੇ ਹੋਰ ਭੈਣ-ਭਰਾ ਤਾਂ ਧਾਰਮਿਕ ਹੁੰਦੇ ਹਨ। ਕਈ ਵਾਰ ਉਨ੍ਹਾਂ ਦੀ ਗੱਲ ਮੰਨਣੀ ਪੈਂਦੀ ਹੈ। ਇਸੇ ਤਰ੍ਹਾਂ ਬਜ਼ੁਰਗਾਂ ਦੀ ਮੌਤ 'ਤੇ ਹੁੰਦਾ ਹੈ।

ਬਹੁਤੇ ਬਜ਼ੁਰਗਾਂ ਦਾ ਤਾਂ ਧਰਮ ਵਿਚ ਯਕੀਨ ਹੁੰਦਾ ਹੈ। ਉਨ੍ਹਾਂ ਦੀਆਂ ਅੰਤਿਮ ਰਸਮਾਂ, ਉਨ੍ਹਾਂ ਦੇ ਵਿਸ਼ਵਾਸ ਨਾਲ ਹੀ ਹੁੰਦੀਆਂ ਹਨ। ਉਂਝ ਵਿਚ ਉਨ੍ਹਾਂ ਦੀਆਂ ਪੁੱਤਰ-ਧੀਆਂ ਦਾ ਭੈਣਾਂ-ਭਰਾਵਾਂ ਦਾ ਧਰਮ ਵਿਚ ਯਕੀਨ ਹੁੰਦਾ ਹੈ। ਇਸ ਲਈ ਇਹ ਸਾਰੇ ਰਿਸ਼ਤੇ ਨਾ ਕੱਟੇ ਜਾ ਸਕਦੇ ਹਨ ਨਾ ਤੋੜੇ ਜਾ ਸਕਦੇ ਹਨ ਅਤੇ ਨਾ ਹੀ ਮਨਾਉਣਾ ਸੰਭਵ ਹੁੰਦਾ ਹੈ। ਤਰਕਸ਼ੀਲ ਸਮਾਜ ਨੂੰ ਬਦਲਣਾ ਚਾਹੁੰਦੇ ਹਨ। ਇਹ ਸਮਾਜ ਇਕ ਦਿਨ ਵਿਚ ਬਦਲੇਗਾ ਨਹੀਂ, ਪਰ ਹੌਲੀ-ਹੌਲੀ ਇਸ ਸਮਾਜ ਨੂੰ ਬਦਲਿਆ ਜਾ ਸਕਦਾ ਹੈ। ਤਰਕਸ਼ੀਲਾ ਅਜਿਹਾ ਕਰਨ ਦਾ ਯਤਨ ਕਰ ਰਹੇ ਹਨ।

## ਮਿੰਨੀ ਕਹਾਣੀਆਂ

### ਗਾਂ ਬਨਾਮ ਮਾਂ

ਸ਼ਹਿਰ ਵਿੱਚ ਕਈ ਦਿਨਾਂ ਤੋਂ, ਅਵਾਰਾ ਫਿਰ ਰਹੀ ਉਸ ਗਾਂ ਦੀ ਕੋਈ ਵੀ ਸਾਰ ਨਹੀਂ ਸੀ ਲੈ ਰਿਹਾ। ਲੋਕਾਂ ਦੇ ਡੰਡੇ ਖਾ-ਖਾ ਕੇ ਉਸਦਾ ਸਰੀਰ ਜ਼ਖ਼ਮੀ ਹੋ ਚੁੱਕਾ ਸੀ। ਤੇ ਅੱਜ ਸਵੇਰੇ ਭੁੱਖੀ-ਪਿਆਸੀ ਇਹ ਗਾਂ ਰਾਕੇਸ਼ ਦੀ ਦੁਕਾਨ ਕੋਲ ਆ ਕੇ ਡਿੱਗ ਪਈ। ਇੱਥੇ ਇਕੱਠੇ ਹੋਏ ਲੋਕਾਂ ਨੂੰ ਵੇਖਕੇ ਰਾਕੇਸ਼ ਬੋਲਿਆ, "ਦੇਖੋ ਲੋਕਾਂ ਦਾ ਖੂਨ ਕਿੰਨਾ ਪਤਲਾ ਪੈ ਚੁੱਕਾ ਹੈ, ਦੁੱਧ ਪੀ ਕੇ ਗਊ ਮਾਤਾ ਨੂੰ ਘਰੋਂ ਕੱਢ ਦਿੰਦੇ ਨੇ ਇਹ ਲੋਕ, ਇਹਨਾਂ ਨੂੰ ਤਾਂ ਨਰਕਾਂ ਵਿੱਚ ਵੀ ਢੋਈ ਨਹੀਂ ਮਿਲਣੀ।" ਹੁਣ ਰਾਕੇਸ਼ ਨੇ ਇਸ ਗਾਂ ਦੀ ਸੇਵਾ-ਸੰਭਾਲ ਤੇ ਦਵਾਈ ਬੂਟੀ ਦਾ ਜ਼ੁੰਮਾ ਆਪਣੇ ਸਿਰ ਲੈ ਲਿਆ ਤੇ ਗਾਂ ਨੂੰ ਦਿਨਾਂ ਵਿੱਚ ਹੀ ਤੰਦਰੁਸਤ ਕਰ ਦਿੱਤਾ। ਉਸ ਵੱਲੋਂ ਕੀਤੇ ਇਸ ਧਰਮ ਦੇ ਕਰਜ ਦੀ ਚਰਚਾ ਪੂਰੀ ਮਾਰਕਿਟ ਵਿੱਚ ਹੋ ਰਹੀ ਸੀ।

ਅਜੇ ਕੁੱਝ ਦਿਨ ਹੀ ਲੰਘੇ ਸਨ ਕਿ ਇਹਨਾਂ ਦੋਵਾਂ ਭਰਾਵਾਂ ਤੋਂ ਘਰ ਵਿੱਚ ਹੀ ਅੱਡ ਰਹਿੰਦੀ ਇਹਨਾਂ ਦੀ ਵਿਧਵਾ ਮਾਂ ਸਾਂਭ ਦੇ ਤੋੜੇ ਇਸ ਵਿਖਾਵੇ ਦੀ ਦੁਨੀਆਂ ਨੂੰ ਅਲਵਿਦਾ ਆਖ ਗਈ।

### ਵੋਟ ਬੈਂਕ

ਮੱਸਿਆ ਵਾਲੇ ਦਿਨ ਬਾਬੇ ਦੇ ਡੇਰੇ 'ਤੇ ਭਾਰੀ ਇਕੱਠ ਹੁੰਦਾ ਹੈ ਇਸ ਗੱਲ ਦਾ ਪਤਾ, ਜਦੋਂ ਇਲਾਕੇ ਵਿਚਲੇ ਲੀਡਰ ਨੂੰ ਲੱਗਿਆ ਤਾਂ ਉਸਨੇ ਡੇਰੇ ਦੇ ਮੁੱਖ ਪ੍ਰਬੰਧਕ ਰਹੀ, ਬਾਬਾ ਜੀ ਤੱਕ ਆਪਣੀ ਪਹੁੰਚ ਕੀਤੀ। ਇਸ ਸਮੇਂ ਸੰਗਤਾਂ ਬਾਬਾ ਜੀ ਦੇ ਦਰਸ਼ਨ ਕਰ, ਉਹਨਾਂ ਦੇ ਨਾਂ ਦੇ ਜੈਕਾਰੇ ਲਾ ਰਹੀਆਂ ਸਨ। ਇਸ ਦੌਰਾਨ ਮੁੱਖ ਪ੍ਰਬੰਧਕ ਨੇ ਬਾਬਾ ਜੀ ਦੇ ਕੰਨ ਵਿੱਚ ਲੀਡਰ ਨਾਲ ਹੋਏ ਕਿਸੇ ਸੌਦੇ ਬਾਰੇ ਦੱਸਿਆ। ਬਾਬਾ ਜੀ, ਲੀਡਰ ਵੱਲ ਵੇਖਕੇ ਮੁਸਕਰਾਏ ਤੇ ਆਪਣੀ ਜੱਫੀ ਵਿੱਚ ਲੈ ਲਿਆ। ਹੁਣ ਬਾਬਾ ਜੀ ਦੇ ਨਾਲ-ਨਾਲ ਲੀਡਰ ਨੂੰ ਵੀ ਸੰਗਤਾਂ ਨੂੰ ਆਸ਼ੀਰਵਾਦ ਦੇ ਰਿਹਾ ਸੀ। ...ਤੇ ਹੁਣ ਸੰਗਤਾਂ ਬਾਬਾ ਜੀ ਦਾ ਉਪਦੇਸ਼ ਲੈ ਜੈਕਾਰਿਆਂ ਦੀ ਥਾਂ ਨਾਹਰੇ ਲਾ ਰਹੀਆਂ ਸਨ।

– **ਅਮਰੀਕ ਮਾਨਾਂ**, 98147-86707


## ਵਿਗਿਆਨ ਜੋਤ

*ਨੂੰ ਘਰ ਘਰ ਪਹੁੰਚਾਉਣ ਲਈ*
*ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।*

'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

**ਪੰਜ ਪਾਠਕ** ਬਣਾਉਣ ਵਾਲੇ ਨੂੰ
*70 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ** ਬਣਾਉਣ ਵਾਲੇ ਨੂੰ
*160 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ** ਬਣਾਉਣ ਵਾਲੇ ਨੂੰ
*340 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ** ਬਣਾਉਣ ਵਾਲੇ ਨੂੰ
*1000 ਰੁਪਏ ਮੁੱਲ ਦੀਆਂ ਕਿਤਾਬਾਂ*
*ਅਤੇ ਇੱਕ ਪ੍ਰਸ਼ੰਸਾ ਪੱਤਰ*
ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :

*ਅਮਿੱਤ ਮਿੱਤਰ*
*ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,*
*ਬਰਨਾਲਾ - 148101 (ਪੰਜਾਬ)*

ਨੋਟ ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਹੀ ਉਪਲੱਬਧ ਹੋਣਗੀਆਂ ਤੇ ਮਿਲਣਗੀਆਂ।
✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।
✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# 'ਮਨ' ਕੀ ਹੈ ਤੇ ਕਿਵੇਂ ਕੰਮ ਕਰਦਾ ਹੈ?



ਜਿੰਦੀ ਪੇਂਟਰ ਤਰਕਸ਼ੀਲ
ਮੋਬਾ: 98156-81834

ਸਦੀਆਂ ਤੋਂ ਹੀ ਮਨੁੱਖ ਨੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਹੈ ਕਿ ਉਸਦੇ ਸਰੀਰ ਵਿੱਚ ਉਹ ਕਿਹੜੀ ਚੀਜ਼ ਹੈ ਜੋ ਉਸ ਨੂੰ ਆਲੇ-ਦੁਆਲੇ ਦੀਆਂ ਚੀਜ਼ਾਂ ਦਾ ਅਹਿਸਾਸ ਕਰਾਉਂਦੀ ਹੈ। ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਵਿੱਚ ਫਸੇ ਹੋਏ ਬਹੁਤ ਸਾਰੇ ਧਾਰਮਿਕ ਲੋਕ ਇਸ ਨੂੰ 'ਆਤਮਾ' ਕਹਿੰਦੇ ਹਨ ਜਿਸਨੂੰ ਕਲਪਨਿਕ 'ਪ੍ਰਮਾਤਮਾ' ਨੇ ਸਿਰਫ ਮਨੁੱਖਾਂ ਦੇ ਸਰੀਰਾਂ ਵਿੱਚ ਹੀ ਪਾਇਆ ਹੈ। ਇਨ੍ਹਾਂ ਦਾ ਮੰਨਣਾ ਹੈ ਕਿ ਇਹ ਆਤਮਾ ਹੀ ਪੂਰੇ ਸਰੀਰ ਨੂੰ ਏਧਰ-ਉਧਰ ਘੁਮਾਉਂਦੀ-ਫਿਰਾਉਂਦੀ ਰਹਿੰਦੀ ਹੈ, ਜਦੋਂ ਇਹ ਆਤਮਾ ਸਰੀਰਕ ਮੌਤ ਹੋਣ ਤੋਂ ਬਾਅਦ ਨਿਕਲ ਜਾਂਦੀ ਹੈ ਤਾਂ ਇਹ ਪ੍ਰਮਾਤਮਾ (ਧਰਮਰਾਜ) ਕੋਲ ਚਲੇ ਜਾਂਦੀ ਹੈ ਤਾਂ ਸਰੀਰ ਆਪਣੀ ਕਾਰਜਸ਼ੀਲਤਾ ਨਹੀਂ ਕਰ ਸਕਦਾ। ਜੇਕਰ ਪ੍ਰਮਾਤਮਾ ਚਾਹੇ ਤਾਂ ਆਤਮਾ ਨੂੰ ਸਰੀਰ ਵਿੱਚ ਦੁਬਾਰਾ ਭੇਜ ਕੇ ਜਿਉਂਦਾ-ਜਾਗਦਾ ਕਰ ਸਕਦਾ ਹੈ। ਅਧਿਆਤਮਵਾਦੀ ਲੋਕ, ਡੇਰਿਆਂ ਵਾਲੇ ਧੋਖੇਬਾਜ ਬਾਬੇ ਤੇ ਸਾਧੂ-ਸੰਤ ਲੋਕਾਂ ਨੂੰ ਆਪਣਾ 'ਮਾਨਸਿਕ ਗੁਲਾਮ' ਬਣਾ ਕੇ ਲੁੱਟਣ ਲਈ ਇਸ ਦਾ ਪ੍ਰਚਾਰ ਕਰਦੇ ਹੋਏ ਹਰ ਰੋਜ, ਟੈਲੀਵਿਜਨ ਦੇ ਚੈਨਲਾਂ ਉੱਪਰ ਦੇਖੇ ਜਾ ਸਕਦੇ ਹਨ। ਉਹ ਇੱਕ 'ਨਾਮਦਾਨ' ਜਾਂ 'ਸ਼ਬਦ' ਦਿੰਦੇ ਹਨ, ਜਿਸਦਾ ਜਾਪ ਕਰਨ ਨਾਲ ਆਤਮਾ ਨੂੰ ਪਵਿੱਤਰ ਕਰਕੇ 'ਸਵਰਗ' ਵਿੱਚ ਭੇਜਿਆ ਜਾ ਸਕਦਾ ਹੈ, ਨਹੀਂ ਤਾਂ 'ਨਰਕਾਂ' ਦੇ ਦਰਵਾਜੇ ਹਰ ਵਕਤ ਖੁੱਲ੍ਹੇ ਹਨ। ਇਹ ਫੈਸਲਾ ਪ੍ਰਮਾਤਮਾ (ਧਰਮਰਾਜ) ਹੀ ਤੈਅ ਕਰਦਾ ਹੈ ਜੋ ਉੱਪਰ ਅਸਮਾਨ ਵਿੱਚ ਕੁਰਸੀ 'ਤੇ ਬੈਠਾ ਹੈ, ਜਿਹੜੀਆਂ ਆਤਮਾਵਾਂ ਉਸ ਕੋਲ ਪਹੁੰਚਦੀਆਂ ਹਨ, ਉਨ੍ਹਾਂ ਦਾ ਲੇਖਾ ਜੋਖਾ ਕਰਮਾਂ ਦੇ ਹਿਸਾਬ ਨਾਲ ਹੁੰਦਾ ਹੈ ਇਹ ਸਾਰਾ ਹਿਸਾਬ-ਕਿਤਾਬ ਧਰਮਰਾਜ ਦੇ ਗੁਪਤ ਗ੍ਰੰਥ ਵਿੱਚ ਦਰਜ ਹੁੰਦਾ ਰਹਿੰਦਾ ਹੈ ਤਾਂ ਜੋ ਅੰਤ ਵਿੱਚ ਆਤਮਾ ਦਾ ਨਬੇੜਾ ਕੀਤਾ ਜਾ ਸਕੇ। ਲਾਈਲੱਗ ਮੂਰਖ ਤੇ ਧੋਖੇਬਾਜ਼ਾਂ ਦਾ ਮੰਨਣਾ ਹੈ ਕਿ ਸਿਰਫ ਮਨੁੱਖੀ ਸਰੀਰ ਵਿੱਚ ਹੀ 'ਆਤਮਾ' ਹੁੰਦੀ ਹੈ, ਬਾਕੀ ਜਾਨਵਰਾਂ, ਪੰਛੀਆਂ ਤੇ ਪੇੜ ਪੌਦਿਆਂ ਵਿੱਚ ਇਹ ਬਿਲਕੁਲ ਵੀ ਨਹੀਂ ਹੁੰਦੀ, ਇਹ ਬੇਜਾਨ ਹਨ। ਇਹਨਾਂ ਦਾ ਕਿਤੇ ਲੇਖਾ-ਜੋਖਾ ਨਹੀਂ ਤੇ ਨਾ ਹੀ ਇਨ੍ਹਾਂ ਲਈ ਸਵਰਗ-ਨਰਕ ਹਨ। ਇਹ ਸਿਰਫ ਮਨੁੱਖਾਂ ਲਈ ਖਾਣ-ਪੀਣ ਤੇ ਮਨੋਰੰਜਨ ਦੀਆਂ ਹੀ ਵਸਤੂਆਂ ਹਨ। ਡੇਰਿਆਂ ਵਾਲੇ ਬਾਬਿਆਂ ਤੇ ਸਾਧਾਂ-ਸੰਤਾਂ ਅਨੁਸਾਰ ਚੁਰਾਸੀ ਲੱਖ ਜੂਨਾਂ ਤੋਂ ਬਾਅਦ ਹੀ ਆਤਮਾ ਵਾਲਾ ਮਨੁੱਖੀ ਸਰੀਰ ਪ੍ਰਾਪਤ ਹੁੰਦਾ ਹੈ। ਇਸ ਵਿੱਚ ਹੀ ਮਨੁੱਖ ਜੇ ਚੰਗੇ ਕਰਮ ਕਰਕੇ ਪ੍ਰਮਾਤਮਾ ਦਾ ਨਾਮ ਜਪ ਕੇ ਗੁਰੂਆਂ, ਪੀਰਾਂ, ਬਾਬਿਆਂ ਤੇ ਸਾਧਾਂ-ਸੰਤਾਂ ਦੇ ਲੜ ਲੱਗ ਕੇ ਹੀ ਆਪਣੇ ਆਪ ਨੂੰ ਜੂਨਾਂ ਦੇ ਚੱਕਰਾਂ ਵਿੱਚ ਆਉਣ ਤੋਂ ਮੁਕਤ ਕਰਵਾ ਸਕਦਾ ਹੈ। ਨਹੀਂ ਤਾਂ ਆਤਮਾ ਏਧਰ ਉਧਰ ਸਰੀਰਾਂ ਵਿੱਚ ਭਟਕਦੀ ਰਹਿੰਦੀ ਹੈ।

ਪਰ ਖੋਜਕਾਰਾਂ (ਵਿਗਿਆਨੀਆਂ) ਨੇ ਆਪਣੀਆਂ ਖੋਜਾਂ, ਪਰਖਾਂ ਤੇ ਜਾਂਚ-ਪੜਤਾਲਾਂ ਰਾਹੀਂ ਇਸ ਨੂੰ ਆਤਮਾ ਦੀ ਜਗ੍ਹਾ 'ਮਨ' ਆਖਿਆ ਹੈ ਤੇ ਪ੍ਰਮਾਤਮਾ ਦੀ ਜਗ੍ਹਾ 'ਕੁਦਰਤ'। ਇੱਥੇ ਮਨ ਤੇ ਕੁਦਰਤ ਦੇ ਨਿਯਮ ਆਤਮਾ ਤੇ ਪ੍ਰਮਾਤਮਾ ਦੇ ਨਿਯਮਾਂ ਦੇ ਬਿਲਕੁਲ ਉਲਟ ਹਨ। ਜੇ ਇੱਕ ਦਾ ਨਿਯਮ ਉੱਪਰ ਨੂੰ ਜਾਂਦਾ ਹੈ ਤਾਂ ਦੂਜੇ ਦਾ ਹੇਠਾਂ ਨੂੰ। ਪ੍ਰਮਾਤਮਾ ਦੇ ਨਿਯਮਾਂ ਦੇ ਉਲਟ ਕੁਦਰਤ ਦੇ ਨਿਯਮ ਸਦੀਵੀ ਸੱਚ ਹੁੰਦੇ ਹਨ ਤੇ ਅਟੱਲ (ਸਥਿਰ) ਰਹਿੰਦੇ ਹਨ। ਜਿਨ੍ਹਾਂ ਨੂੰ ਕੋਈ ਬਦਲ ਨਹੀਂ ਸਕਦਾ ਅਤੇ ਨਾ ਹੀ ਇਨ੍ਹਾਂ ਨੂੰ ਕੋਈ ਪੈਦਾ ਜਾਂ ਨਸ਼ਟ ਕਰ ਸਕਦਾ ਹੈ। ਕੁਦਰਤ ਦੇ ਮੁੱਖ ਨਿਯਮ ਮਾਦਾ ਅਤੇ ਊਰਜਾ ਦੇ ਨਿਯਮਾਂ ਅਨੁਸਾਰ ਇਸ ਨੂੰ ਨਾ ਹੀ ਪੈਦਾ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਨਸ਼ਟ ਕੀਤਾ ਜਾ ਸਕਦਾ ਹੈ। ਮਾਦਾ ਅਤੇ ਊਰਜਾ ਇੱਕ ਦੂਜੇ ਵਿੱਚ ਬਦਲਣਯੋਗ ਹਨ ਜਿਸ ਕਾਰਨ ਸਾਰਾ ਬ੍ਰਹਿਮੰਡ ਜਿਸ ਵਿੱਚ ਗਲੈਕਸੀਆਂ, ਤਾਰੇ ਸੂਰਜ, ਖਾਲੀ ਥਾਂ (ਖੈਲਾਅ), ਗ੍ਰਹਿ, ਧਰਤੀ ਪੇੜ-ਪੌਦੇ, ਪਸ਼ੂ-ਪੰਛੀ, ਜਾਨਵਰ ਤੇ ਮਨੁੱਖ ਹੋਂਦ ਵਿੱਚ ਆਏ। ਕੁਦਰਤ ਵੀ ਆਪਣੇ ਸਵੈ-ਨਿਯਮਾਂ ਵਿੱਚ ਬੱਝ ਕੇ ਹੀ ਕੰਮ ਕਰਦੀ ਹੈ। ਇਹ ਵਿਗਿਆਨਕ ਸਚਾਈ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਵਿੱਚ ਫਸੇ ਹੋਏ 'ਧਾਰਮਿਕ' ਲੋਕ ਨਹੀਂ ਜਾਣਦੇ। 'ਮਨ' ਵੀ ਕੁਦਰਤ ਦੇ ਨਿਯਮਾਂ ਵਿੱਚ ਬੱਝ ਕੇ ਹੀ ਆਪਣਾ ਕੰਮ ਕਰ ਸਕਦਾ ਹੈ। ਇਹ ਆਤਮਾ ਵਾਂਗ ਨਹੀਂ ਹੈ। ਢੁਕਵੀਆਂ ਕੁਦਰਤੀ ਹਾਲਤਾਂ ਤੋਂ ਬਿਨਾਂ 'ਮਨ' ਦਾ ਕੋਈ ਵਜੂਦ ਨਹੀਂ ਹੈ, ਇਸਦੇ ਲਈ ਕੋਈ ਸਵਰਗ-ਨਰਕ ਨਹੀਂ। ਇਹ ਤਾਂ ਬੱਸ ਜਗ ਰਹੀ ਮੋਮਬੱਤੀ ਦੇ ਪ੍ਰਕਾਸ਼ ਵਾਂਗ ਹੈ, ਜਿਵੇਂ ਕਿਸੇ ਮੋਮਬੱਤੀ ਨੂੰ ਜਗਣ ਲਈ ਢੁੱਕਵਾਂ ਵਾਤਾਵਰਨ ਨਾ ਮਿਲਣ 'ਤੇ ਇਹ ਬੁਝ ਜਾਂਦੀ ਹੈ। ਬਿਲਕੁਲ ਅਜਿਹਾ ਹੀ ਮਨ ਨਾਲ ਵੀ ਹੁੰਦਾ ਹੈ।

ਮਨੁੱਖੀ ਸਰੀਰ ਬਾਰੀਕ-ਬਾਰੀਕ (ਸੂਖਮ) ਸੈੱਲਾਂ ਦਾ ਬਣਿਆ ਹੈ। ਇਨ੍ਹਾਂ ਨੂੰ ਮਾਈਕ੍ਰੋਸਕੋਪ (ਸੂਖਮਦਰਸ਼ੀ) ਨਾਲ ਹੀ ਦੇਖਿਆ ਜਾ ਸਕਦਾ ਹੈ। ਮਨ ਅਤੇ ਜਾਨ ਦੋ ਵੱਖ-ਵੱਖ ਵਸਤੂਆਂ ਹਨ ਅਤੇ ਸਰੀਰ ਦੇ ਵੱਖ-ਵੱਖ ਸੈੱਲਾਂ ਵਿੱਚ ਵੱਖ-ਵੱਖ ਕਿਸਮ ਦੀਆਂ ਰਸਾਇਣਕ ਕਿਰਿਆਵਾਂ ਪੈਦਾ ਹੁੰਦੀਆਂ ਹਨ। ਜਦੋਂ ਕਿ ਜਾਨ ਹਰ ਜੀਵ ਵਿੱਚ ਹੁੰਦੀ ਹੈ ਪ੍ਰੰਤੂ ਮਨ ਸਿਰਫ ਉਨ੍ਹਾਂ ਜੀਵਾਂ ਵਿੱਚ ਹੁੰਦਾ ਹੈ ਜਿਨ੍ਹਾਂ ਵਿੱਚ ਇੱਕ ਖਾਸ ਕਿਸਮ ਦੇ ਸੈੱਲ ਹੁੰਦੇ ਹਨ, ਜਿਨ੍ਹਾਂ ਨੂੰ 'ਨਿਊਰੋਨਜ਼' ਕਿਹਾ ਜਾਂਦਾ ਹੈ। ਇਹ ਸੈੱਲ ਉੱਚ ਸ੍ਰੇਣੀ ਜੀਵਾਂ ਵਿੱਚ ਹੁੰਦੇ ਹਨ, ਜਦੋਂ ਕਿ ਸਭ ਸਜੀਵ ਵਸਤੂਆਂ ਵਿੱਚ ਜਾਨ ਦੀ ਕਿਸਮ ਇਕੋ ਜਿਹੀ ਹੁੰਦੀ ਹੈ, ਭਾਵੇਂ ਉਹ ਦਰਖਤ ਹੋਵੇ ਜਾਂ ਮਨੁੱਖ, ਪ੍ਰੰਤੂ 'ਮਨ' ਉਨ੍ਹਾਂ ਦੀ ਦਿਮਾਗੀ ਪ੍ਰਣਾਲੀ ਜੀਵ ਵਿਕਾਸ ਉੱਪਰ ਨਿਰਭਰ ਕਰਦੀ ਹੈ। ਇੱਕ ਆਲੂ, ਆਂਡੇ, ਦਰਖਤ ਅਤੇ ਬੈਕਟੀਰੀਆ ਵਿੱਚ ਜਾਨ ਹੁੰਦੀ ਹੈ ਪਰ ਕੋਈ ਮਨ ਨਹੀਂ ਹੁੰਦਾ, ਪ੍ਰੰਤੂ ਚੂਹੇ, ਬਿੱਲੀ ਅਤੇ ਆਦਮੀ ਵਿੱਚ ਮਨ ਅਤੇ ਜਾਨ ਦੋਵੇਂ

ਹੁੰਦੀਆਂ ਹਨ। ਜਦੋਂ ਕਿ ਜ਼ਿੰਦਗੀ ਦੇ ਜੀਵਤ ਸੈੱਲਾਂ ਵਿੱਚ ਸਾਹ ਕਿਰਿਆ ਦੀ ਪੈਦਾਇਸ਼ ਹੈ ਅਤੇ 'ਮਨ' ਦਿਮਾਗੀ ਨਿਊਰੋਨਜ਼ ਵਿੱਚ ਹੋਣ ਵਾਲੇ ਭੌਤਿਕ ਤੇ ਰਸਾਇਣਕ ਕਿਰਿਆਵਾਂ ਦੀ ਪੈਦਾਇਸ਼ ਹੈ। ਜਿਉਂ-ਜਿਉਂ ਅਸੀਂ ਜੀਵ ਦੇ ਵਿਕਾਸ ਦੇ ਪਿਛਾਂਹ ਵੱਲ ਝਾਤੀ ਮਾਰਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਮਨੁੱਖੀ ਮਨ ਵੀ ਉਸ ਸਮੇਂ ਘੱਟ ਵਿਕਸਤ ਸੀ। ਜਾਨ ਬਾਰੇ ਅਜਿਹਾ ਕੁਝ ਵੀ ਨਹੀਂ ਹੈ। ਮਨੁੱਖ, ਬਾਂਦਰ ਅਤੇ ਦਰੱਖਤ ਦੀ ਜਾਨ ਦੇ ਗੁਣ ਉਹੀ ਹਨ। ਪੌਦੇ ਜਾਂ ਪ੍ਰਾਣੀਆਂ ਦੇ ਇੱਕ ਸੈੱਲੇ ਜੀਵਾਂ ਵਿੱਚ ਵੀ ਕੁਝ ਬੁਨਿਆਦੀ ਮਾਨਸਿਕ ਯੋਗਤਾਵਾਂ ਹੁੰਦੀਆਂ ਹਨ ਭਾਵੇਂ ਇਹਨਾਂ ਦੀ ਦਿਮਾਗੀ ਪ੍ਰਣਾਲੀ ਵਿੱਚ ਨਿਊਰੋਨਜ਼ ਸੈੱਲ ਨਹੀਂ ਹੁੰਦੇ, ਉਹ ਵਾਤਾਵਰਨ ਦੀ ਉਤੇਜਕਤਾ ਤੋਂ ਵੱਖ-ਵੱਖ ਦਰਜਿਆਂ ਤੱਕ ਪ੍ਰਭਾਵਿਤ ਹੁੰਦੇ ਹਨ। ਰੀੜ੍ਹ-ਧਾਰੀ ਪ੍ਰਾਣੀਆਂ, ਜਿਨ੍ਹਾਂ ਦੇ ਦਿਮਾਗ ਖਰਬਾਂ ਹੀ ਨਿਊਰੋਨਜ਼ ਤੋਂ ਬਣੇ ਹੁੰਦੇ ਹਨ, ਦੀ ਯੋਗਤਾ ਅਰੀੜਧਾਰੀਆਂ ਨਾਲੋਂ ਬਹੁਤ ਜ਼ਿਆਦਾ ਹੁੰਦੀ ਹੈ। ਧਰਤੀ ਉੱਤੇ ਮਿਲਣ ਵਾਲੇ ਜੀਵਾਂ ਵਿੱਚੋਂ ਮਨੁੱਖ ਦਾ (ਸਾਡਾ) ਦਿਮਾਗ ਸਭ ਤੋਂ ਵੱਧ ਵਿਕਸਤ ਹੈ। ਇਸ ਤਰ੍ਹਾਂ ਦੂਸਰੇ ਜੀਵਾਂ ਦੇ ਉਲਟ ਸਿਰਫ ਮਨੁੱਖ ਹੀ ਰਚਨਾਤਮਕ ਕੰਮਾਂ ਵਿੱਚ ਰੁੱਝਿਆ ਹੋਇਆ ਹੈ। ਬੋਲਣ ਤੇ ਲਿਖਣ ਦੇ ਢੰਗਾਂ ਰਾਹੀਂ ਦੂਸਰਿਆਂ ਨਾਲ ਸਬੰਧ ਰੱਖਦਾ ਹੈ। ਇਹ ਸਾਰੀਆਂ ਮਾਨਸਿਕ ਸਰਗਰਮੀਆਂ 'ਨਿਊਰੋਨਜ਼' ਵਿੱਚ ਹੋ ਰਹੀਆਂ ਭੌਤਿਕ ਤੇ ਰਸਾਇਣਕ ਕਿਰਿਆਵਾਂ ਦਾ ਹੀ ਸਿੱਟਾ ਹਨ। ਨੋਬਲ ਇਨਾਮ ਜੇਤੂ ਵਾਲਟਰ ਹੈਜ਼ ਅਤੇ ਪ੍ਰੋਫੈਸਰ ਡੇਲਗਾਡੋ ਨੇ ਦਿਮਾਗ ਨੂੰ ਹਲਕੇ ਬਿਜਲੀ ਦੇ ਝਟਕੇ ਲਾ ਕੇ ਪਿਆਰ, ਨਫਰਤ, ਗੁੱਸਾ, ਦਿਆਲਤਾ ਅਤੇ ਜਾਲਮਤਾ ਵਰਗੀਆਂ ਭਾਵਨਾਵਾਂ ਪੈਦਾ ਕੀਤੀਆਂ ਹਨ। ਕਿਉਂਕਿ ਮਨ ਉਨ੍ਹਾਂ ਬਿਜਲੀ ਰਸਾਇਣੀ ਵਰਤਾਰਿਆਂ ਦੀ ਪੈਦਾਇਸ਼ ਹੈ, ਜਿਹੜੀਆਂ ਦਿਮਾਗ ਦੇ ਨਿਊਰੋਨਜ਼ ਵਿੱਚ ਹੁੰਦੀਆਂ ਰਹਿੰਦੀਆਂ ਹਨ। ਇਸ ਲਈ ਇਹ ਵਿਸ਼ਵਾਸ ਕਰਨਾ ਗਲਤ ਹੈ ਕਿ 'ਮਨ' ਸਰੀਰ ਦੀ ਮੌਤ ਅਤੇ ਦਿਮਾਗ ਦੇ ਅਪਘਟਤ ਹੋਣ ਤੋਂ ਬਾਅਦ ਵੀ ਜਿਉਂਦਾ ਰਹਿੰਦਾ ਹੈ ਜਾਂ ਇਹ ਕਹਿਣਾ ਕਿ ਆਤਮਾ ਹੁੰਦੀ ਹੈ। ਇਸ ਪ੍ਰਕਾਰ ਮੌਤ ਤੋਂ ਬਾਅਦ ਨਾ ਤਾਂ ਮਨ ਜਿਉਂਦਾ ਰਹਿ ਸਕਦਾ ਹੈ ਤੇ ਨਾ ਹੀ ਜਾਨ। ਅੰਤ ਵਿੱਚ ਸਵਰਗਾਂ-ਨਰਕਾਂ ਨੂੰ ਜਾਣ ਲਈ ਸਰੀਰ ਵਿੱਚੋਂ ਕੁਝ ਵੀ ਨਹੀਂ ਨਿਕਲਦਾ।

ਸਾਹ ਲੈਣ ਨਾਲ ਆਕਸੀਜਨ ਦੁਆਰਾ ਅਤੇ ਖਾਣ-ਪੀਣ (ਭੋਜਨ) ਪਦਾਰਥਾਂ ਦੁਆਰਾ ਪੈਦਾ ਹੋਈ ਊਰਜਾ ਪੂਰੇ ਸਰੀਰ ਨੂੰ ਗਤੀਸ਼ੀਲ ਕਰ ਦਿੰਦੀ ਹੈ। ਦਿਮਾਗੀ ਨਿਊਰੋਨਜ਼ ਸੈੱਲਾਂ ਵਿੱਚ ਵੀ ਇਸੇ ਊਰਜਾ ਕਾਰਨ ਬਿਜਲੀ ਰਸਾਇਣੀ ਕਿਰਿਆਵਾਂ ਵਾਪਰਦੀਆਂ ਹਨ। ਸਿੱਟੇ ਵਜੋਂ 'ਮਨ' ਪੈਦਾ ਹੁੰਦਾ। ਜਿਵੇਂ ਆਕਸੀਜਨ ਦੀ ਮੌਜੂਦਗੀ ਵਿੱਚ ਹੀ ਮੋਮਬੱਤੀ ਬਲ ਕੇ ਪ੍ਰਕਾਸ਼ (ਰੌਸ਼ਨੀ) ਪੈਦਾ ਕਰ ਸਕਦੀ ਹੈ। ਇਸੇ ਤਰ੍ਹਾਂ ਹੀ ਮਨ ਨਾਲ ਵੀ ਹੁੰਦਾ ਹੈ ਜੇਕਰ ਕਿਸੇ ਕਾਰਨ ਮੋਮਬੱਤੀ ਨੂੰ ਬਲਣ ਲਈ ਆਕਸੀਜਨ ਨਾ ਮਿਲੇ ਤਾਂ ਉਹ ਬੁਝ ਜਾਂਦੀ ਹੈ ਪਰ ਪ੍ਰਕਾਸ਼ ਕਿਸੇ ਹੋਰ ਪਾਸੇ ਚਲੇ ਨਹੀਂ ਗਿਆ ਹੁੰਦਾ। ਇਸ ਮੋਮਬੱਤੀ ਨੂੰ ਵਾਤਾਵਰਨ ਦੀਆਂ ਢੁਕਵੀਆਂ ਹਾਲਤਾਂ (ਆਕਸੀਜਨ) ਵਿੱਚ ਲਿਜਾ ਕੇ ਪ੍ਰਕਾਸ਼ ਦੁਬਾਰਾ ਪੈਦਾ ਕੀਤਾ ਜਾ ਸਕਦਾ ਹੈ। ਜਿੰਨਾ ਚਿਰ ਮੋਮਬੱਤੀ ਵਿਚਲਾ ਪਦਾਰਥ ਅਪਘਟਤ ਨਹੀਂ ਹੋ ਜਾਂਦਾ ਉਦੋਂ ਤੱਕ ਇਸ ਨੂੰ ਬਹੁਤ ਵਾਰ ਜਗਾਇਆ ਜਾ ਸਕਦਾ ਹੈ ਤੇ ਪ੍ਰਕਾਸ਼ ਪੈਦਾ ਕੀਤਾ ਜਾ ਸਕਦਾ ਹੈ। ਬਿਲਕੁਲ ਇਸੇ ਤਰ੍ਹਾਂ ਹੀ ਮਰ ਚੁੱਕੇ ਮਨ ਨਾਲ ਵੀ ਹੁੰਦਾ ਹੈ। ਜਦੋਂ ਤੱਕ ਦਿਮਾਗ ਪੂਰੀ ਤਰ੍ਹਾਂ ਅਪਘਟਤ ਨਹੀਂ ਹੋ ਜਾਂਦਾ ਉਦੋਂ ਤੱਕ ਇਸ ਵਿੱਚ ਊਰਜਾ ਦੀ ਮੱਦਦ ਨਾਲ ਭੌਤਿਕ ਤੇ ਰਸਾਇਣਕ ਕਿਰਿਆਵਾਂ ਚਾਲੂ ਕਰਕੇ 'ਮਨ' ਨੂੰ ਕਈ ਵਾਰ ਜਾਗਰਿਤ ਕੀਤਾ ਜਾ ਸਕਦਾ ਹੈ। ਜਦੋਂ ਦਿਮਾਗੀ ਨਿਊਰੋਨਜ ਸੈੱਲਾਂ ਵਿੱਚ ਊਰਜਾ ਦੀ ਘਾਟ ਕਾਰਨ ਕਿਰਿਆਵਾਂ ਹੋਣੀਆਂ ਬੰਦ ਹੋ ਜਾਂਦੀਆਂ ਹਨ ਤਾਂ ਮਨ ਵੀ ਪ੍ਰਕਾਸ਼ ਵਾਂਗ ਬੁਝ (ਮਰ) ਜਾਂਦਾ ਹੈ। ਇਹ ਸਮਝ ਲੈਣਾ ਮੂਰਖਤਾ ਹੈ ਕਿ 'ਮਨ' ਕਿਧਰੇ ਹੋਰ ਪਾਸੇ ਚਲਾ ਗਿਆ। ਜਿਵੇਂ ਆਤਮਾ ਨੂੰ ਮੰਨਣ ਵਾਲੇ ਮੂਰਖ ਲਾਈਲੱਗ ਲੋਕ ਸਮਝਦੇ ਹਨ। 'ਮਨ ਅਤੇ ਦਿਮਾਗ' ਦੋ ਅਲੱਗ-ਅਲੱਗ ਵਸਤੂਆਂ ਹਨ ਜਿਵੇਂ ਮੋਮਬੱਤੀ ਤੇ ਪ੍ਰਕਾਸ਼ ਦੋ ਅਲੱਗ-ਅਲੱਗ ਹਨ, ਜਾਂ ਪਦਾਰਥ ਅਤੇ ਊਰਜਾ। ਇੱਥੇ ਮੋਮਬੱਤੀ ਇੱਕ ਪਦਾਰਥ ਹੈ ਜਿਸਦੀ ਤੁਲਨਾ ਅਸੀਂ 'ਦਿਮਾਗ' ਨਾਲ ਕਰ ਸਕਦੇ ਹਾਂ ਅਤੇ ਪ੍ਰਕਾਸ਼ ਇੱਕ ਊਰਜਾ ਹੈ ਜਿਸਦੀ ਤੁਲਨਾ ਅਸੀਂ 'ਮਨ' ਨਾਲ ਕਰ ਸਕਦੇ ਹਾਂ। ਜਿਵੇਂ ਮੋਮਬੱਤੀ ਵਿੱਚ 'ਪ੍ਰਕਾਸ਼' ਨਾਂ ਦਾ ਕੋਈ ਵੀ ਅੰਗ ਨਹੀਂ ਹੁੰਦਾ ਇਸੇ ਤਰ੍ਹਾਂ ਹੀ ਦਿਮਾਗ ਵਿੱਚ ਜਾਂ ਸਰੀਰ ਵਿੱਚ 'ਮਨ' ਨਾਂ ਦਾ ਕੋਈ ਵੀ ਅੰਗ ਨਹੀਂ ਹੁੰਦਾ। ਪਰ ਇਹ ਪੈਦਾ ਜ਼ਰੂਰ ਕੀਤਾ ਜਾ ਸਕਦਾ ਹੈ।

'ਮਨ' ਪੂਰੀ ਤਰ੍ਹਾਂ ਕੰਪਿਊਟਰ ਵਾਂਗ ਹੀ ਕੰਮ ਕਰਦਾ ਹੈ ਜੋ ਕੁਝ ਅਸੀਂ ਇਸ ਵਿੱਚ ਭਰ ਦਿੰਦੇ ਹਾਂ ਓਹੀ ਕੁਝ ਕੱਢ ਸਕਦੇ ਹਾਂ। ਮਨ ਵਿੱਚ ਸਿਰਫ ਉਹੀ ਗੱਲਾਂ-ਬਾਤਾਂ ਜਾਂ ਕਹਾਣੀਆਂ ਭਰੀਆਂ ਹੁੰਦੀਆਂ ਹਨ ਜੋ ਆਲੇ-ਦੁਆਲੇ ਤੋਂ ਸਰੀਰਕ ਅੰਗਾਂ ਦੁਆਰਾ ਦੇਖਣ, ਸੁਣਨ ਤੇ ਮਹਿਸੂਸ ਕਰਨ ਨਾਲ ਪ੍ਰਾਪਤ ਹੁੰਦੀਆਂ ਹਨ। ਜਿਵੇਂ ਕਿਸੇ ਵੀ ਗੱਡੀ ਨੂੰ ਚਲਾਉਣ ਲਈ 'ਡਰਾਇਵਰ' ਦੀ ਜ਼ਰੂਰਤ ਹੁੰਦੀ ਹੈ। ਬਿਲਕੁਲ ਇਸੇ ਤਰ੍ਹਾਂ ਹੀ 'ਮਨ' ਵੀ ਸਾਡੇ ਸਰੀਰ ਦਾ ਡਰਾਇਵਰ ਹੀ ਹੈ। ਜੇਕਰ ਰੇਲ ਗੱਡੀ ਚਲਾਉਣ ਵਾਲਾ ਡਰਾਇਵਰ ਤੰਦਰੁਸਤ, ਤਜਰਬੇਕਾਰ ਤੇ ਧਿਆਨ ਨਾਲ ਗੱਡੀ ਚਲਾਵੇਗਾ ਤਾਂ ਗੱਡੀ ਕਦੇ ਖਟਾਰਾ ਨਹੀਂ ਬਣੇਗੀ। ਜੇਕਰ ਡਰਾਇਵਰ ਸ਼ਰਾਬ ਪੀ ਕੇ ਜਾਂ ਅਣਗਹਿਲੀ ਨਾਲ ਗੱਡੀ ਚਲਾਏਗਾ ਤਾਂ ਗੱਡੀ ਜਲਦੀ ਖੜਕਣ ਲੱਗ ਪਵੇਗੀ। ਜਿਵੇਂ ਸਰਕਾਰੀ ਬੱਸਾਂ ਨਾਲ ਹੁੰਦਾ ਹੈ। ਇਸੇ ਤਰ੍ਹਾਂ ਹੀ ਜੇਕਰ ਮਨ ਤੰਦਰੁਸਤ ਹੋਵੇਗਾ ਤੇ ਇਸ ਵਿੱਚ ਵਧੀਆ ਜਾਣਕਾਰੀ ਭਰਪੂਰ ਗੱਲਾਂ ਬਾਤਾਂ ਭਰੀਆਂ ਹੋਣ ਤਾਂ ਇਹ ਉਸੇ ਤਰ੍ਹਾਂ ਹੀ ਕਾਰਜ ਕਰਕੇ, ਪੂਰੇ ਸਰੀਰ ਨੂੰ ਸੰਭਾਲ ਕੇ, ਸਹੀ ਦਿਸ਼ਾ ਵੱਲ ਮੋੜ ਕੇ, ਸਹੀ ਕਾਰਜ ਕਰਵਾਉਂਦਾ ਹੈ। ਮਨੋਵਿਗਿਆਨਕ ਮਾਹਿਰ ਸਿਗਮੰਡ ਫਰਾਇਡ ਨੇ ਜਾਂਚ ਪੜਤਾਲ ਤੇ ਖੋਜ-ਪਰਖ ਦੁਆਰਾ 'ਮਨ' ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ।

1. ਸੁਚੇਤ (ਚੇਤਨ) ਮਨ (Conscious Mind)
2. ਅਰਧ ਸੁਚੇਤ (ਅਰਧ ਚੇਤਨ) ਮਨ (Sub-Conscious Mind)
3. ਅਚੇਤ (ਅਚੇਤਨ) ਮਨ (Un-Conscious Mind)

**1. ਸੁਚੇਤ (ਚੇਤਨ) ਮਨ** :- ਇਹ ਭਾਗ ਉਸ ਸਥਿਤੀ ਵਿੱਚ ਕਾਰਜ ਕਰਦਾ ਹੈ ਜਦੋਂ ਮਨੁੱਖ ਪੂਰੀ ਤਰ੍ਹਾਂ ਸੋਚ-ਸਮਝ ਕੇ ਤੇ ਧਿਆਨ ਨਾਲ ਕੰਮ ਕਰਦਾ ਹੈ, ਇਸ ਨਾਲ ਮਨੁੱਖ ਮਾਨਸਿਕ ਤੌਰ ਤੇ ਤੰਦਰੁਸਤ ਨਜਰ ਆਉਂਦਾ ਹੈ। ਉਹ ਵਧੀਆ ਨੀਂਦ ਸੌਂ ਸਕਦਾ ਹੈ। ਸਵੈ-ਦੁੱਖਾਂ, ਤਕਲੀਫਾਂ, ਪ੍ਰੇਸ਼ਾਨੀਆਂ ਤੇ ਉਲਝਣਾਂ ਭਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ, ਏਹੀ ਭਾਗ ਸਭ ਤੋਂ ਵੱਧ ਯੋਗਦਾਨ ਪਾਉਂਦਾ ਹੈ ਇਸ ਭਾਗ ਦੇ ਜਾਗਰਿਤ 'ਨਾ ਹੋਣ' 'ਤੇ ਮਨੁੱਖੀ ਸਰੀਰ ਦੀ ਹਾਲਤ ਇਸ ਤਰ੍ਹਾਂ ਹੋ ਜਾਂਦੀ ਹੈ, ਜਿਵੇਂ ਬਿਨਾਂ ਬਰੇਕ ਦੇ ਹੋਣ ਤੇ ਕੋਈ ਗੱਡੀ ਚੱਲ ਰਹੀ ਹੋਵੇ। ਮਾਨਸਿਕ ਤੇ ਸਰੀਰਕ ਵਿਕਾਸ ਸਿਰਫ ਇਸੇ ਕਰਕੇ ਹੀ ਹੋ ਸਕਿਆ ਹੈ।

**2. ਅਰਧ ਸੁਚੇਤ (ਅਰਧ ਚੇਤਨ) ਮਨ** :-ਇਸ ਭਾਗ ਦਾ ਮਤਲਬ ਹੈ ਕਿ ਅੱਧਾ ਮਨ ਸੁਚੇਤ ਹੈ ਤੇ ਅੱਧ ਅਚੇਤ। ਇਸ ਭਾਗ ਵਿੱਚ ਮਨ ਆਪਣੇ ਆਪ ਹੀ ਕਲਪਨਾਵਾਂ ਕਰਦਾ ਰਹਿੰਦਾ ਹੈ। ਕਲਪਨਾਵਾਂ ਖੁਸ਼ੀ ਭਰੀਆਂ ਹੋਣਗੀਆਂ ਜਾਂ ਉਲਝਣਾਂ ਵਿੱਚੋਂ ਨਿਕਲਣ ਵਾਲੀਆਂ, ਜੋ ਮਨੁੱਖ ਨੂੰ ਸਕੂਨ ਦਿੰਦੀਆਂ ਹਨ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਇਹ ਭਾਗ ਉਸ ਸਮੇਂ ਜਾਗਰਿਤ ਹੁੰਦਾ ਹੈ ਜਦੋਂ ਮਨੁੱਖ ਪੂਰੀ ਤਰ੍ਹਾਂ ਧਿਆਨ ਨਾ ਦੇ ਕੇ ਬਿਨਾ ਸੋਚੇ ਸਮਝੇ ਕਾਰਜ ਕਰਦਾ ਹੈ। ਜਿਵੇਂ ਕੋਈ ਚੁੱਲ੍ਹੇ ਉੱਪਰ ਉਬਲਣ ਲਈ ਰੱਖੇ ਹੋਏ ਦੁੱਧ ਦਾ ਖਿਆਲ ਭੁੱਲ ਕੇ ਕਲਪਨਾਵਾਂ ਦੀ ਦੁਨੀਆਂ ਵਿੱਚ ਗੁੰਮ ਹੋ ਜਾਂਦਾ ਹੈ। ਜਾਂ ਜਦੋਂ ਕੋਈ ਸਾਈਕਲ ਚਲਾਉਣ

ਸਮੇਂ ਕੋਈ ਹੋਰ ਕਲਪਨਾ ਵਿੱਚ ਰੁੱਝਾ ਰਹਿੰਦਾ ਹੈ ਪਰ ਘਰੋਂ ਮਿੱਥ ਕੇ ਚੱਲਣ ਵਾਲਾ, ਕਲਪਨਾਵਾਂ (ਅਚੇਤ ਅਵਸਥਾ) ਦੌਰਾਨ ਵੀ ਤੰਗ ਮੋੜਾਂ ਵਿੱਚੋਂ ਗੁਜਰਦਾ ਹੋਇਆ ਆਪਣੀ ਮੰਜਲ 'ਤੇ ਪਹੁੰਚ ਜਾਂਦਾ ਹੈ। ਉਸਨੂੰ ਯਾਦ ਨਹੀਂ ਹੁੰਦਾ ਕਿ ਉਸਨੇ ਕਿਹੜੇ-ਕਿਹੜੇ ਮੋੜਾਂ ਨੂੰ ਕੱਟਿਆ ਹੈ।

**ਅਚੇਤ (ਅਚੇਤਨ) ਮਨ** :- ਇਹ ਭਾਗ ਯਾਦਾਂ ਦਾ ਭੰਡਾਰ ਹੈ। ਸ਼ੁਰੂ ਤੋਂ ਹੁਣ ਤੱਕ ਜੋ ਵੀ ਮਨੁੱਖ ਨੇ ਦੇਖਿਆ, ਸੁਣਿਆ, ਮਹਿਸੂਸ ਕੀਤਾ ਤੇ ਹੱਡੀਂ ਹੰਢਾਇਆ ਹੁੰਦਾ ਹੈ। ਉਹ ਸਾਰੇ ਤਜਰਬੇ ਤੇ ਗਿਆਨ-ਵਿਗਿਆਨ ਦੀਆਂ ਖੱਟੀਆਂ-ਮਿੱਠੀਆਂ ਯਾਦਾਂ ਇਸ ਵਿੱਚ ਹੀ ਸੁਰੱਖਿਅਤ ਭਰੀਆਂ ਪਈਆਂ ਹੁੰਦੀਆਂ ਹਨ। ਇਹ ਮੈਮਰੀ ਕਾਰਡ ਦੀ ਤਰ੍ਹਾਂ ਕੰਮ ਕਰਦਾ ਹੈ। ਜਦੋਂ ਅਸੀਂ ਰਾਤ ਨੂੰ ਸੁੱਤੇ ਹੋਏ ਸੁਪਨੇ ਵਿੱਚ ਏਹੀ ਭਾਗ ਜਾਗਰਿਤ ਹੋ ਕੇ ਕਲਪਨਾਵਾਂ ਕਰਦਾ ਰਹਿੰਦਾ ਹੈ। ਸੁਪਨੇ ਵਿੱਚ ਕਲਪਨਾਵਾਂ ਸਿਰਫ਼ ਉਸ ਬਾਰੇ ਹੀ ਹੋ ਸਕਦੀਆਂ ਹਨ ਜੋ ਕੁਝ ਇਸ ਵਿੱਚ ਭਰਿਆ ਹੁੰਦਾ ਹੈ। ਮਾਨਸਿਕ ਰੋਗਾਂ ਦੌਰਾਨ ਵੀ ਏਹੀ ਭਾਗ ਮਨੁੱਖ ਨੂੰ ਸੁਚੇਤ ਨਹੀਂ ਹੋਣ ਦਿੰਦਾ। ਉਸ ਸਮੇਂ ਮਨੁੱਖ ਸੁਚੇਤ ਤੌਰ 'ਤੇ ਸੁੱਤਾ ਹੀ ਹੁੰਦਾ ਹੈ। ਪਰ ਅਚੇਤ ਤੌਰ 'ਤੇ ਕਾਲਪਨਿਕ ਹੋ ਕੇ ਸਰੀਰਕ ਹਰਕਤਾਂ ਕਰਵਾਉਂਦਾ ਰਹਿੰਦਾ ਹੈ। ਏਹੀ ਭਾਗ ਮਨੁੱਖ ਨੂੰ ਨੀਂਦ ਸਮੇਂ ਰਾਤ ਨੂੰ ਤੁਰਨ ਲਾ ਦਿੰਦਾ ਹੈ ਜਾਂ ਬੁੜਬੁੜਾਉਣ ਲਗਾਉਂਦਾ ਹੈ। ਸੁਚੇਤ ਤੌਰ 'ਤੇ ਜੋ ਸਾਡੀਆਂ ਪੂਰੀਆਂ ਨਾ ਹੋ ਸਕੀਆਂ ਖ਼ੁਆਇਸ਼ਾਂ ਦੀ ਪੂਰਤੀ ਵੀ ਅਚੇਤ ਭਾਗ ਦੁਆਰਾ ਹੀ ਕਲਪਨਾਵਾਂ ਜਰੀਏ ਜਾਂ ਸੁਪਨੇ ਦੌਰਾਨ ਪੂਰੀਆਂ ਹੁੰਦੀਆਂ ਹਨ। ਸਿਗਮੰਡ ਫਰਾਇਡ ਅਨੁਸਾਰ ਸੁਚੇਤ ਮਨ ਨੂੰ ਕੱਪੜਿਆਂ ਦੀ ਤਰ੍ਹਾਂ ਬਦਲਿਆਂ ਜਾ ਸਕਦਾ ਹੈ ਪਰ ਅਚੇਤ ਮਨ ਨੂੰ ਕਦੇ ਵੀ ਬਦਲਿਆ ਨਹੀਂ ਜਾ ਸਕਦਾ। ਮਾਨਸਿਕ ਰੋਗ ਸਮੇਂ ਇਹ ਭਾਗ ਖਰਾਬ ਹੋ ਚੁੱਕੀ ਸੀ. ਡੀ. ਡਿਸਕ ਦੀ ਤਰ੍ਹਾਂ ਹੀ ਟੈਲੀਵਿਜਨ ਦੀ ਸਕਰੀਨ ਉੱਤੇ ਕੰਮ ਕਰਨ ਵਾਂਗ ਜਾਗਰਿਤ ਹੁੰਦਾ ਹੈ। ਹਿਪਨੋਟਾਈਜ਼ ਸਮੇਂ ਵੀ ਮਨੋਵਿਗਿਆਨਕ ਇਸੇ ਮਨ ਨੂੰ ਹੀ ਜਾਗਰਿਤ ਕਰਨ ਦੀ ਕੋਸ਼ਿਸ਼ ਕਰਦੇ ਹਨ ਤੇ ਲੋੜ ਅਨੁਸਾਰ ਇਸ ਵਿੱਚ ਕੁੱਝ ਵੀ ਭਰ ਸਕਦੇ ਹਨ ਤੇ ਕੱਢ ਸਕਦੇ ਹਨ। ਅੱਜ ਮਨੁੱਖ ਜੋ ਵੀ ਦੇਖਣ ਨੂੰ ਲੱਗਦਾ ਹੈ ਜਿਵੇਂ ਉਸਦੇ ਕੱਪੜਿਆਂ ਦਾ ਸਟਾਇਲ ਜਾਂ ਵਾਲਾਂ ਦਾ ਸਟਾਇਲ ਆਦਿ ਸਭ ਕੁਝ ਇਸੇ ਅਚੇਤ ਮਨ (ਭਾਗ) ਕਰਕੇ ਹੀ ਬਣਿਆ ਹੋਇਆ ਹੈ।

ਜੇਕਰ ਇਸ ਭਾਗ ਨੂੰ ਮਨ ਵਿੱਚੋਂ ਖਤਮ ਕਰ ਦਿੱਤਾ ਜਾਵੇ ਤਾਂ ਮਨੁੱਖ ਇੱਕ ਖਤਰਨਾਕ ਪ੍ਰਾਣੀ ਬਣ ਜਾਵੇਗਾ। ਜੋ ਸਿਰਫ਼ ਆਪਣੀਆਂ ਸਰੀਰਕ ਜ਼ਰੂਰਤਾਂ ਅਨੁਸਾਰ ਹੀ ਕੰਮ ਕਰੇਗਾ ਮਾਨਸਿਕ ਰੋਗ ਸਮੇਂ ਇਸ ਭਾਗ ਦੇ ਜਾਗਰਿਤ ਹੋਣ 'ਤੇ ਮਨੁੱਖ ਆਪਣੀ ਸੋਚਣ, ਸਮਝਣ ਤੇ ਪਰਖਣ ਦੀ ਸ਼ਕਤੀ ਗੁਆ ਚੁੱਕਾ ਹੁੰਦਾ ਹੈ।

# ਤਰਕਸ਼ੀਲ ਮੇਲੇ ਪਿੰਡ ਮਾਨਾਂ ਦਾ





ਵਿਗਿਆਨ ਦੀ ਚੇਤਨਾ ਨੂੰ ਆਮ ਲੋਕਾਂ ਤੱਕ ਪਹੁੰਚਣ ਦੇ ਮਕਸਦ ਨਾਲ ਤੁਰੀ ਸੰਸਥਾ "ਵਿਗਿਆਨਕ ਅਤੇ ਵੈੱਲਫੇਅਰ ਕਲੱਬ (ਰਜਿ.) ਅਮਰਗੜ੍ਹ। ਵੱਲੋਂ 23 ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਤਰਕਸ਼ੀਲ ਨਾਟਕ ਮੇਲਾ ਮਿਤੀ 28 ਮਾਰਚ ਦਿਨ ਸਨੀਵਾਰ ਨੂੰ ਪਿੰਡ ਮਾਨਾਂ ਵਿਖੇ ਕਰਵਾਇਆ ਗਿਆ। ਇਸ ਮੇਲੇ ਦਾ ਉਦਘਾਟਨ ਸਰਪੰਚ ਸ. ਰਜਿੰਦਰ ਸਿੰਘ ਵੱਲੋਂ ਕੀਤਾ ਗਿਆ। ਇਸ ਉਪਰੰਤ ਨਿਰਦੇਸ਼ਕ-ਹਰਕੇਸ਼ ਚੌਧਰੀ (ਮੁੱਲਾਂਪੁਰ ਦਾਖਾਂ) ਦੀ ਟੀਮ ਨੇ ਕੋਰੀਓਗ੍ਰਾਫੀ "ਪੁੱਤ ਵਰਗਾ ਫੋਰਡ ਟਰੈਕਟਰ ਵੇਚਿਆ ਰੋ-ਰੋ ਕੇ..." ਤੇ ਨਾਲ ਹੀ ਨਾਟਕ "ਮੈਂ ਫਿਰ ਆਵਾਂਗਾ" ਲੋਕਾਂ ਦੇ ਭਾਰੀ ਇਕੱਠ ਨੂੰ ਭਾਵਕ ਕਰ ਗਿਆ। ਜਿੱਥੇ ਗੁਰਪ੍ਰੀਤ ਈਸੀ ਅਤੇ ਕੇਸਰ ਸਿੰਘ ਭੁੱਲਰ ਨੇ ਲੋਕਾਂ ਨੂੰ ਸਮਾਜਿਕ ਬੁਰਾਈਆਂ ਪ੍ਰਤੀ ਜਾਗਰਿਤ ਕੀਤਾ। ਉੱਥੇ ਹੀ ਕਲੱਬ ਦੇ ਪ੍ਰਧਾਨ ਡਾ. ਪਵਿੱਤਰ ਨੇ "ਤਰਕਸ਼ੀਲਤਾ ਦੀ ਸਾਡੇ ਜੀਵਨ ਵਿੱਚ ਲੋੜ ਬਾਰੇ ਚਾਨਣਾ ਪਾਇਆ, ਅਤੇ ਗੈਬੀ ਸ਼ਕਤੀ ਦੇ ਦਾਵੇਦਾਰਾਂ ਨੂੰ ਤਰਕਸ਼ੀਲ ਸੁਸਾਇਟੀ ਭਾਰਤ ਵੱਲੋਂ ਰੱਖੇ ਇੱਕ ਕਰੋੜ ਦੇ ਇਨਾਮ ਨੂੰ ਜਿੱਤਣ ਦੀ ਖੁੱਲ੍ਹੀ ਚੁਣੌਤੀ ਦਿੱਤੀ। ਇਸੇ ਪਿੰਡ ਦੇ ਜੰਮਪਲ ਤਰਕਸ਼ੀਲ ਨੌਜਵਾਨ ਨਰਿੰਦਰ ਮਾਨਾਂ ਨੇ ਮੋਟਰਸਾਇਕਲ ਨੂੰ ਅੱਖਾਂ 'ਤੇ ਪੱਟੀ ਬੰਨ੍ਹ ਕੇ ਚਲਾਉਣ ਤੋਂ ਬਾਅਦ, ਸਟੇਜ 'ਤੇ ਜਾਦੂ ਦੇ ਟਰਿਕਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਅਤੇ ਲੋਕਾਂ ਨੂੰ ਦੱਸਿਆ ਕਿ "ਜਾਦੂ ਇੱਕ ਕਲਾ ਹੈ ਕੋਈ ਗੈਬੀ ਸ਼ਕਤੀ ਨਹੀਂ।" ਇਸ ਨੂੰ ਸਿੱਖਣ ਲਈ ਬੰਗਾਲ ਜਾਣ ਦੀ ਵੀ ਲੋੜ ਨਹੀਂ। ਇਸ ਮੇਲੇ ਵਿੱਚ ਪਹੁੰਚੇ ਕਾਮਰੇਡ ਸੰਪੂਰਨ ਸਿੰਘ ਨੇ ਮੌਤ ਤੋਂ ਬਾਅਦ ਆਪਣਾ ਸਰੀਰ ਮੈਡੀਕਲ ਖੇਤਰ ਲਈ ਦਾਨ ਕਰਨ ਦਾ ਐਲਾਨ ਕੀਤਾ। ਕੋਰੀਓਗ੍ਰਾਫੀ ਭਗਤ ਸਿੰਘ ਦੀ "ਘੋੜੀ" ਤੇ ਨਾਟਕ '...ਤੇ ਦੇਵ ਪੁਰਸ ਹਾਰ ਗਏ' ਦਾ ਸਫਲ ਮੰਚਨ ਕੀਤਾ ਗਿਆ। ਸਟੇਜ ਦੀ ਜ਼ਿੰਮੇਵਾਰੀ ਗਗਨਦੀਪ ਅਮਰਗੜ੍ਹ ਨੇ ਨਿਭਾਈ। ਸਵੇਰੇ 10 ਵਜੇ ਤੋਂ 2.30 ਵਜੇ ਤੱਕ ਚੱਲੇ ਇਸ ਨਾਟਕ ਮੇਲੇ ਵਿੱਚ ਬਾਹਰਲੇ ਦਰਸਕਾਂ ਤੋਂ ਇਲਾਵਾ ਪਿੰਡ ਦੀਆਂ ਔਰਤਾਂ ਭਾਰੀ ਗਿਣਤੀ ਵਿੱਚ ਸ਼ਾਮਲ ਸਨ। ਇਸ ਮੇਲੇ ਨੂੰ ਸਫਲ ਬਣਾਉਣ ਵਿੱਚ ਮਨਪ੍ਰੀਤ, ਕਾਲਾ, ਮਨਟੇਕ, ਬੱਬੂ, ਬੰਟੀ, ਜਸਵੀਰ, ਬੀਟਾ, ਸੀਪਾ, ਲਾਡੀ ਤੇ ਹੋਰ ਨੌਜਵਾਨਾਂ ਨੇ ਆਪਣਾ ਵੱਡਮੁੱਲਾ ਯੋਗਦਾਨ ਦਿੱਤਾ।

...ਤੇ ਅੰਤ ਵਿੱਚ ਕਲੱਬ ਦੇ ਸਕੱਤਰ "ਅਮਰੀਕ ਮਾਨਾ" ਨੇ ਇਲਾਕਾ ਤੇ ਪਿੰਡ ਵਾਸੀਆਂ ਅਤੇ ਪ੍ਰਬੰਧਕਾਂ ਦਾ ਬਹੁਤ-ਬਹੁਤ ਧੰਨਵਾਦ ਕੀਤਾ।

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

## ਮਹੱਤਵਪੂਰਣ ਕਿਤਾਬਾਂ ਜੋ ਤੁਹਾਡੇ ਜੀਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ



ਨੌਜਵਾਨਾਂ ਦੀਆਂ ਮਾਨਸਿਕ ਸਮੱਸਿਆਵਾਂ 40.00

...ਤੇ ਦੇਵ ਪੁਰਸ ਹਾਰ ਗਏ 100.00

ਦੇਵ ਦੈਂਤ ਤੇ ਰੂਹਾਂ 100.00

ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ 40.00

ਔਰਤਾਂ ਅਤੇ ਮਾਨਸਿਕ ਰੋਗ 50.00



ਮਨੋ ਵਿਸ਼ਲੇਸ਼ਣ 120.00

ਬੱਚੇ ਅਸਫ਼ਲ ਕਿਵੇਂ ਹੁੰਦੇ ਹਨ ? 80.00

ਤਰਕਸ਼ੀਲ ਹੋਕਾ 80.00

ਹਿਪਨੋਟਿਜ਼ਮ ਕਿਵੇਂ ਸਿੱਖੀਏ 60.00

ਜੀਵਨ ਦੀਆਂ ਗਣਿਤਕ ਉਲਝਣਾਂ 70.00



ਵਸਤੂ ਸਾਸ਼ਤਰ ਕੋਰਾ ਝੂਠ 40.00

ਰਜਨੀਸ਼ ਬੇਨਕਾਬ 30.00

ਸ਼ੰਕਾ ਨਵਿਰਤੀ 80.00

ਕਣ ਕਣ ਵਿੱਚ ਵਿਗਿਆਨ 40.00

ਤਰਕਸ਼ੀਲ ਦਿਮਾਗੀ ਕਸਰਤਾਂ 50.00

### ਪ੍ਰਸਿੱਧ ਵਿਗਿਆਨੀ ਡਾ. ਜਤਿੰਦਰਪਾਲ ਸਿੰਘ ਜੀ ਦੀਆਂ ਲਿਖੀਆਂ ਕਿਤਾਬਾਂ



ਮਨੁੱਖ ਮਹਾਂਬਲੀ ਕਿਵੇਂ ਬਣਿਆ 140.00

ਪ੍ਰਸਿੱਧ ਵਿਗਿਆਨਕ ਖੋਜਾਂ 80.00

ਮਹਾਨ ਵਿਗਿਆਨੀ 80.00

ਵਿਗਿਆਨ ਦੀ ਅਦਭੁੱਤ ਦੁਨੀਆਂ 80.00

ਮਨੁੱਖੀ ਸਰੀਰ ਦੇ ਰਹੱਸ 100.00



ਵਿਗਿਆਨ ਦੇ ਚਮਤਕਾਰ 80.00

ਸਾਡਾ ਦੋਸਤ ਵਿਗਿਆਨ 80.00

ਪੁਲਾੜ ਯਾਤਰਾ 120.00

ਮਨੁੱਖ ਦੀ ਉਤਪਤੀ 140.00

ਜੀਵ ਦੀ ਉਤਪਤੀ 250.00

### ਬੱਚਿਆਂ ਦੇ ਮਾਹਿਰ ਡਾ. ਹਰਸ਼ਿੰਦਰ ਕੌਰ ਜੀ ਦੀਆਂ ਲਿਖਿਆਂ ਕਿਤਾਬਾਂ



ਬੱਚਿਆਂ ਬਾਰੇ ਗਿਆਨ, ਵਿਗਿਆਨ ਤੇ ਮਨਸਵਿਗਿਆਨ 140.00

ਬਾਲ ਮਨਾਂ ਵਿੱਚ ਝਾਤ 120.00

ਸਾਡੇ ਬੱਚੇ ਸਾਡੇ ਚਿਰਾਗ਼ 80.00

ਬੱਚਿਆਂ ਦੀਆਂ ਮਨੋਵਿਗਿਆਨਿਕ ਸਮੱਸਿਆਵਾਂ ਤੇ ਇਲਾਜ 140.00



ਬੱਚਿਆਂ ਦਾ ਮਨੋਵਿਗਿਆਨਿਕ ਵਿਸ਼ਲੇਸ਼ਣ 140.00

ਸ਼ੂਗਰ ਰੋਗ 30.00

ਬਲੱਡ ਪ੍ਰੈਸ਼ਰ ਨੂੰ ਕਾਬੂ ਹੇਠ ਰੱਖੋ 30.00

ਸ਼ੂਗਰ ਰੋਗ ਅਸਾਨ ਹੈ ਜ਼ਿੰਦਗੀ 100.00



ਤੰਦਰੁਸਤ ਕਿਵੇਂ ਰਹੀਏ 80.00

ਬਾਤਾਂ ਵਲੈਤ ਦੀਆਂ 80.00

ਰਿਸ਼ਤਿਆਂ ਦਾ ਕਾਤਲ 40.00

ਸਿਹਤ ਅਤੇ ਵਹਿਮ 100.00



ਦਫ਼ਤਰੀ ਵਰਤੋਂ ਕੰਪਿਊਟਰ ਕਿਵੇਂ ਸਿੱਖੀਏ/ 120/-

ਆਓ ਕੰਪਿਊਟਰ ਡਿਜ਼ਾਇਨਿੰਗ ਸਿੱਖੀਏ/80/-

ਕੰਪਿਊਟਰ ਸੰਬੰਧੀ ਸਵਾਲ-ਜਵਾਬ/80/-



ਆਓ ਕੰਪਿਊਟਰ ਸਿੱਖੀਏ 80.00

ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ 80.00

ਸੂਚਨਾ ਦਾ ਅਧਿਕਾਰ ਕਾਨੂੰਨ 2005 30.00

ਸਾਡੇ ਪ੍ਰਕਾਸ਼ਨ ਦਾ ਪੂਰਾ ਸੂਚੀ ਪੱਤਰ ਮੰਗਵਾਉਣ ਲਈ ਜਾਂ ਘਰ ਬੈਠੇ ਹੀ ਫ਼ੋਨ 'ਤੇ ਕੋਈ ਵੀ ਕਿਤਾਬ ਮੰਗਵਾਉਣ ਲਈ ਸੰਪਰਕ ਕਰੋ:

ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ, ਬਰਨਾਲਾ-148101, ਫੋਨ : 01679-241744, 233244 ਫੈਕਸ : 01679- 241744
**ਈਮੇਲ:** tarksheel@gmail.com, Website: www.thepunjabi.com



ਜਨਰਲ ਨਾਲਿਜ
80.00



ਪੰਜਾਬ ਵਸੀਕਾ ਨਵੀਸੀ
250.00



ਕਚਹਿਰੀ ਸ਼ਬਦ-ਕੋਸ਼
150.00



ਜਨਰਲ ਨਾਲਿਜ
100.00



ਪ੍ਰਾਪਰਟੀ ਕਾਰੋਬਾਰ ਤੋਂ ਖੁਸ਼ਹਾਲੀ
200.00



ਦਿਮਾਗੀ ਵਿਕਾਸ ਕਿਵੇਂ ਕਰੀਏ
60.00



ਅੰਕਾਂ ਦਾ ਜਾਦੂ
60.00



ਵਿਗਿਆਨਕ ਜਾਦੂਗਰ
60.00



ਤਰਕਸ਼ੀਲ ਜਾਦੂਗਰ
60.00



ਸਟੇਜ ਦੇ ਜਾਦੂ
60.00



ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ
100.00



ਗਰਮ ਮਸਾਲਿਆਂ ਰਾਹੀਂ ਰੋਗਾਂ ਦਾ ਇਲਾਜ
100.00



ਜਿਓਤਿਸ਼ ਦਾ ਐਕਸਰੇ /ਸੁਰਿਜਤ ਦੌਧਰ
100.00



ਦਿਲ ਦੀ ਵਿਗੜ ਰਹੀ ਸਿਹਤ
100.00



ਅਚਾਰ, ਮੁਰੱਬੇ ਅਤੇ ਚਟਣੀਆਂ ਤਿਆਰ ਕਰੋ
100.00



ਸੁੰਦਰਤਾ ਬਣਾਈ ਰੱਖਣ ਦੇ ਢੰਗ
100.00



ਨਾਨ-ਵੈਜ ਤਿਆਰ ਕਰਨ ਦੇ ਢੰਗ
100.00



ਨਸ਼ੇ ਛੱਡਣ ਦੇ ਢੰਗ
100.00



**ਦ ਸੈਕੰਡ ਸੈਕਸ**
400.00



**ਬੈਟਰ ਹੱਫ ਦੀ ਦੁਰਦਸ਼ਾ**
80.00



**ਸਿੱਖ ਵੀਰਾਂ ਨਾਲ ਗੱਲਾਂ**
60.00

## ਜ਼ਮੀਨ ਦੀ ਪੈਮਾਇਸ਼ ਅਤੇ ਫੁੱਟਕਲ ਜਾਣਕਾਰੀ



**ਆਰ. ਕੇ. ਭਾਰਦਵਾਜ਼, ਮੁੱਲ : 150/-**

ਇਹ ਪੁਸਤਕ ਤੁਹਾਨੂੰ ਜ਼ਮੀਨ ਦੀ ਪੈਮਾਇਸ਼, ਮਾਪ ਦੀਆਂ ਇਕਾਈਆਂ, ਜ਼ਮੀਨ ਦੀ ਪੈਮਾਇਸ਼ ਦੇ ਸੰਦ ਅਤੇ ਉਨ੍ਹਾਂ ਦੀ ਵਰਤੋਂ ਜ਼ਮੀਨ, ਜਗ੍ਹਾ ਦਾ ਹਿੱਸਾ ਅਤੇ ਖੇਤਰਫ਼ਲ ਕੱਢਣਾ, ਜਮ੍ਹਾਬੰਦੀ, ਗਿਰਦਾਵਰੀ, ਇੰਤਕਾਲ ਤੋਂ ਇਲਾਵਾ ਰਿਕਾਰਡ, ਦਰਖਾਸਤਾਂ ਸਮੇਤ ਹੋਰ ਫੁਟਕਲ ਜਾਣਕਾਰੀ ਮੁਹੱਈਆ ਕਰਾਉਂਦੀ ਹੈ।

## ਪ੍ਰਸਿੱਧ ਕੁਟੇਸ਼ਨਾਂ



**ਸੰਗ੍ਰਹਿ ਕਰਤਾ - ਸਰਦਾਰਾ ਸਿੰਘ ਗਿੱਲ ਕੱਟੂ, ਮੁੱਲ : 140/-**

ਮਹਾਨ ਲੋਕਾਂ ਦੇ ਮਹਾਨ ਵਿਚਾਰ ਪੜ੍ਹਕੇ ਹੀ ਹਰ ਵਿਅਕਤੀ ਜ਼ਿੰਦਗੀ ਵਿੱਚ ਨਵੀਂ ਸੇਧ ਲੈ ਸਕਦਾ ਹੈ। ਵੱਡ ਆਕਾਰੀ ਇਸ ਪੁਸਤਕ ਵਿੱਚ ਵੱਖ-ਵੱਖ ਵਿਸ਼ਿਆਂ ਉਤੇ ਲੱਗਭੱਗ ਸੰਸਾਰ ਪ੍ਰਸਿੱਧ 2500 ਵਿਦਵਾਨਾਂ ਦੇ ਵਿਚਾਰ ਦਰਜ ਹਨ।

## ਆਮ ਰੋਗਾਂ ਦਾ ਸਸਤਾ ਘਰੇਲੂ ਇਲਾਜ



**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ - 100/-**

ਰੋਗ ਅਤੇ ਸਰੀਰ ਦਾ ਬਹੁਤ ਪੁਰਾਣਾ ਰਿਸ਼ਤਾ ਹੈ। ਉਪਰੋਕਤ ਪੁਸਤਕ ਵਿੱਚ ਅਸੀਂ ਉਹ ਨੁਸਖ਼ੇ ਦਰਜ਼ ਕੀਤੇ ਹਨ ਜਿਨ੍ਹਾਂ ਲਈ ਲੋੜੀਂਦੀ ਸਮੱਗਰੀ ਸਾਨੂੰ ਸਸਤੀ ਅਤੇ ਸੌਖ ਨਾਲ ਮਿਲ ਸਕਦੀ ਹੈ। ਇਸ ਪੁਸਤਕ ਰਾਹੀਂ ਤੁਸੀਂ ਫ਼ਲ, ਸਬਜ਼ੀਆਂ, ਦਾਲਾਂ, ਮਸਾਲਿਆਂ ਅਤੇ ਜੜ੍ਹੀ-ਬੂਟੀਆਂ ਨਾਲ ਬਿਮਾਰੀਆਂ ਦੇ ਸਫ਼ਲ ਇਲਾਜ ਕਰਨ ਦੇ ਢੰਗ ਤਰੀਕੇ ਲੱਭ ਸਕਦੇ ਹੋ।

## ਜ਼ਾਇਕੇਦਾਰ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ



**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ : 100/-**

ਭੋਜਨ ਬਣਾਉਣਾ ਇੱਕ ਕਲਾ ਹੈ। ਇਸ ਪੁਸਤਕ ਰਾਹੀਂ ਤੁਸੀਂ 170 ਤਰ੍ਹਾਂ ਦੀਆਂ ਮਿਠਾਈਆਂ, ਸਬਜ਼ੀਆਂ ਅਤੇ ਹੋਰ ਸਵਾਦਿਸ਼ਟ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ ਸਿੱਖ ਸਕਦੇ ਹੋ। ਮਾਈਕ੍ਰੋਵੇਵ ਦੀ ਵਰਤੋਂ ਕਿਵੇਂ, ਖਾਣ-ਪੀਣ ਦੀਆਂ ਚੀਜ਼ਾਂ ਦੀ ਸੰਭਾਲ ਦੇ ਢੰਗ-ਤਰੀਕੇ ਵੀ ਤੁਸੀਂ ਇਸ ਕਿਤਾਬ ਵਿੱਚੋਂ ਪੜ੍ਹਕੇ ਅਪਨਾ ਸਕਦੇ ਹੋ।

## ਭਵਨ ਨਿਰਮਾਣ ਕਿਵੇਂ ਕਰੀਏ ?



**ਇੰਜ. ਰਾਜ ਕੁਮਾਰ ਅਗ-ਰਵਾਲ, ਮੁੱਲ : 120/-**

ਸੁੰਦਰ, ਮਜ਼ਬੂਤ ਅਤੇ ਭੂਚਾਲ ਨਿਰੋਧਕ ਘਰ ਕਿਵੇਂ ਤਿਆਰ ਕਰੀਏ, ਘਰ 'ਤੇ ਆਉਣ ਵਾਲੇ ਖਰਚ ਨੂੰ ਕਿਵੇਂ ਘੱਟ ਕੀਤਾ ਜਾ ਸਕਦਾ ਹੈ, ਘਰ ਨੂੰ ਸ਼ੋਰੇ ਤੋਂ ਕਿਵੇਂ ਬਚਾਈਏ, ਸਰੀਆ ਕਿਹੋ ਜਿਹਾ ਵਰਤੀਏ, ਸੀਮਿੰਟ ਕਿਵੇਂ ਦਾ ਹੋਵੇ ਅਤੇ ਲੱਕੜ ਦੀ ਚੋਣ ਕਿਵੇਂ ਕਰੀਏ ਆਦਿ ਜਾਣਕਾ-ਰੀਆਂ ਨਾਲ ਭਰਪੂਰ ਇਹ ਪੁਸਤਕ ਬਹੁਤ ਹੀ ਮਹੱਤਵਪੂਰਨ ਹੈ। ਆਈ. ਟੀ. ਆਈਆਂ ਵਿੱਚ ਪੜ੍ਹਦੇ ਵਿਦਿਆਰਥ ਜਾਂ ਜੋ ਕੋਈ ਹੋਰ ਵੀ ਵਿਅਕਤੀ ਨਵਾਂ ਘਰ ਬਣਾਉਣਾ ਚਾਹੁੰਦਾ ਹੈ ਉਹ ਇਸ ਕਿਤਾਬ ਤੋਂ ਫਾਇਦਾ ਉਠਾ ਸਕਦਾ ਹੈ।



# ਹਿੰਦੂਆਂ ਦੁਆਰਾ ਮੁਸਲਿਮ ਪੀਰਾਂ ਦੀ ਪੂਜਾ ਕਿਉਂ?

ਰਾਜਾ ਰਾਮ ਹੰਡਿਆਇਆ

ਭਾਰਤ ਵਿੱਚ ਭਾਵੇਂ ਭਿੰਨ-ਭਿੰਨ ਧਰਮਾਂ ਅਤੇ ਜਾਤਾਂ ਦੇ ਲੋਕ ਰਹਿੰਦੇ ਹਨ, ਪਰ ਮੁੱਖ ਤੌਰ ਤੇ ਇੱਥੇ ਹਿੰਦੂ ਲੋਕ ਰਹਿੰਦੇ ਹਨ। ਭਾਰਤ ਵਿੱਚ ਜਿੰਨੇ ਵੀ ਧਰਮ ਪੈਦਾ ਹੋਏ ਹਨ ਜਾਂ ਬਾਹਰ ਦੇ ਧਰਮ ਇੱਥੇ ਪ੍ਰਫੁੱਲਤ ਹੋਏ ਹਨ, ਸਭਨਾਂ ਨੂੰ ਹਿੰਦੂ ਲੋਕਾਂ ਨੇ ਅਪਣਾਇਆ ਹੈ। ਇਸ ਲਈ ਹੋਰ ਧਰਮਾਂ ਨੂੰ ਅਪਣਾਉਣ ਦੇ ਬਾਅਦ ਵੀ ਉਹ ਆਪਣੇ ਸੰਸਕਾਰਾਂ ਨੂੰ ਜਿਉਂ ਦਾ ਤਿਉਂ ਸੰਭਾਲੇ ਹੋਏ ਹਨ। ਭਾਵੇਂ ਹੀ ਭਾਰਤੀ ਹਿੰਦੂਆਂ ਨੇ ਹੋਰ ਧਰਮਾਂ ਨੂੰ ਅਪਣਾਇਆ ਪਰੰਤੂ ਉਨ੍ਹਾਂ ਨੇ ਆਪਣੀਆਂ ਪੁਰਾਤਨ ਰੂੜੀਆਂ ਨੂੰ ਵੀ ਨਾਲ-ਨਾਲ ਕਾਇਮ ਰੱਖਿਆ। ਇਹੀ ਕਾਰਨ ਹੈ ਕਿ ਭਾਰਤ ਦੇ ਹਿੰਦੂਆਂ ਨੇ ਆਪਣੀ ਗੈਰ ਵਿਗਿਆਨਕ ਸੋਚ, ਆਪਣੀ ਜਾਤੀ ਵਰਣ ਵਿਵਸਥਾ ਆਪਣੀ ਪੂਜਾ ਪੱਧਤੀ ਦਾ ਪ੍ਰਭਾਵ ਹਰੇਕ ਧਰਮ ਉੱਤੇ ਛੱਡਿਆ ਹੈ। ਪਰੰਤੂ ਇੱਕ ਗੱਲ ਜੋ ਹਰੇਕ ਬੰਦੇ ਨੂੰ ਬੁਰੀ ਮਹਿਸੂਸ ਹੁੰਦੀ ਹੈ, ਉਹ ਇਹ ਹੈ ਕਿ ਹਿੰਦੂ ਲੋਕ ਮੁਸਲਿਮ ਪੀਰਾਂ ਦੀ ਪੂਜਾ ਆਪਣੇ ਦੇਵੀ-ਦੇਵਤਿਆਂ ਤੋਂ ਵੀ ਵਧ ਕੇ ਕਰਦੇ ਹਨ। ਹੋਰ ਕਿਸੇ ਵੀ ਧਰਮ ਦੇ ਲੋਕ ਦੂਜੇ ਧਰਮਾਂ ਦੇ ਦੇਵਤਿਆਂ ਵਿੱਚ ਕੋਈ ਰੁਚੀ ਨਹੀਂ ਲੈਂਦੇ। ਫੇਰ ਹਿੰਦੂ ਲੋਕ ਮੁਸਲਿਮ ਪੀਰਾਂ ਦੀ ਪੂਜਾ ਵਿੱਚ ਆਖਰ ਕਿਉਂ ਫਸੇ ਹੋਏ ਹਨ?

ਆਪਣੇ ਤੇਤੀ ਕਰੋੜ ਦੇਵਤਿਆਂ ਉੱਤੇ ਭਰੋਸਾ ਨਹੀਂ : ਹਿੰਦੂ ਮੱਤ ਵਿੱਚ ਤੇਤੀ ਕਰੋੜ ਦੇਵਤੇ ਮੰਨੇ ਅਤੇ ਪੂਜੇ ਜਾਂਦੇ ਹਨ। ਇੱਥੋਂ ਤੱਕ ਕਿ ਨਦੀਆਂ, ਪਹਾੜ, ਦਰੱਖਤ-ਪੌਦੇ, ਪਸ਼ੂ-ਪੰਛੀ ਵੀ ਦੇਵਤਾ ਮੰਨੇ ਗਏ ਹਨ। ਹਿੰਦੂ ਲੋਕ ਇੱਕ ਰੱਬ ਵਿੱਚ ਵਿਸ਼ਵਾਸ ਨਾ ਕਰਕੇ ਦੇਵਤਿਆਂ ਦੀ ਪੂਜਾ ਨੂੰ ਹੀ ਮਹੱਤਵ ਦੇਂਦੇ ਹਨ। ਉਹ ਆਪਣੀ ਹਰੇਕ ਸਮੱਸਿਆ ਦੇ ਹੱਲ ਦੇ ਲਈ ਇਹਨਾਂ ਦੀ ਪੂਜਾ ਕਰਦੇ ਹਨ ਅਤੇ ਚੜ੍ਹਾਵਾ ਚੜ੍ਹਾ ਕੇ ਉਨ੍ਹਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਹਿੰਦੂ ਲੋਕਾਂ ਦਾ ਵਿਸ਼ਵਾਸ ਹੈ ਕਿ ਦੇਵੀ-ਦੇਵਤਿਆਂ ਨੂੰ ਖੁਸ਼ ਰੱਖਣ ਵਿੱਚ ਹੀ ਉਨ੍ਹਾਂ ਦੀ ਭਲਾਈ ਹੈ, ਨਹੀਂ ਤਾਂ ਦੇਵਤੇ ਨਾਰਾਜ਼ ਹੋ ਕੇ ਉਨ੍ਹਾਂ ਦੀ ਸੁਖ-ਸ਼ਾਂਤੀ ਭੰਗ ਕਰ ਦੇਣਗੇ ਅਤੇ ਉਨ੍ਹਾਂ ਨੂੰ ਰੋਗੀ ਅਤੇ ਦੁਖੀ ਬਣਾ ਦੇਣਗੇ। ਇਸ ਲਈ ਹਰੇਕ ਹਿੰਦੂ ਇਹਨਾਂ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਦੇ ਲਈ ਰੋਜ਼ਾਨਾ ਪੂਜਾ ਪਾਠ ਕਰਦਾ ਹੈ, ਪ੍ਰਸ਼ਾਦ ਚੜ੍ਹਾਉਂਦਾ ਹੈ ਅਤੇ ਸਮੇਂ ਸਮੇਂ ਉੱਤੇ ਦਾਨ-ਪੁੰਨ ਵੀ ਕਰਦਾ ਹੈ। ਪਰੰਤੂ ਏਨਾ ਕੁਝ ਕਰਨ ਉੱਤੇ ਵੀ ਇਹ ਲੋਕ ਹਮੇਸ਼ਾ ਦੁਖੀ ਰਹਿੰਦੇ ਹਨ। ਜਦ ਭਾਰਤ ਦੇ ਇੱਕ ਅਰਬ ਲੋਕ ਤੇਤੀ ਕਰੋੜ ਦੇਵਤਿਆਂ ਦੇ ਹੁੰਦੇ ਵੀ ਦੁਖੀ ਰਹਿੰਦੇ ਹਨ ਤਾਂ ਉਹ ਮੁਸਲਿਮ ਪੀਰਾਂ ਦੀ ਸ਼ਰਨ ਵਿੱਚ ਜਾਂਦੇ ਹਨ। ਉਨ੍ਹਾਂ ਨੂੰ ਖੁਸ਼ ਕਰਨ ਦੇ ਢੰਗ ਲੱਭਦੇ ਹਨ।

ਪੀਰ ਅਸਲ ਵਿੱਚ ਕੌਣ ਲੋਕ ਹਨ? :- ਸਾਡੇ ਹਰੇਕ ਪਿੰਡ, ਖੇਤ ਅਤੇ ਘਰਾਂ ਵਿੱਚ ਪੀਰਾਂ ਦੀਆਂ ਕਬਰਾਂ ਮਿਲਦੀਆਂ ਹਨ। ਅੱਜ ਸਾਡੇ ਹਿੰਦੂ ਲੋਕ ਇਨ੍ਹਾਂ ਪੀਰਾਂ ਵਿੱਚ ਵੀ ਉਤਨੀ ਹੀ ਸ਼ਰਧਾ ਰੱਖਦੇ ਹਨ ਜਿੰਨੀ ਹਿੰਦੂ ਦੇਵੀ ਦੇਵਤਿਆਂ ਵਿੱਚ ਰੱਖਦੇ ਹਨ। ਇਨ੍ਹਾਂ ਪੀਰਾਂ ਨੂੰ 'ਸ਼ਹੀਦ' ਜਾਂ 'ਸਈਅਦ' ਵੀ ਕਿਹਾ ਜਾਂਦਾ ਹੈ। ਭਾਰਤ ਵਿੱਚ ਮੁੱਖ ਰੂਪ ਵਿੱਚ ਦੋ ਹੀ ਕੌਮਾਂ ਸਨ, ਹਿੰਦੂ ਅਤੇ ਮੁਸਲਿਮ। ਦੋਹਾਂ ਦੇ ਸੱਭਿਆਚਾਰ ਅਤੇ ਸੰਸਕ੍ਰਿਤੀ ਵਿੱਚ ਬਹੁਤ ਫਰਕ ਸੀ। ਹਿੰਦੂ ਆਪਣੇ ਮੁਰਦਿਆਂ ਨੂੰ ਜਲਾਉਂਦੇ ਸਨ ਪਰੰਤੂ ਮੁਸਲਿਮ ਲੋਕ ਉਨ੍ਹਾਂ ਨੂੰ ਦਫ਼ਨਾ ਦੇਂਦੇ ਸਨ। ਅੱਜ ਭਾਰਤ ਵਿੱਚ ਜਿੰਨੇ ਵੀ ਪੀਰਾਂ ਦੀ ਪੂਜਾ ਹੁੰਦੀ ਹੈ, ਅਸਲ ਵਿੱਚ ਇਹ ਮੁਸਲਿਮਾਂ ਦੇ ਇੱਜ਼ਤਦਾਰ ਪ੍ਰੀਵਾਰਾਂ ਦੇ ਬੰਦੇ ਸਨ ਜਿਨ੍ਹਾਂ ਨੇ ਸਮਾਜ, ਦੇਸ਼ ਅਤੇ ਕੌਮ ਦੇ ਲਈ ਕੁਰਬਾਨੀ ਦਿੱਤੀ ਸੀ। ਇਸ ਲਈ ਮੁਸਲਿਮ ਸਮਾਜ ਸ਼ਰਧਾਬੱਧ ਇਨ੍ਹਾਂ ਦੀਆਂ ਕਬਰਾਂ ਉੱਤੇ ਦੀਵੇ ਬਾਲਦੇ ਅਤੇ ਪੂਜਾ ਕਰਦੇ ਹਨ। ਉਹ ਉਸ ਸਮਾਜ ਦੇ ਪੂਜਨੀਕ ਬੰਦੇ ਸਨ। ਹੌਲੀ-ਹੌਲੀ ਇਨ੍ਹਾਂ ਦੇ ਨਾਲ ਚਮਤਕਾਰ ਜੋੜ ਦਿੱਤੇ ਗਏ ਅਤੇ ਇਹ ਪੂਜਨਯੋਗ ਦੇਵਤੇ ਬਣ ਗਏ। ਫੇਰ ਹੋਰ ਦੇਵੀ ਦੇਵਤਿਆਂ ਵਾਂਗ ਇਹਨਾਂ ਤੋਂ ਸੁੱਖ-ਸ਼ਾਂਤੀ ਦੀ ਮੰਗ ਕੀਤੀ ਜਾਣ ਲੱਗੀ ਅਤੇ ਇਹ ਵੀ ਮਨੁੱਖ ਦੇ ਦੁੱਖ ਦੂਰ ਕਰਨ ਵਾਲੇ ਮੰਨੇ ਜਾਣ ਲੱਗੇ। ਇਹਨਾਂ ਨੂੰ ਖੁਸ਼ ਰੱਖਣਾ ਜ਼ਰੂਰੀ ਸਮਝਿਆ ਗਿਆ ਤਾਂ ਜੋ ਮਨੁੱਖ ਹਰੇਕ ਪ੍ਰਕਾਰ ਦੇ ਦੁੱਖਾਂ ਤੋਂ ਬਚਿਆ ਰਹੇ। 'ਸਨਮਾਨ' (ਇੱਜ਼ਤ, ਮਾਣ) ਦੀ ਭਾਵਨਾ ਪਹਿਲਾਂ ਤਾਂ 'ਸ਼ਰਧਾ' ਵਿੱਚ ਤਬਦੀਲ ਹੋਈ ਫੇਰ ਹੌਲੀ ਹੌਲੀ ਅੰਨ੍ਹੀ ਸ਼ਰਧਾ ਵਿੱਚ ਬਦਲ ਗਈ। ਭਾਰਤ ਦੀ ਧਰਤੀ ਉੱਤੇ ਹਿੰਦੂਆਂ ਤੋਂ ਮੁਸਲਿਮ ਬਣੇ ਲੋਕਾਂ ਨੇ ਆਪਣੇ ਇਹਨਾਂ ਪੀਰਾਂ ਨੂੰ ਪੂਜਣਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਹਿੰਦੂ ਲੋਕਾਂ ਨੇ ਵੀ ਇਹਨਾਂ ਨੂੰ ਅਪਨਾ ਲਿਆ ਇਸ ਦਾ ਮੁੱਖ ਕਾਰਨ ਸੀ- ਸੱਤਾ ਉੱਤੇ ਮੁਸਲਿਮਾਂ ਦਾ ਕਬਜ਼ਾ ਅਤੇ ਸਮਾਜ ਉੱਤੇ ਉਨ੍ਹਾਂ ਦੀ ਵਡਿਆਈ ਅਤੇ ਹਿੰਦੂਆਂ ਦੀ ਅੰਧਸ਼ਰਧਾ।

ਪੀਰਾਂ ਦੀਆਂ ਕਬਰਾਂ ਅਤੇ ਨੌਂ ਰਾਜੇ ਪੀਰ : ਹੌਲੀ-ਹੌਲੀ ਪੀਰਾਂ ਦੀਆਂ ਕਬਰਾਂ ਦੀ ਗਿਣਤੀ ਵੱਧਦੀ ਗਈ ਅਤੇ ਇਹਨਾਂ ਦੇ ਨਾਲ ਅੰਧਵਿਸ਼ਵਾਸ ਅਤੇ ਚਮਤਕਾਰ ਜੁੜਦੇ ਚਲੇ ਗਏ। ਮਹਾਂਪੁਰਸ਼ਾਂ ਦੀਆਂ ਕਬਰਾਂ ਦਾ ਆਕਾਰ ਵੱਡਾ ਹੋਣ ਲੱਗਾ। ਇਹਨਾਂ ਦੇ ਨਾਲ ਬਹੁਤ ਸਾਰੀਆਂ ਕਰਾਮਾਤਾਂ ਜੁੜਦੀਆਂ ਰਹੀਆਂ। ਹੌਲੀ ਹੌਲੀ ਇੱਕ ਦੋ ਗਜ ਦੇ ਸਥਾਨ ਉੱਤੇ ਨੌਂ ਗਜ ਦੇ ਪੀਰਾਂ ਦੀਆਂ ਕਬਰਾਂ ਬਣਨ ਲੱਗੀਆਂ। ਜਿੰਨੀ ਵੱਡੀ ਕਬਰ ਉਨ੍ਹਾਂ ਹੀ ਸ਼ਕਤੀਸ਼ਾਲੀ ਪੀਰ ਮੰਨਿਆ ਜਾਣ ਲੱਗਾ। ਜਿਵੇਂ ਕਿ ਪਹਿਲਾਂ ਹੀ ਕਿਹਾ ਜਾ ਚੁੱਕਿਆ ਹੈ ਕਿ ਇਹ ਪੀਰ ਸਮਾਜ ਦੇ ਆਦਰਯੋਗ ਬੰਦੇ ਸਨ, ਜਿਹਨਾਂ ਦਾ ਸਨਮਾਨ ਉਨ੍ਹਾਂ ਦੇ ਚੰਗੇ ਸਿਧਾਂਤਾਂ ਅਤੇ ਕਾਰਨਾਮਿਆਂ ਦੇ ਕਾਰਨ ਕੀਤਾ ਜਾਂਦਾ ਹੈ। ਪਰੰਤੂ ਹੌਲੀ-ਹੌਲੀ ਸਿਧਾਂਤਾਂ ਦਾ ਪਾਲਣ ਨਾ ਕਰਕੇ, ਲੋਕਾਂ ਨੇ ਇਹਨਾ ਵਿੱਚ ਸ਼ਰਧਾ ਰੱਖੀ। ਇਹੀ ਸ਼ਰਧਾ ਪੀੜ੍ਹੀ ਦਰ ਪੀੜ੍ਹੀ ਅੰਨ੍ਹੀ ਸ਼ਰਧਾ ਵਿੱਚ ਬਦਲ ਗਈ। ਉਨ੍ਹਾਂ ਨੇ ਇਹਨਾਂ ਪੀਰਾਂ ਨੂੰ ਆਪਣੇ ਦੇਵੀ-ਦੇਵਤਿਆਂ ਤੋਂ ਵੀ ਵੱਧ ਸ਼ਕਤੀ ਸ਼ਾਲੀ ਸਮਝ ਕੇ ਪੂਜਣਾ ਸ਼ੁਰੂ ਕਰ ਦਿੱਤਾ ਅਤੇ ਅੱਜ ਉਹ ਇਹ ਗੱਲ ਭੁੱਲ ਚੁੱਕੇ ਹਨ ਕਿ ਸਾਰੇ ਪੀਰ ਅਸਲ ਵਿੱਚ ਮੁਸਲਿਮ ਸਨ। ਹਜ਼ਾਰਾਂ ਸਾਲਾਂ ਤੋਂ ਇਹਨਾਂ ਦੀ ਪੂਜਾ ਪੀੜ੍ਹੀ ਦਰ ਪੀੜ੍ਹੀ ਹੁੰਦੀ ਆਈ ਹੈ। ਹੁਣ ਇਹ ਪੂਜਾ ਹਿੰਦੂਆਂ ਦੇ ਸੰਸਕਾਰਾਂ ਦਾ ਹਿੱਸਾ ਬਣ ਗਈ ਹੈ। ਪੀਰ ਹੁਣ ਹਿੰਦੂ ਮੁਸਲਿਮਾਂ ਦੇ ਸਾਂਝੇ ਦੇਵਤੇ ਮੰਨੇ ਜਾਂਦੇ ਹਨ। ਕੁਝ ਹਿੰਦੂ ਤਾਂ ਇਨ੍ਹਾਂ ਪੀਰਾਂ ਉੱਤੇ ਬੱਕਰੇ ਦੀ ਬਲੀ ਵੀ ਉਸੇ ਤਰ੍ਹਾਂ ਦੇਂਦੇ ਹਨ, ਜਿਵੇਂ ਮੁਸਲਿਮ ਲੋਕ ਦੇਂਦੇ ਹਨ। ਜੇਕਰ ਉਨ੍ਹਾਂ ਨੂੰ ਇਹ ਕੁਪ੍ਰਥਾ ਬੰਦ ਕਰਨ ਨੂੰ ਕਿਹਾ ਜਾਂਦਾ ਹੈ ਤਾਂ ਆਪਣੀ ਮਾਨਸਿਕ ਕਮਜ਼ੋਰੀ ਦਾ ਪ੍ਰਗਟਾਵਾ

ਕਰਦੇ ਹੋਏ ਇਹ ਉੱਤਰ ਦੇਂਦੇ ਹਨ ਕਿ ਜੇਕਰ ਉਨ੍ਹਾਂ ਨੇ ਪੀਰ ਨੂੰ ਮੰਨਣਾ ਬੰਦ ਕਰ ਦਿੱਤਾਂ ਤਾਂ ਪੀਰ ਉਨ੍ਹਾਂ ਨੂੰ ਨੁਕਸਾਨ ਪਹੁੰਚਾਏਗਾ। ਇਹ ਸਾਡੀ ਮਾਨਸਿਕ ਗੁਲਾਮੀ ਦਾ ਇੱਕ ਮਹੱਤਵਪੂਰਨ ਉਦਾਹਰਣ ਹੈ।

ਪੀਰਾਂ ਦੇ ਨਾਂ ਉੱਤੇ ਚੱਲਦਾ ਹੈ ਠੱਗੀ ਦਾ ਧੰਦਾ : ਪੁਰਾਣੇ ਸਮੇਂ ਤੋਂ ਹੀ ਦੇਵੀ-ਦੇਵਤਿਆਂ ਅਤੇ ਪੀਰਾਂ ਦੇ ਨਾਂ ਉੱਤੇ ਠੱਗੀ ਦਾ ਧੰਦਾ ਜ਼ੋਰਾ ਉੱਤੇ ਚੱਲਦਾ ਰਿਹਾ ਹੈ। ਭਾਵੇਂ ਆਜ਼ਾਦੀ ਦੇ ਸਮੇਂ ਜ਼ਿਆਦਾਤਰ ਮੁਸਲਿਮ ਪਾਕਿਸਤਾਨ ਵਿੱਚ ਚਲੇ ਗਏ, ਉਨ੍ਹਾਂ ਦਾ ਦੇਸ਼ ਵੱਖਰਾ ਬਣ ਗਿਆ। ਪਰੰਤੂ ਅੱਜ ਵੀ ਉਨ੍ਹਾਂ ਦੇ ਪੀਰਾਂ ਨੇ ਹਿੰਦੂਆਂ ਦੀ ਮਾਨਸਿਕਤਾ ਨੂੰ ਗੁਲਾਮ ਬਣਾਇਆ ਹੋਇਆ ਹੈ। ਮੁਸਲਿਮ ਲੋਕ ਆਪਣੇ ਪੀਰਾਂ ਨੂੰ ਗੁਲਾਮ-ਹਿੰਦੂਆਂ ਦੀ ਰੱਖਿਆ ਦੇ ਲਈ ਛੱਡ ਗਏ ਹਨ। ਹੁਣ ਇਹ ਪੀਰ ਪੂਰੀ ਤਰ੍ਹਾਂ ਨਾਲ ਹਿੰਦੂਆਂ ਦੀ ਅੰਧਸ਼ਰਧਾ ਦੇ ਪਾਤਰ ਹਨ। ਭਾਰਤ ਦੇ ਹਿੰਦੂ ਇਹਨਾਂ ਉੱਤੇ ਮੇਲੇ ਲਗਾਉਂਦੇ ਹਨ, ਪੂਜਾ ਅਰਚਨਾ ਕਰਦੇ ਹਨ, ਚੜ੍ਹਾਵਾ ਚੜ੍ਹਾਉਂਦੇ ਹਨ। ਇਹ ਜ਼ਰੂਰੀ ਨਹੀਂ ਹੈ ਕਿ ਇਹਨਾਂ ਪੀਰਾਂ ਦੇ ਪੁਜਾਰੀ ਮੁਸਲਿਮ ਹੀ ਹੋਣ, ਸਗੋਂ ਜ਼ਿਆਦਾਤਰ ਹਿੰਦੂ ਪੁਜਾਰੀ ਹੀ ਚੜ੍ਹਾਵੇ ਨੂੰ ਹੜੱਪ ਕਰ ਰਹੇ ਹਨ। ਸਚਾਈ ਇਹ ਹੈ ਕਿ ਹਿੰਦੂਆਂ ਦੀ ਅੰਨ੍ਹੀਸ਼ਰਧਾ ਦੇ ਆਸਰੇ ਬਹੁਤ ਸਾਰੇ ਲੋਕਾਂ ਦਾ ਠੱਗੀ ਦਾ ਵਪਾਰ ਚੱਲਦਾ ਹੈ।

ਇਹ ਠੱਗ ਥਾਂ ਥਾਂ ਪੀਰ ਦੇ ਨਾਂ ਉੱਤੇ ਕੁੱਝ ਇੱਟਾਂ ਇਕੱਠੀਆਂ ਕਰ ਕੇ ਕਬਰ ਬਣਾ ਦੇਂਦੇ ਹਨ ਅਤੇ ਪੀਰ ਦਾ ਕੋਈ ਵੀ ਊਟ-ਪਟਾਂਗ ਨਾਂ ਰੱਖਕੇ, ਉਸਦੇ ਚਮਤਕਾਰੀ ਕਿੱਸੇ ਸੁਣਾਉਂਦੇ ਰਹਿੰਦੇ ਹਨ। ਆਪ ਉਸ ਦੇ ਪੁਜਾਰੀ ਬਣ ਜਾਂਦੇ ਹਨ। ਬੁੱਤ-ਪੂਜਕ ਹਿੰਦੂ ਕੁੱਝ ਦਿਨਾਂ ਵਿੱਚ ਇਥੇ ਪੀਰ ਦੀ ਪੱਕੀ ਥਾਂ ਬਣਾ ਦੇਂਦੇ ਹਨ ਅਤੇ ਵੀਰਵਾਰ ਦੇ ਦਿਨ ਇੱਥੇ ਮੇਲਾ ਲੱਗਣ ਲੱਗਦਾ ਹੈ। ਪੂੰਜੀਵਾਦੀ ਪ੍ਰਬੰਧ ਦੇ ਕਾਰਨ ਭਾਰਤ ਦੇ 80 ਪ੍ਰਤੀਸ਼ਤ ਲੋਕ ਆਪਣੀ ਸਮਾਜਿਕ ਆਰਥਿਕ ਅਤੇ ਮਾਨਸਿਕ ਸੱਮਿਆਵਾਂ ਨਾਲ ਗ੍ਰਸਤ ਹਨ। ਉਹ ਅਗਿਆਨੀ ਅਤੇ ਅਨਪੜ੍ਹ ਹਨ। ਇਸ ਲਈ ਹਮੇਸ਼ਾ ਕਿਸੇ ਅਲੌਕਿਕ ਸ਼ਕਤੀ ਦਾ ਸਹਾਰਾ ਲੱਭਦੇ ਰਹਿੰਦੇ ਹਨ। ਇਨ੍ਹਾਂ ਲੋਕਾਂ ਵਿੱਚੋਂ ਜ਼ਿਆਦਾਤਰ ਲੋਕਾਂ ਪੀਰਾਂ ਉੱਤੇ ਆਪਣੀ ਮੰਨਤ ਮੰਗਣ ਜਾਂਦੇ ਹਨ। ਮਿਹਨਤ ਦੇ ਬਲ ਉੱਤੇ ਜਦ ਉਨ੍ਹਾਂ ਦੀ ਕੋਈ ਮੰਗ ਪੂਰੀ ਹੁੰਦੀ ਹੈ ਤਾਂ ਉਹ ਇਸਨੂੰ ਪੀਰ ਦੀ ਕਰਾਮਾਤ ਹੀ ਸਮਝਦੇ ਹਨ ਅਤੇ ਵੱਧ ਵਿਸ਼ਵਾਸ ਨਾਲ ਪੂਜਾ ਕਰਦੇ ਹਨ। ਇਸ ਨਾਲ ਠੱਗਾਂ ਦਾ ਮਨੋਬਲ ਹੋਰ ਵੱਧਦਾ ਜਾਂਦਾ ਹੈ।

ਇਨ੍ਹਾਂ ਠੱਗਾਂ ਨੇ ਆਪਣੇ ਪੀਰਾਂ ਦੀ ਵੀ ਅਲੱਗ-ਅਲੱਗ ਕਿਸਮਾਂ ਬਣਾਈਆਂ ਹੋਈਆਂ ਹਨ, ਜਿਵੇਂ ਸਭਨਾਂ ਪ੍ਰਕਾਰ ਦੀਆਂ ਸਹੂਲਤਾਂ ਦੇਣ ਵਾਲਾ ਪੀਰ 'ਸਰਵਰ ਲੱਖਦਾਤਾ ਪੀਰ' ਔਲਾਦ ਪ੍ਰਾਪਤੀ, ਖਾਸ ਤੌਰ ਉੱਤੇ ਪੁੱਤਰ ਦੀ ਬਖਸ਼ੀਸ਼ ਦੇਣ ਵਾਲਾ ਪੀਰ 'ਲਾਲਾਂ ਵਾਲਾ ਪੀਰ' ਅਖਵਾਉਂਦਾ ਹੈ। ਇਸ ਦੇ ਇਲਾਵਾਂ ਬਹੁਤ ਨਾਮਾਂ ਵਾਲੇ ਪੀਰ ਪੈਦਾ ਕਰ ਲਏ ਗਏ ਹਨ, ਜੋ ਲੋਕਾਂ ਮਾਨਸਿਕ ਗੁਲਾਮੀ ਨੂੰ ਪੱਕਾ ਕਰ ਰਹੇ ਹਨ।

ਇਹਨਾਂ ਠੱਗਾਂ ਨੇ ਪੀਰ ਦੀ ਆਤਮਾ ਨੂੰ ਆਪਣੇ ਅੰਦਰ ਬੁਲਾਉਣਾ ਵੀ ਸ਼ੁਰੂ ਕਰ ਦਿੱਤਾ ਹੈ, ਜਿਸ ਦੇ ਆਸਰੇ ਇਹਨਾਂ ਨੇ ਪੁੱਛਿਆ ਦੇਣ ਦਾ ਪਖੰਡ ਵੀ ਰਚ ਲਿਆ ਹੈ। ਹਰੇਕ ਪੀਰ ਦਾ ਪੁਜਾਰੀ ਇਹ ਦਾਅਵਾ ਕਰਦਾ ਹੈ ਕਿ ਪੀਰ ਦੀ ਆਤਮਾ ਉਸ ਵਿੱਚ ਜਦ ਵੀ ਪ੍ਰਵੇਸ਼ ਕਰਦੀ ਹੈ ਤਾਂ ਉਹ ਭੂਤ, ਵਰਤਮਾਨ ਅਤੇ ਭਵਿੱਖ ਦੀਆਂ ਸੱਚੀਆਂ ਗੱਲਾਂ ਦੱਸ ਸਕਦਾ ਹੈ। ਇਹ ਕੁਪ੍ਰਚਾਰ ਉਸ ਦੇ ਲਈ ਮੁਨਾਫੇ ਦਾ ਵਪਾਰ ਬਣ ਜਾਂਦਾ ਹੈ। ਦੁਖੀ ਲੋਕ ਆਪਣੇ ਦੁੱਖਾਂ ਨੂੰ ਦੂਰ ਕਰਨ ਲਈ ਅਜਿਹੇ ਪਖੰਡੀਆਂ ਦੇ ਕੋਲ ਜਾਂਦੇ ਹਨ। ਇਹ ਚਾਲਬਾਜ਼ ਕਈ ਪ੍ਰਕਾਰ ਦੇ ਨਸ਼ੇ ਵਿੱਚ ਧੁੱਤ ਹੋਕੇ ਸਿਰ ਘੁੰਮਾਉਣ ਅਤੇ ਪੀਰ ਦੇ ਆਉਣ ਦਾ ਪਖੰਡ ਰੱਚਦੇ ਹਨ ਫਿਰ ਦੁੱਖਾਂ ਦਾ ਉਪਾਅ ਕਰਨ ਦਾ ਲਾਲਚ ਦੇ ਕੇ ਭੋਲੇ-ਭਾਲੇ ਅਤੇ ਮਾਸੂਮ ਲੋਕਾਂ ਨੂੰ ਮਾਨਸਿਕ ਰੋਗੀ ਬਣਾ ਲੈਂਦੇ ਹਨ ਅਤੇ ਉਨ੍ਹਾਂ ਦੇ ਇਲਾਜ ਦੇ ਬਹਾਨੇ ਲੱਖਾਂ ਰੁਪਏ ਲੁੱਟ ਲੈਂਦੇ ਹਨ। ਕੁੱਝ ਹੀ ਸਾਲਾਂ ਵਿੱਚ ਇਹ ਚਲਾਕ ਕਰੋੜਪਤੀ ਬਣ ਜਾਂਦੇ ਹਨ। ਇਹ ਲੋਕ ਪੀਰ ਦੇ ਨਾਂ ਉੱਤੇ ਸ਼ਰਾਬ ਦੀਆਂ ਬੋਤਲਾਂ, ਮੁਰਗੇ ਅਤੇ ਹੋਰ ਖਾਣ ਪਾਨ ਦੀਆਂ ਚੀਜਾਂ ਲੈਂਦੇ ਹਨ ਅਤੇ ਸੁਰਾ-ਸੁੰਦਰੀ ਦਾ ਪੂਰਨ ਅਨੰਦ ਲੈਂਦੇ ਹਨ। ਮਰਦ ਪ੍ਰਧਾਨ ਸਮਾਜ ਵਿੱਚ ਦੁਖੀ ਇਸਤਰੀਆਂ ਹੀ ਇਨ੍ਹਾਂ ਦੇ ਜਾਲ ਵਿੱਚ ਵੱਧ ਫਸਦੀਆਂ ਹਨ। ਅਸਲ ਵਿੱਚ ਇਹ ਸਮਾਜ ਦੇ ਰਾਹਭਟਕਾਊ ਅਤੇ ਦੁਰਾਚਾਰੀ ਬੰਦੇ ਹੁੰਦੇ ਹਨ ਜੋ ਲੋਕਾਂ ਨੂੰ ਗੁੰਮਰਾਹ ਕਰਕੇ ਲੁੱਟਦੇ ਹਨ।

ਕਿਸੇ ਦੀ ਮੱਝ ਦੁੱਧ ਨਾ ਦੇਵੇ, ਕੋਈ ਬੀਮਾਰ ਪੈ ਜਾਵੇ, ਘਰ ਵਿੱਚ ਝਗੜਾ ਹੋ ਜਾਵੇ, ਸਾਰਿਆਂ ਦਾ ਇਹ ਇੱਕ ਹੀ ਉਪਾਅ ਦੱਸਦੇ ਹਨ ਅਤੇ ਪੀਰ ਦਾ ਗੁੱਸਾ ਦੱਸਦੇ ਹਨ। ਮਾਨਸਿਕ ਰੋਗਾਂ ਤੋਂ ਦੁਖੀ ਰੋਗੀਆਂ ਨੂੰ ਵੀ 'ਪੀਰ ਦੀ ਕਸਰ' ਦੱਸਦੇ ਹਨ। ਭਾਵੇਂ ਹੀ ਕਿਸੇ ਦੀ ਲੱਤ ਵਿੱਚ ਦਰਦ ਹੁੰਦਾ ਹੋਵੇ, ਉਸਨੂੰ ਵੀ ਇਹੀ ਕਹਿੰਦੇ ਹਨ ਕਿ ਸ਼ਹੀਦ (ਸਈਅਦ) ਜਾਂ ਪੀਰ ਦੀ ਲਪੇਟ ਵਿੱਚ ਆ ਗਿਆ ਹੈ, ਇਸ ਲਈ ਪੀਰ ਨੂੰ ਖੁਸ਼ ਕਰਨ ਦੇ ਲਈ ਸ਼ਰਾਬ ਦੀ ਬੋਤਲ, ਇੱਕ ਮੁਰਗਾ ਅਤੇ ਹੋਰ ਬਹੁਤ ਸਾਰੀ ਸਮੱਗਰੀ ਦੇਣੀ ਹੋਵੇਗੀ। ਦੇਸੀ ਘੀ ਅਤੇ ਨਕਦ ਰਕਮ ਵੀ ਬਟੋਰ ਲੈਂਦੇ ਹਨ। ਇਸ ਪ੍ਰਕਾਰ ਇਹ ਲੋਕ ਪੀਰਾਂ ਫਕੀਰਾਂ ਨੂੰ ਵੀ ਬਦਨਾਮ ਕਰਦੇ ਹਨ, ਜੋ ਅਸਲ ਵਿੱਚ ਆਦਰਸ਼ ਮਨੁੱਖ ਸਨ ਪੀਰਾਂ ਵਿੱਚ ਸ਼ਰਧਾ ਰੱਖਣ ਵਾਲੇ ਲੋਕਾਂ ਨੂੰ ਵੀ ਇਹ ਗੱਲ ਪੂਰੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਪੀਰ ਕਿਸੇ ਦਾ ਨੁਕਸਾਨ ਕਰਨ ਵਾਲੇ ਜਾਂ ਬੁਰਾ ਚਾਹੁੰਣ ਵਾਲੇ ਬੰਦੇ ਨਹੀਂ ਸਨ। ਉਹ ਭਲੇ ਮਨੁੱਖ ਸਨ ਜਿਹੜੇ ਸਮਾਜ ਦਾ ਹਮੇਸ਼ਾ ਭਲਾ ਚਾਹੁੰਦੇ ਹਨ। ਇਸੇ ਪ੍ਰਕਾਰ (ਸਈਅਦ) ਕਹੇ ਜਾਣ ਵਾਲੇ 'ਸ਼ਹੀਦ' ਲੋਕ ਤਾਂ ਸਮਾਜ ਦੇ ਲਈ ਆਪ ਕੁਰਬਾਨੀ ਦੇ ਗਏ ਹਨ। ਉਹ ਭਲਾਂ ਹੁਣ ਕਿਸੇ ਨੂੰ ਕਿਉਂ ਦਰਦ ਦੇਣ ਲੱਗਣਗੇ। ਇਹ ਸਭ ਇਹਨਾਂ ਸ਼ਾਤਰ ਲੋਕਾਂ ਦਾ ਗੁੰਮਰਾਹ ਕਰਨ ਵਾਲਾ ਪ੍ਰਚਾਰ ਹੁੰਦਾ ਹੈ।

ਪੀਰਾਂ ਦੇ ਬਾਰੇ ਵਿੱਚ ਅੰਧਵਿਸ਼ਵਾਸ : ਸਮਾਜ ਵਿੱਚ ਪੀਰਾਂ ਦੀਆਂ ਚਮਤਕਾਰੀ ਸ਼ਕਤੀਆਂ ਦਾ ਬਹੁਤ ਢੋਲ ਪਿੱਟਿਆ ਜਾਂਦਾ ਹੈ, ਜਦਕਿ ਇਹ ਗੱਲ ਅੱਜ ਦੇ ਵਿਗਿਆਨਕ ਯੁੱਗ ਵਿੱਚ ਪੂਰਨ ਤੌਰ ਤੇ ਸਪੱਸ਼ਟ ਹੋ ਚੁੱਕੀ ਹੈ ਕਿ ਅੱਜ ਤੱਕ ਨਾ ਤਾਂ ਕਿਸੇ ਬੰਦੇ ਵਿੱਚ ਚਮਤਕਾਰੀ ਸ਼ਕਤੀ ਹੋਈ ਹੈ ਨਾ ਕਦੇ ਹੋਵੇਗੀ। ਅਕਲ ਅਤੇ ਗਿਆਨ ਦੇ ਲਿਹਾਜ ਨਾਲ ਕੋਈ ਬੰਦਾ ਘੱਟ ਅਕਲਮੰਦ ਹੈ, ਕੋਈ ਜ਼ਿਆਦਾ। ਕੁਦਰਤ ਵਿੱਚ ਬਹੁਤ ਰਹੱਸ ਹਨ। ਕੁੱਝ ਦਾ ਭੇਦ ਵਿਗਿਆਨਕਾਂ ਨੇ ਪਾ ਲਿਆ ਹੈ, ਕੁੱਝ ਦਾ ਆਉਣ ਵਾਲੇ ਸਮੇਂ ਵਿੱਚ ਲੱਭ ਲਿਆ ਜਾਵੇਗਾ। ਇਸ ਲਈ ਪੀਰਾਂ ਦੇ ਬਾਰੇ ਵਿੱਚ ਆਖੀਆਂ ਜਾਣ ਵਾਲੀਆਂ ਸਾਰੀਆਂ ਚਮਤਕਾਰੀ ਕਹਾਣੀਆਂ ਕੋਰੀ ਕਲਪਨਾ ਉੱਤੇ ਆਧਾਰਿਤ ਹਨ। ਅਸਲੀਅਤ ਤਾਂ ਇਹ ਹੈ ਕਿ ਪੀਰ ਦੇ ਨਾਂ ਉੱਤੇ ਬਣਾਈਆਂ ਗਈਆਂ ਜ਼ਿਆਦਾਤਰ ਕਬਰਾਂ ਵੀ ਮਨਘੜਤ ਗੱਲਾਂ ਉੱਤੇ ਆਧਾਰਿਤ ਹਨ। ਕਿਸੇ ਵੀ ਪੀਰ ਵਿੱਚ ਨਾ ਤਾਂ ਕਿਸੇ ਦੀ ਮੰਨਤ ਪੂਰੀ ਕਰਨ ਦੀ ਸ਼ਕਤੀ ਹੈ ਅਤੇ ਨਾ ਹੀ ਗੁੱਸੇ ਹੋ ਕੇ ਉਸਦਾ ਕੁੱਝ ਵਿਗਾੜਣ ਦੀ ਸ਼ਕਤੀ ਹੈ। ਆਮ ਜੀਵਨ ਵਿੱਚ ਅਸੀਂ ਦੇਖਦੇ ਹਾਂ ਕਿ ਆਵਾਰਾ ਕੁੱਤੇ ਇਹਨਾਂ ਪੀਰਾਂ ਦੀਆਂ ਕਬਰਾਂ ਦੇ ਉੱਪਰ ਪੇਸ਼ਾਬ ਅਤੇ ਹੋਰ ਗੰਦਗੀ ਕਰਦੇ ਰਹਿੰਦੇ ਹਨ, ਪਰੰਤੂ ਕੁੱਤਿਆਂ ਵਿੱਚ ਕਦੇ ਪੀਰ ਦੀ ਆਤਮਾ ਆ ਕੇ ਤੰਗ ਨਹੀਂ ਕਰਦੀ। ਪਰੰਤੂ ਅੰਧਵਿਸ਼ਵਾਸੀ ਲੋਕ ਜੇਕਰ ਭੁੱਲ ਕੇ ਵੀ, ਉੱਧਰ ਮੂੰਹ ਕਰਕੇ ਪਿਸ਼ਾਬ ਅਤੇ ਹੋਰ ਗੰਦਗੀ ਆਦਿਕ ਕਰ ਦੇਣ, ਜਿਧਰ ਪੀਰ ਦੀ ਕਬਰ ਹੋਵੇ, ਤਾਂ ਉਸੇ ਸਮੇਂ ਉਹਨਾਂ ਨੂੰ ਪੀਰ ਕਾਬੂ ਕਰ ਲੈਂਦਾ ਹੈ। ਅਸਲ ਵਿੱਚ ਇਹ ਉਨ੍ਹਾਂ ਦੀ ਡਰੀ ਹੋਈ ਮਾਨਸਿਕਤਾ ਦੇ ਕਾਰਨ ਹੁੰਦਾ ਹੈ।

ਜਿੱਥੇ ਤੱਕ ਨੌਂ ਗਜੇ ਪੀਰਾਂ ਦੀਆਂ ਕਬਰਾਂ ਦਾ ਸਵਾਲ ਹੈ, ਇਤਿਹਾਸ ਗਵਾਹ ਹੈ ਕਿ ਅੱਜ ਤੱਕ ਨੌਂ ਗਜ ਤਾਂ ਦੂਰ ਦੀ ਗੱਲ, ਨੌਂ-ਫੁੱਟ ਦਾ ਬੰਦਾ ਵੀ ਨਹੀਂ ਹੋਇਆ ਹੈ। ਫਿਰ ਇਹ ਕਬਰਾਂ ਕਿੰਨੀਆਂ ਸਚਾਈ ਉੱਤੇ ਆਧਾਰਿਤ ਹੋਣਗੀਆਂ, ਲੋਕ ਆਪ ਅੰਦਾਜ਼ਾ ਲਗਾ ਸਕਦੇ ਹਨ। ਪੀਰਾਂ ਦੇ ਬਾਰੇ ਵਿੱਚ ਫੈਲਾਏ ਜਾਣ ਵਾਲੇ ਅੰਧਵਿਸ਼ਵਾਸਾਂ ਵਿੱਚ ਸਿਰਫ ਸਾਧਾਰਨ ਅਕਲ ਦੇ ਲੋਕ ਹੀ ਵਿਸ਼ਵਾਸ ਕਰ ਸਕਦੇ ਹਨ।

ਪੀਰਾਂ ਦਾ ਅਸਰ ਆਉਣਾ : ਭਾਰਤੀ ਰੂੜੀਵਾਦੀ ਸਮਾਜ ਵਿੱਚ

ਉਨ੍ਹਾਂ ਬੰਦਿਆਂ ਨੂੰ ਸਨਮਾਨ ਦਾ ਦਰਜਾ ਦਿੱਤਾ ਜਾਂਦਾ ਹੈ, ਜਿਸ ਵਿੱਚ ਕਿਸੇ ਨਾ ਕਿਸੇ ਪੀਰ ਦਾ ਅਸਰ ਆਉਂਦਾ ਹੋਵੇ। ਇਸ ਲਈ ਫੋਕੀ ਸ਼ੋਹਰਤ ਦੇ ਭੁੱਖੇ ਕੁਝ ਲੋਕ ਕਿਸੇ ਨਾ ਕਿਸੇ ਪੀਰ ਦੇ ਪੁਜਾਰੀ ਬਣ ਜਾਂਦੇ ਹਨ। ਹੌਲੀ-ਹੌਲੀ ਇਹ ਲੋਕ ਪੀਰ ਦੀ ਚੌਂਕੀ ਲਗਾਉਣ ਦੇ ਬਹਾਨੇ ਸਿਰ ਘੁੰਮਾਉਣ ਦਾ ਅਭਿਆਸ ਕਰ ਲੈਂਦੇ ਹਨ। ਫੇਰ ਊਟ-ਪਟਾਂਗ ਗੱਲਾਂ ਕਹਿ ਕੇ ਸਾਧਾਰਨ ਲੋਕਾਂ ਦਾ ਵਿਸ਼ਵਾਸ ਜਿੱਤ ਲੈਂਦੇ ਹਨ ਅਤੇ ਪੂਜਣਯੋਗ ਵਿਅਕਤੀ ਬਣ ਜਾਂਦੇ ਹਨ। ਇਸ ਪ੍ਰਕਾਰ ਇਹ ਆਪਣਾ ਲੁੱਟ ਦਾ ਕੇਂਦਰ ਚਲਾਉਣ ਲੱਗਦੇ ਹਨ ਅਤੇ ਲੋਕਾਂ ਦੀਆਂ ਸਾਰੀਆਂ ਸਮੱਸਿਆਵਾਂ ਦੇ ਗੈਰਵਿਗਿਆਨਕ ਹੱਲ ਦੱਸਣ ਵਿੱਚ ਮਾਹਰ ਹੋ ਜਾਂਦੇ ਹਨ। ਲੁੱਟ ਦਾ ਇਹ ਧੰਦਾ ਬਿਨਾਂ ਕਿਸੇ ਰੁਕਾਵਟ ਦੇ ਚੱਲਦਾ ਰਹਿੰਦਾ ਹੈ, ਕਿਉਂਕਿ ਇਸ ਉੱਤੇ ਧਰਮ ਦੀ ਮੋਹਰ ਲੱਗੀ ਹੁੰਦੀ ਹੈ।

ਇਹ ਗੱਲ ਬਿਲਕੁੱਲ ਨਿਰਆਧਾਰ ਹੈ ਕਿ ਜੀਵਾਂ ਵਿੱਚ ਕੋਈ ਆਤਮਾ ਹੁੰਦੀ ਹੈ, ਜੋ ਮਰਨ ਦੇ ਬਾਅਦ ਵੀ ਮਨੁੱਖਾਂ ਉੱਤੇ ਆਪਣਾ ਪ੍ਰਭਾਵ ਪਾਉਂਦੀ ਹੈ। ਅਸਲ ਵਿੱਚ ਸਾਰੇ ਧਰਮਾਂ ਦਾ ਸੱਭ ਤੋਂ ਵੱਡਾ ਝੂਠ ਹੈ। ਭੂਤ-ਪ੍ਰੇਤ, ਆਤਮਾ-ਪ੍ਰਮਾਤਮਾ, ਪੀਰਾਂ-ਫਕੀਰਾਂ, ਸਾਧੂ ਸੰਤਾਂ ਦੀਆਂ ਕਰਾਮਾਤੀ ਕਹਾਣੀਆਂ ਕੋਰੀ ਕਲਪਨਾ ਦੇ ਇਲਾਵਾ ਕੁੱਝ ਵੀ ਅਰਥ ਨਹੀਂ ਰੱਖਦੀਆਂ ਹਨ। ਇਹੀ ਵਜ੍ਹਾ ਹੈ ਕਿ ਇਨ੍ਹਾਂ ਅਸਧਾਰਨਾਵਾਂ ਦਾ ਸ਼ਿਕਾਰ ਵੀ ਉਹੀ ਬੰਦੇ ਹੁੰਦੇ ਹਨ, ਜੋ ਇਨ੍ਹਾਂ ਅੰਧ ਵਿਸ਼ਵਾਸਾਂ ਵਿੱਚ ਵਿਸ਼ਵਾਸ ਰੱਖਦੇ ਹਨ।

ਭੂਤ-ਪ੍ਰੇਤ ਦੀ ਰੁਕਾਵਟ ਸਿਰਫ ਉਨ੍ਹਾਂ ਬੰਦਿਆਂ ਨੂੰ ਸਤਾਉਂਦੀ ਹੈ, ਜੋ ਇਨ੍ਹਾਂ ਵਿੱਚ ਵਿਸ਼ਵਾਸ ਰੱਖਦੇ ਹਨ। ਇਸੇ ਪ੍ਰਕਾਰ ਪੀਰਾਂ ਦਾ ਚੰਗਾ ਜਾਂ ਬੁਰਾ ਅਸਰ ਸਿਰਫ ਉਹ ਬੰਦੇ ਮਹਿਸੂਸ ਕਰਦੇ ਹਨ, ਜਿਨ੍ਹਾਂ ਦੀ ਇਹਨਾਂ ਵਿੱਚ ਸ਼ਰਧਾ ਹੁੰਦੀ ਹੈ। ਇਹ ਪੀਰ ਨਾ ਤਾਂ ਕਿਸੇ ਦਾ ਕੁੱਝ ਸੰਵਾਰ ਸਕਦੇ ਹਨ ਅਤੇ ਨਾ ਹੀ ਕੁਝ ਵਿਗਾੜ ਸਕਦੇ ਹਨ। ਇਨ੍ਹਾਂ ਦੀਆਂ ਚਮਤਕਾਰੀ ਸ਼ਕਤੀਆਂ ਵਿੱਚ ਵਿਸ਼ਵਾਸ ਕਰਨਾ ਮੂਰਖਤਾ ਹੈ। ਹਾਂ, ਇਨ੍ਹਾਂ ਪੀਰਾਂ ਦੇ ਚੰਗੇ ਸਿਧਾਂਤਾਂ ਦਾ ਪਾਲਣ ਕਰਨਾ ਕੋਈ ਬੁਰਾ ਨਹੀਂ ਹੈ, ਪਰੰਤੂ ਆਪਣੀ ਅਕਲ ਨੂੰ ਇਹਨਾਂ ਨੂੰ ਗਿਰਵੀ ਨਹੀਂ ਰੱਖਣਾ ਚਾਹੀਦਾ। ਕਿਸੇ ਦਾ ਸਨਮਾਨ ਕਰਨਾ ਬੁਰੀ ਗੱਲ ਨਹੀਂ ਹੈ, ਪਰੰਤੂ ਇਹ ਸਨਮਾਨ ਸ਼ਰਧਾ ਵਿੱਚ ਬਦਲ ਕੇ ਅੰਨ੍ਹੀ ਸ਼ਰਧਾ ਤੱਕ ਨਹੀਂ ਪਹੁੰਚਣਾ ਚਾਹੀਦਾ।

ਇਸ ਲਈ ਇਸ ਗੱਲ ਉਤੇ ਕਦੇ ਵੀ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਕਿ ਕਿਸੇ ਖਾਸ ਬੰਦੇ ਵਿੱਚ ਸੱਚਮੁੱਚ ਹੀ ਪੀਰ ਆਉਂਦਾ ਹੈ, ਉਹ ਸ਼ਰਾਬ, ਮੀਟ ਆਦਿ ਮੰਗਦਾ ਹੈ, ਬਲੀ ਮੰਗਦਾ ਹੈ ਜਾਂ ਸਾਡੀਆਂ ਮੰਨਤਾਂ ਪੂਰੀਆਂ ਕਰਦਾ ਹੈ, ਪੂਜਾ ਨਾ ਕਰਨ ਨਾਲ ਨਾਰਾਜ਼ ਹੋ ਜਾਂਦਾ ਹੈ। ਇਹ ਸਭ ਗੱਲਾਂ ਪਖੰਡੀਆਂ ਦੁਆਰਾ ਆਪਣੇ ਸਵਾਰਥ ਪੂਰੇ ਕਰਨ ਦੇ ਲਈ ਫੈਲਾਈਆਂ ਜਾਂਦੀਆਂ ਹਨ। ਸਿਰਫ ਮਾਨਸਿਕ ਗੁਲਾਮੀ ਦੇ ਕਾਰਨ ਹੀ ਮਨੁੱਖੀ ਮਨ ਇਨ੍ਹਾਂ ਦੇ ਚੱਕਰ ਤੋਂ ਆਜ਼ਾਦ ਨਹੀਂ ਹੋ ਪਾਉਂਦਾ। ਇਸ ਨਾਲ ਪੀੜ੍ਹੀ ਦਰ ਪੀੜ੍ਹੀ ਅੰਧਵਿਸ਼ਵਾਸ ਫੈਲਦਾ ਰਹਿੰਦਾ ਹੈ।

ਮੁਸਲਿਮ ਸੰਸਕ੍ਰਿਤੀ ਦਾ ਪ੍ਰਭਾਵ : ਸਾਰੇ ਪੀਰ ਮੁਸਲਿਮ ਸੰਸਕ੍ਰਿਤੀ ਦੀ ਦੇਣ ਹਨ। ਹਜ਼ਾਰਾਂ ਸਾਲਾਂ ਤੱਕ ਮੁਸਲਮਾਨਾਂ ਦੇ ਗੁਲਾਮ ਰਹਿ ਕੇ ਭਾਰਤੀ ਹਿੰਦੂਆਂ ਨੇ ਮੁਸਲਿਮ ਸੰਸਕ੍ਰਿਤੀ ਦੇ ਪ੍ਰਭਾਵ ਨੂੰ ਅਪਨਾ ਲਿਆ ਹੈ। ਹੁਣ ਹਿੰਦੂਆਂ ਦਾ ਮੁਸਲਿਮ ਪੀਰਾਂ ਦੀਆਂ ਸ਼ਕਤੀਆਂ ਵਿੱਚ ਅਟੁੱਟ ਵਿਸ਼ਵਾਸ ਹੈ। ਇਸ ਵਿਸ਼ਵਾਸ ਨੂੰ ਤੋੜਨ ਦੇ ਲਈ ਇੱਕ ਅੱਧੀ ਕੋਸ਼ਿਸ਼ ਹੀ ਕਾਫੀ ਨਹੀਂ ਹੈ। ਹਿੰਦੂ ਧਰਮ ਦਾ ਇਤਿਹਾਸ ਦੇਵੀ-ਦੇਵਤਿਆਂ, ਰਿਸ਼ੀ-ਮੁਨੀਆਂ, ਯੋਗੀਆਂ ਦੀਆਂ ਦੈਵੀ ਸ਼ਕਤੀਆਂ ਨਾਲ ਭਰਿਆ ਪਿਆ ਹੈ, ਫਿਰ ਭਲਾਂ ਪੀਰਾਂ ਦੀ ਚਮਤਕਾਰੀ ਸ਼ਕਤੀਆਂ ਵਿੱਚ ਵਿਸ਼ਵਾਸ ਨਾ ਕਰਨ ਦਾ ਉਨ੍ਹਾਂ ਦੇ ਪਾਸ ਕੀ ਤਰਕ ਹੈ। ਇਸ ਲਈ ਹਿੰਦੂਆਂ ਨੂੰ ਮੁਸਲਿਮ ਪੀਰਾਂ ਦੇ ਚੱਕਰ ਤੋਂ ਮੁਕਤ ਕਰਵਾਉਣਾ ਕੋਈ ਸੌਖੀ ਗੱਲ ਨਹੀਂ ਹੈ। ਸ਼ਾਇਦ ਇਹ ਹਿੰਦੂ ਕੌਮ ਦੀ ਅਪੰਗਤਾ ਦਾ ਇੱਕ ਸਬੂਤ ਹੈ। ਸੈਂਕੜੇ ਸਾਲਾਂ ਤੋਂ ਹਿੰਦੂਤਵ ਦਾ ਠੇਕਾ ਚੁੱਕਣ ਵਾਲੀ ਆਰ. ਐਸ. ਐਸ. ਅਤੇ ਉਸਦੀਆਂ ਸਹਿਯੋਗੀ ਬਹੁਤ ਸਾਰੀਆਂ ਸੰਸਥਾਵਾਂ ਵੀ ਹਿੰਦੂਆਂ ਦੀ ਇਸ ਗੁਲਾਮ ਮਾਨਸਿਕਤਾ ਦਾ ਕੋਈ ਹੱਲ ਨਹੀਂ ਲੱਭ ਸਕੀਆਂ ਹਨ। ਸਗੋਂ ਹਿੰਦੂ ਧਰਮ ਦੇ ਹੀ ਬਹੁਤੇ ਸਾਧੂ-ਸੰਤ ਮੁਸਲਿਮ ਪੀਰਾਂ ਦੀਆਂ ਕਬਰਾਂ ਦੀ ਪੂਜਾ ਕਰਾਉਣ ਵਿੱਚ ਲੱਗੇ ਹਨ। ਭਾਰਤ ਦੇ ਅੰਦਰ ਹਰੇਕ ਮੁੱਖ ਸੜਕ ਉੱਤੇ ਬਣਾਈਆਂ ਜਾ ਰਹੀਆਂ ਇਹ ਪੀਰਾਂ ਦੀਆਂ ਕਬਰਾਂ ਜਿੱਥੇ ਅੰਧਵਿਸ਼ਵਾਸ ਨੂੰ ਹੱਲਾਸ਼ੇਰੀ ਦੇਣ ਵਿੱਚ ਕਾਮਯਾਬ ਹੋ ਰਹੀਆਂ ਹਨ, ਉਥੇ ਹੀ ਹਿੰਦੂ ਧਰਮ ਦਾ ਠੇਕਾ ਉੱਠਾ ਰਹੀਆਂ ਉਨ੍ਹਾਂ ਕੱਟੜ-ਹਿੰਦੂਵਾਦੀ ਸੰਸਥਾਵਾਂ ਦਾ ਵੀ ਮੂੰਹ ਚਿੜਾ ਰਹੀਆਂ ਹਨ, ਜੋ ਹਿੰਦੂਆਂ ਨੂੰ 'ਰਾਮ ਅਤੇ ਰੋਟੀ' ਦੇਣ ਦਾ ਵਾਇਦਾ ਕਰਦੀਆਂ ਹਨ। ਇਹ ਸੰਸਥਾਵਾਂ ਬਾਬਰੀ ਮਸਜਿਦ ਨੂੰ ਢਹਾ ਕੇ ਰਾਮ ਮੰਦਰ ਬਣਵਾਉਣ ਵਿੱਚ ਤਾਂ ਕਾਮਯਾਬ ਹੋ ਸਕਦੀਆਂ ਹਨ ਪਰੰਤੂ ਹਿੰਦੂਆਂ ਉੱਤੇ ਬਣੀ ਹਜ਼ਾਰਾਂ ਸਾਲਾਂ ਦੀ ਮਾਨਸਿਕ ਗੁਲਾਮੀ ਨੂੰ ਖ਼ਤਮ ਨਹੀਂ ਕਰ ਸਕਦੀਆਂ। ਇਹ ਮਾਨਸਿਕ ਗੁਲਾਮੀ ਭਾਰਤ ਉੱਤੇ ਅੱਠ ਸੌ ਸਾਲਾਂ ਤੱਕ ਰਹੇ ਮੁਸਲਿਮ ਹਕੂਮਤ ਦਾ ਨਤੀਜਾ ਹੈ। ਕਿਸੇ ਸਾਹਿਤਕਾਰ ਨੇ ਸੱਚ ਹੀ ਕਿਹਾ ਹੈ ਕਿ 'ਜਿਸ ਕੌਮ ਨੂੰ ਬਰਬਾਦ ਕਰਨਾ ਹੋਵੇ, ਉਸ ਦਾ ਸਾਹਿਤ ਅਤੇ ਲਿੱਪੀ ਲੁੱਟ ਲਵੋ। ਪਰੰਤੂ ਜਿਹੜੀ ਕੌਮ ਦਾ ਸਾਰਾ ਸਾਹਿਤ ਹੀ ਪੂਰਨ ਅਸੱਤ ਅਤੇ ਕਾਲਪਨਿਕ ਹੋਵੇ ਅਤੇ ਇਹ ਸਾਹਿਤ ਵੀ ਸਿਰਫ ਇੱਕ ਵਰਗ ਦੀ ਬਾਂਝ ਭਾਸ਼ਾ ਵਿੱਚ ਕੈਦ ਹੋਵੇ, ਉਸ ਕੌਮ ਦੀ ਮਾਨਸਿਕ ਕਮਜ਼ੋਰੀ ਦਾ ਅੰਦਾਜ਼ਾ ਅਸਾਨੀ ਨਾਲ ਹੀ ਲਗਾਇਆ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਕਲਪਿਤ ਸਾਹਿਤ ਨੂੰ ਸ਼੍ਰੇਸ਼ਠ ਮੰਨਣ ਵਾਲੀ ਹਿੰਦੂ ਕੌਮ ਕਿਸਮਤਵਾਦੀ, ਤਰੱਕੀਹੀਣ, ਰੂੜੀਵਾਦੀ ਅਤੇ ਗੈਰ ਵਿਗਿਆਨਕ ਸੋਚ ਵਾਲੀ ਬਣੀ ਰਹੀ ਹੈ ਅਤੇ ਅੱਜ ਵੀ ਤਰਕ ਤੋਂ ਕੋਸਾਂ ਦੂਰ ਰਹਿ ਕੇ ਪਰਾਭੌਤਿਕ ਸ਼ਕਤੀਆਂ ਵਿੱਚ ਵਿਸ਼ਵਾਸ ਕਰਦੀ ਹੈ। ਸਿਰਫ ਤਰਕ ਅਤੇ ਵਿਵੇਕ ਹੀ ਕਿਸੇ ਕੌਮ ਜਾਂ ਦੇਸ਼ ਨੂੰ ਤਰੱਕੀ ਦੇ ਰਸਤੇ ਉਤੇ ਲਿਆ ਸਕਦੇ ਹਨ।

ਸਿੱਟਾਂ : ਉਪਰੋਕਤ ਚਰਚਾ ਦਾ ਸਿੱਟਾ ਇਹ ਨਿਕਲਦਾ ਹੈ ਕਿ ਭਾਰਤੀ ਹਿੰਦੂਆਂ ਦੀ ਪੀਰਾਂ ਵਿੱਚ ਉਲਝੀ ਮਾਨਸਿਕਤਾ ਉਨ੍ਹਾਂ ਦੇ ਇਨ੍ਹਾਂ ਸਿਧਾਂਤਾਂ ਦਾ ਨਤੀਜਾ ਹੈ, ਜਿਹਨਾਂ ਦੇ ਤਹਿਤ ਉਹ ਇਹ ਮੰਨਦੇ ਹਨ ਕਿ ਚੰਗੀ, ਬੁਰੀ ਅਤੇ ਸ਼੍ਰੇਸ਼ਠ ਆਤਮਾਵਾਂ ਹੁੰਦੀਆਂ ਹਨ, ਜਿਹੜੀਆਂ ਮਨੁੱਖ ਦੇ ਪੂਰਨ ਜੀਵਨ ਉਤੇ ਆਪਣਾ ਪ੍ਰਭਾਵ ਪਾਉਂਦੀਆਂ ਹਨ। ਮਨੁੱਖ ਦੇ ਇਸ ਜੀਵਨ ਦੇ ਦੁੱਖ-ਸੁੱਖ ਉਸਦੇ ਪਿਛਲੇ ਜੀਵਨ ਵਿੱਚ ਕੀਤੇ ਕਰਮਾਂ ਦਾ ਫ਼ਲ ਹੈ, ਮਨੁੱਖ ਦੇਵੀ-ਦੇਵਤਾ, ਪੀਰ ਫਕੀਰ ਅਤੇ ਪ੍ਰਮਾਤਮਾ ਦੇ ਅੱਗੇ ਕਠਪੁਤਲੀ ਵਾਂਗ ਹੈ। ਉਹ ਕੁਝ ਵੀ ਨਹੀਂ ਕਰ ਸਕਦਾ, ਸੱਭ ਕੁੱਝ ਪਹਿਲਾਂ ਤੋਂ ਨਿਰਧਾਰਤ ਹੈ, ਇਸ ਲਈ ਮਨੁੱਖ ਨੂੰ ਇਹਨਾਂ ਦੀ ਪੂਜਾ-ਪ੍ਰਾਰਥਨਾ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਨੂੰ ਹਮੇਸ਼ਾ ਖੁਸ਼ ਰੱਖਣਾ ਚਾਹੀਦਾ ਹੈ, ਇਸੇ ਵਿੱਚ ਉਸਦੀ ਭਲਾਈ ਹੈ।

ਅਜਿਹੀ ਗੈਰਵਿਗਿਆਨਕ ਸਿੱਖਿਆ ਦੇ ਪ੍ਰਭਾਵ ਵਿੱਚ ਭਲਾਂ ਕੋਈ ਬੰਦਾ ਜਾਂ ਕੌਮ ਆਤਮਵਿਸ਼ਵਾਸੀ, ਦ੍ਰਿੜ ਨਿਸ਼ਚੇ ਵਾਲੀ ਅਤੇ ਮਿਹਨਤੀ ਕਿਵੇਂ ਬਣ ਸਕਦੀ ਹੈ ਅਜਿਹੀ ਕੌਮ ਕਿਸੇ ਵੀ ਦੂਸਰੀ ਕੌਮ ਦੇ ਚਮਤਕਾਰੀ ਮਨੁੱਖਾਂ ਅਤੇ ਪੀਰਾਂ ਨੂੰ ਅਸਾਨੀ ਨਾਲ ਅਪਨਾ ਲੈਂਦੀ ਹੈ। ਗੱਲ ਸਿਰਫ ਮੁਸਲਿਮ ਪੀਰਾਂ ਦੀ ਮਾਨਤਾ ਤੱਕ ਹੀ ਸੀਮਤ ਨਹੀਂ ਹੈ ਸਗੋਂ ਇਸ ਕੜੀ ਵਿੱਚ ਈਸਾਈਆਂ ਦੇ ਇਸ ਭੈੜੇਪ੍ਰਚਾਰ ਦਾ ਪ੍ਰਭਾਵ ਵੀ ਭਾਰਤ ਦੇ ਹਿੰਦੂਆਂ ਉੱਤੇ ਕਾਫੀ ਪੈ ਰਿਹਾ ਹੈ, ਜਿਸ ਦੇ ਤਹਿਤ ਈਸਾਈ ਇਹ ਪ੍ਰਚਾਰ ਕਰਦੇ ਹਨ ਕਿ ਪ੍ਰਭੂ ਯਸ਼ੂ ਦੀ ਕਿਰਪਾ ਨਾਲ ਅੰਨ੍ਹੇ ਦੇਖਣ ਲੱਗਦੇ ਹਨ, ਲੰਗੜੇ ਚੱਲਣ ਲੱਗਦੇ ਹਨ, ਬੋਲੇ ਸੁਣਨ ਲੱਗਦੇ ਹਨ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਤਾਰਕਿਕ ਅਤੇ ਵਿਗਿਆਨਕ ਸੋਚ ਨੂੰ ਪ੍ਰਫੁੱਲਤ ਕਰਨਾ ਹੀ ਇਨ੍ਹਾਂ ਸਮੱਸਿਆਵਾਂ ਦਾ ਇਕ ਮਾਤਰ ਹੱਲ ਹੈ। ਤਾਰਕਿਕ ਅਤੇ ਵਿਗਿਆਨਕ ਵਿਚਾਰਧਾਰਾ ਹੀ ਸਾਨੂੰ ਹਰੇਕ ਸੱਮਸਿਆ ਦੇ ਕਾਰਨ ਅਤੇ ਦੂਰ ਕਰਨ ਦਾ ਗਿਆਨ ਦੇ ਸਕਦੀ ਹੈ। ਉਨਤੀ ਦੇ ਰਸਤੇ ਉੱਤੇ ਚੱਲਣ ਦਾ ਇਹੀ ਇੱਕ ਸਾਧਨ ਹੈ।

# ਪੈੜ ਜੋ ਕਾਫ਼ਲਾ ਬਣੀ

## ਮੇਘ ਰਾਜ ਮਿੱਤਰ



ਸਾਥੀ ਰਣਜੀਤ ਝਨੇਰ ਦੇ ਪਿਤਾ ਦਾ ਸਰੀਰ ਪੀਜੀਆਈ ਨੂੰ ਦਾਨ ਕਰਨ ਮੌਕੇ

18 ਸਤੰਬਰ 2006 ਨੂੰ ਜਦੋਂ ਧਰਤੀ ਦੇ ਪੰਜਾਬ ਵਾਲੇ ਖਿੱਤੇ ਵਿਚ ਸੂਰਜ ਨੇ ਆਪਣੀ ਲਾਲੀ ਵਿਖੇਰਨੀ ਸ਼ੁਰੂ ਕੀਤੀ ਸੀ ਤਾਂ ਉਸੇ ਵੇਲੇ ਸਾਡੇ ਘਰ ਵਿਚ ਹਨੇਰ ਛਾ ਗਿਆ ਸੀ। ਇਸ ਦਿਨ ਮੇਰੇ ਪਿਤਾ ਜੀ 91ਵੇਂ ਸਾਲ ਦੀ ਉਮਰ ਵਿਚ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ। ਮਰਨ ਤੋਂ ਲਗਭਗ 10 ਵਰ੍ਹੇ ਪਹਿਲਾਂ ਉਨ੍ਹਾਂ ਨੇ ਆਪਣੀ ਲਿਖਤੀ ਵਸੀਅਤ ਰਾਹੀਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਤਾਕੀਦ ਕੀਤੀ ਸੀ ਕਿ ਮਰਨ ਤੋਂ ਬਾਅਦ ਉਨ੍ਹਾਂ ਦਾ ਸਰੀਰ ਕਿਸੇ ਮੈਡੀਕਲ ਕਾਲਜ ਨੂੰ ਸੌਂਪ ਦਿਤਾ ਜਾਵੇ ਤਾਂ ਜੋ ਡਾਕਟਰ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਦੀ ਖੋਜ ਪੜਤਾਲ ਵਿਚ ਕੰਮ ਆ ਸਕੇ। ਇਸ ਤੋਂ ਪਹਿਲਾਂ ਮੈਂ ਮੈਡੀਕਲ ਕਾਲਜਾਂ ਨੂੰ ਇਹ ਕਹਿੰਦੇ ਸੁਣਿਆ ਸੀ, "ਅਸੀਂ ਭਾਰਤੀ ਵਧੀਆ ਡਾਕਟਰ ਕਿਵੇਂ ਪੈਦਾ ਕਰ ਸਕਦੇ ਹਾਂ, ਜਦੋਂਕਿ ਸਾਨੂੰ ਤਾਂ ਸਿਰਫ਼ ਮਿੱਟੀ ਤੇ ਸੁਆਹ ਹੀ ਪ੍ਰਾਪਤ ਹੁੰਦੀ ਹੈ। ਮੁਸਲਮ ਧਰਮ ਦੇ ਪੈਰੋਕਾਰ ਆਪਣੇ ਮੁਰਦਿਆਂ ਨੂੰ ਦਫ਼ਨ ਕਰ ਦਿੰਦੇ ਹਨ, ਜਿਹੜੇ ਮਿੱਟੀ ਹੋ ਜਾਂਦੇ ਹਨ। ਹਿੰਦੂ ਧਰਮ ਦੇ ਪੈਰੋਕਾਰ ਆਪਣੇ ਮ੍ਰਿਤਕਾਂ ਨੂੰ ਜਲਾ ਦਿੰਦੇ ਹਨ, ਜੋ ਸੁਆਹ ਬਣ ਜਾਂਦੇ ਹਨ। ਹੁਣ ਮਿੱਟੀ ਤੇ ਸੁਆਹ ਨਾਲ ਕੀ ਸਾਡੇ ਡਾਕਟਰ ਮਾਹਰ ਬਣ ਸਕਦੇ ਹਨ?"

ਮੈਨੂੰ ਇਸ ਡਾਕਟਰ ਦੀ ਇਹ ਗੱਲ ਵਧੀਆ ਲੱਗੀ। ਉਂਝ ਵੀ ਤਰਕਸ਼ੀਲ ਸੁਸਾਇਟੀ ਸਵਰਗ-ਨਰਕ ਆਦਿ ਵਿਚ ਯਕੀਨ ਨਹੀਂ ਕਰਦੀ। ਇਸ ਲਈ ਮੈਂ ਆਪਣੇ ਪਿਤਾ ਜੀ ਦੀ ਲਿਖਤੀ ਵਸੀਅਤ ਨੂੰ ਅਮਲੀਜਾਮਾ ਪਹਿਨਾਉਣ ਦਾ ਸੰਕਲਪ ਲਿਆ। ਮੈਂ ਜਾਣਦਾ ਸਾਂ ਕਿ ਮੇਰੇ ਭੈਣ-ਭਰਾ ਜੋ ਕਾਫ਼ੀ ਹੱਦ ਤਕ ਧਾਰਮਕ ਹਨ, ਮੈਨੂੰ ਇਸ ਗੱਲ ਦੀ ਸੌਖੇ ਢੰਗ ਨਾਲ ਇਜਾਜ਼ਤ ਨਹੀਂ ਦੇਣਗੇ। ਮੈਂ ਪਿਤਾ ਜੀ ਦੀ ਮ੍ਰਿਤਕ ਦੇਹ ਨੂੰ ਘਰ ਲਿਆਉਣ ਲਈ ਰੁਝ ਗਿਆ ਅਤੇ ਆਪਣੇ ਸਪੁਤਰ ਨੂੰ ਪਿਤਾ ਜੀ ਦੀ ਵਸੀਅਤ ਦੀਆਂ ਦੋ ਸੌ ਕੁ ਕਾਪੀਆਂ ਫ਼ੋਟੋਸਟੇਟ ਕਰਵਾਉਣ ਲਈ ਕਿਹਾ ਤਾਂ ਜੋ ਸਾਰੇ ਰਿਸ਼ਤੇਦਾਰਾਂ ਅਤੇ ਭੈਣਾ-ਭਰਾਵਾਂ ਨੂੰ ਮਨੋਂ ਤਿਆਰ ਕਰਨ ਲਈ ਯਤਨ ਤੇਜ਼ ਹੋ ਸਕਣ। ਮੈਂ ਇਹ ਵੀ ਜਾਣਦਾ ਸਾਂ ਕਿ ਕਿਸੇ ਮਰ ਰਹੇ ਵਿਅਕਤੀ ਦੀ ਵਸੀਅਤ 'ਤੇ ਅਮਲ ਨਾ ਕਰਨਾ ਨੈਤਿਕ ਅਤੇ ਕਾਨੂੰਨੀ ਤੌਰ 'ਤੇ ਗ਼ਲਤ ਹੁੰਦਾ ਹੈ। ਵਸੀਅਤ ਦੀ ਕਾਪੀ ਨੂੰ ਪੜ੍ਹ ਕੇ ਸਾਰੇ ਜਣੇ ਕਹਿਣ ਲੱਗੇ ਕਿ ਉਨ੍ਹਾਂ ਨੇ ਤਾਂ ਆਪਣਾ ਫ਼ੈਸਲਾ ਸੁਣਾ ਦਿਤਾ ਹੈ। ਇਸ 'ਤੇ ਅਮਲ ਹੋਣਾ ਚਾਹੀਦਾ ਹੈ।

ਮ੍ਰਿਤਕ ਦੇਹ ਲਈ ਪ੍ਰਚੱਲਤ ਕੁੱਝ ਸਮਾਜਕ ਰਸਮਾਂ ਘਰ ਵਿਚ ਰੱਖ ਕੇ ਹੀ ਪੂਰੀਆਂ ਕੀਤੀਆਂ ਗਈਆਂ। ਉਸ ਤੋਂ ਬਾਅਦ ਐਂਬੂਲੈਂਸ ਮੰਗਵਾਈ ਗਈ ਤਾਂ ਜੋ ਪਿਤਾ ਜੀ ਦੀ ਮ੍ਰਿਤਕ ਦੇਹ ਦਿਆਨੰਦ ਮੈਡੀਕਲ ਕਾਲਜ ਲੁਧਿਆਣਾ ਨੂੰ ਸੌਂਪ ਦਿੱਤੀ ਜਾਵੇ। ਸਾਡੇ ਆਲੇ-ਦੁਆਲੇ ਵਿਚ ਕਿਸੇ ਨੇ ਵੀ ਇਸ ਤਰ੍ਹਾਂ ਹੁੰਦਾ ਨਹੀਂ ਸੀ ਵੇਖਿਆ। ਇਸ ਲਈ ਬਹੁਤ ਸਾਰੇ ਰਿਸ਼ਤੇਦਾਰ ਅਤੇ ਭੈਣ-ਭਰਾ ਉਨ੍ਹਾਂ ਦੀ ਦੇਹ ਹਸਪਤਾਲ ਨੂੰ ਸੌਂਪਣ ਜਾਣ ਲਈ ਤਿਆਰ ਹੋ ਗਏ। ਸਾਡੀਆਂ ਗੱਡੀਆਂ ਦਾ ਕਾਫ਼ਲਾ ਹਸਪਤਾਲ ਦੇ ਅਨਾਟਮੀ ਵਿਭਾਗ ਵਿਚ ਪੁੱਜ ਗਿਆ। ਭਾਵੇਂ ਹਸਪਤਾਲ ਵਾਲਿਆਂ ਨੂੰ ਅਸੀਂ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ, ਪਰ ਸਾਨੂੰ ਬੜੀ ਨਿਰਾਸ਼ਾ ਹੋਈ ਕਿ ਹਸਪਤਾਲ ਦਾ ਇਕ ਵੀ ਡਾਕਟਰ ਮ੍ਰਿਤਕ ਦੇਹ ਨੂੰ ਪ੍ਰਾਪਤ ਕਰਨ ਲਈ ਉਥੇ ਹਾਜ਼ਰ ਨਹੀਂ ਸੀ। ਅਸੀਂ ਮੋਰਚਰੀ ਵਿਚ ਸਰੀਰ ਨੂੰ ਰੱਖ ਕੇ ਨਿਰਾਸ਼ਾ ਦੀ ਹਾਲਤ ਵਿਚ ਘਰ ਨੂੰ ਚੱਲ ਪਏ। ਸ਼ਾਮ ਨੂੰ ਸਾਡਾ ਪਰਿਵਾਰ ਇਕੱਠਾ ਬੈਠ ਗਿਆ। ਪਿਤਾ ਜੀ ਬਾਰੇ ਗੱਲਾਂ ਹੋਣ ਲੱਗ ਪਈਆਂ। ਹਰ ਕੋਈ ਪਿਤਾ ਜੀ ਨਾਲ ਹੰਢਾਈਆਂ ਯਾਦਾਂ ਦਾ ਉਲੇਖ ਕਰ ਰਿਹਾ ਸੀ। ਮੈਂ ਚਾਹੁੰਦਾ ਸੀ ਕਿ ਪਿਤਾ ਜੀ ਦਾ ਸ਼ਰਧਾਂਜਲੀ ਪ੍ਰੋਗਰਾਮ ਵੀ ਪਰੰਪਰਾ ਤੋਂ ਹੱਟ ਕੇ ਵਿਲੱਖਣ ਢੰਗ ਨਾਲ ਹੋਵੇ। ਮੈਂ ਸਾਰੇ ਪਰਿਵਾਰਕ ਮੈਂਬਰਾਂ ਨੂੰ ਹਦਾਇਤ ਕੀਤੀ ਕਿ ਪਿਤਾ ਜੀ ਜਿਹੋ-ਜਿਹੇ ਵੀ ਸਨ, ਬਾਰੇ ਹਰ ਜੀਅ ਇਕ-ਦੋ ਸਫ਼ੇ ਜ਼ਰੂਰ ਲਿਖੇ ਜਾਂ ਲਿਖਵਾਏ ਤਾਂ ਜੋ ਉਨ੍ਹਾਂ ਦੇ ਸ਼ਰਧਾਂਜਲੀ ਪ੍ਰੋਗਰਾਮ ਸਮੇਂ ਹਾਜ਼ਰ ਹੋਣ ਵਾਲੇ ਵਿਅਕਤੀਆਂ ਨੂੰ ਲੱਡੂ ਜਾਂ ਪਤਾਸੇ ਦੇਣ ਦੀ ਵਜਾਏ ਉਨ੍ਹਾਂ ਦੀ ਯਾਦ ਵਿਚ ਛਪੀ ਕਿਤਾਬ ਭੇਂਟ ਕੀਤੀ ਜਾ ਸਕੇ। ਦਸ ਕੁ ਪਰਿਵਾਰਕ ਮੈਂਬਰਾਂ ਨੇ ਇਸ ਗੱਲ ਨੂੰ ਅਮਲੀਜਾਮਾ ਪਹਿਨਾ ਦਿੱਤਾ।

ਪਹਿਲੀ ਅਕਤੂਬਰ 2006 ਨੂੰ ਅਸੀਂ ਸ਼ਰਧਾਂਜਲੀ ਸਮਾਗਮ ਰੱਖ ਲਿਆ ਅਤੇ ਦਿਆਨੰਦ ਮੈਡੀਕਲ ਕਾਲਜ ਦੇ ਪ੍ਰੋਫ਼ੈਸਰਾਂ ਨੂੰ ਵੀ ਇਸ ਵਿਚ ਸ਼ਿਰਕਤ ਕਰਨ ਦੀ ਬੇਨਤੀ ਕੀਤੀ। ਬਹੁਤ ਸਾਰੇ ਵਿਅਕਤੀ ਇਸ ਦਿਨ ਆਏ। ਸਮਾਗਮ ਵਿਚ ਪਹੁੰਚੇ ਸੱਤ-ਅੱਠ ਬੁਲਾਰਿਆਂ ਨੇ ਵੀ ਪਿਤਾ ਜੀ ਬਾਰੇ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਹਸਪਤਾਲ ਦੇ ਡਾਕਟਰ ਅਜੇ ਨੇ ਉਨ੍ਹਾਂ ਦੀ ਪ੍ਰਯੋਗਸ਼ਾਲਾ ਲਈ ਮ੍ਰਿਤਕ ਦੇਹਾਂ ਦੀ ਘਾਟ ਦਾ ਜ਼ਿਕਰ ਕੀਤਾ ਅਤੇ ਨਾਲ ਹੀ ਦੱਸਿਆ ਕਿ ਮੈਡੀਕਲ ਕਾਲਜ ਨੂੰ ਪਿਛਲੇ 40 ਸਾਲਾਂ ਵਿਚ ਮਿਲਣ ਵਾਲੀ ਇਹ ਪਹਿਲੀ ਮ੍ਰਿਤਕ ਦੇਹ ਹੈ। ਇਸ ਪ੍ਰੋਗਰਾਮ ਦੌਰਾਨ ਸਾਡੇ ਪਰਿਵਾਰ ਵਲੋਂ ਪਿਤਾ ਜੀ ਦੀਆਂ ਯਾਦਾਂ ਬਾਰੇ ਪ੍ਰਕਾਸ਼ਤ ਕੀਤੀ ਕਿਤਾਬ 'ਇਕ ਵਗਦਾ ਦਰਿਆ' ਵੀ ਵੰਡ ਗਈ। ਸ਼ਰਧਾਂਜਲੀ ਪ੍ਰੋਗਰਾਮ ਤੋਂ ਬਾਅਦ ਡਾਕਟਰ ਸਾਹਿਬ ਸਾਨੂੰ ਕਹਿਣ ਲੱਗੇ ਕਿ ਸਰੀਰ ਦਾਨ ਕਰਨ ਦੀ ਪਰੰਪਰਾ ਨੂੰ ਅੱਗੇ ਵਧਾਉਣ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ? ਹੋਰ ਸੁਝਾਵਾਂ ਤੋਂ ਇਲਾਵਾ ਮੈਂ ਉਨ੍ਹਾਂ ਨੂੰ ਕਿਹਾ ਕਿ ਜਿਸ ਦਿਨ ਅਸੀਂ ਦੇਹ ਲੈ ਕੇ ਤੁਹਾਡੇ ਕੋਲ ਪੁੱਜੇ ਸਾਂ ਵਧੀਆ ਗੱਲ ਹੁੰਦੀ ਜੇ ਦੋ-ਤਿੰਨ ਡਾਕਟਰ ਉਸ ਸਮੇਂ ਉਥੇ ਹਾਜ਼ਰ ਹੁੰਦੇ ਅਤੇ ਮ੍ਰਿਤਕ ਦੇਹ ਨੂੰ ਸਤਿਕਾਰ ਸਹਿਤ ਪ੍ਰਾਪਤ ਕਰਦੇ। ਇਸ ਨਾਲ ਇਸ ਰਿਵਾਇਤ ਨੂੰ ਅੱਗੇ ਤੋਰਨ ਲਈ ਮ੍ਰਿਤਕ ਦੇਹ ਛੱਡਣ ਆਏ ਵਿਅਕਤੀਆਂ ਨੂੰ ਬਲ ਮਿਲਦਾ ਹੈ। ਡਾਕਟਰ ਨੇ ਅਜਿਹਾ ਕਰਨ ਦਾ ਵਾਅਦਾ ਕੀਤਾ।

ਮਹਿਲਾ ਕਲਾਂ ਐਕਸ਼ਨ ਕਮੇਟੀ ਦੇ ਕਨਵੀਨਰ ਨਰੈਣ ਦੱਤ ਜੀ ਦੇ ਪਿਤਾ ਜੀ ਵੀ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੇ ਮ੍ਰਿਤਕ ਦੇਹ ਦਾਨ ਕਰਨ ਲਈ ਆਪਣੇ ਭੈਣਾਂ-ਭਰਾਵਾਂ ਨੂੰ ਰਜ਼ਾਮੰਦ ਕਰ ਲਿਆ। ਉਨ੍ਹਾਂ ਦੇ ਪਰਿਵਾਰ ਸਮੇਤ ਅਸੀਂ ਸਾਰੇ ਹਸਪਤਾਲ ਪੁੱਜ ਗਏ। ਸਾਨੂੰ ਸੰਤੁਸ਼ਟੀ ਹੋਈ ਕਿ ਡਾਕਟਰਾਂ ਦੀ ਟੀਮ ਨੇ ਉਸ ਦੇਹ ਨੂੰ ਸਤਿਕਾਰ ਨਾਲ ਪ੍ਰਾਪਤ ਕੀਤਾ ਅਤੇ ਉਸ ਤੋਂ ਬਾਅਦ ਸਾਨੂੰ ਸਾਰਿਆਂ ਨੂੰ ਇਕ ਕਾਨਫ਼ਰੰਸ ਰੂਮ ਵਿਚ ਲੈ ਗਏ। ਚਾਹ-ਪਾਣੀ ਦੇ ਨਾਲ ਉਨ੍ਹਾਂ ਨੇ ਐਮ.ਬੀ.ਬੀ. ਐਸ. ਵਿਦਿਆਰਥੀਆਂ ਨੂੰ ਉਸ ਮੌਕੇ ਇਕੱਠਾ ਕੀਤਾ ਹੋਇਆ ਸੀ। ਡਾਕਟਰਾਂ ਸਮੇਤ ਸਾਡੇ ਵਿਚੋਂ ਕਈ ਬੁਲਾਰੇ ਇਸ ਛੋਟੇ ਜਿਹੇ ਪ੍ਰੋਗਰਾਮ 'ਤੇ ਬੋਲੇ। ਹਰ ਇਕ ਦਾ ਵਿਸ਼ਾ ਇਹ ਸੀ ਕਿ ਇਸ ਰਿਵਾਇਤ ਨੂੰ ਹੋਰ ਅੱਗੇ ਕਿਵੇਂ ਤੋਰਿਆ

ਜਾਵੇ ? ਮੈਡੀਕਲ ਕਾਲਜ ਦੇ ਪ੍ਰਬੰਧਕਾਂ ਵਲੋਂ ਇਸ ਮੌਕੇ ਕੁੱਝ ਐਲਾਨ ਵੀ ਕੀਤੇ ਗਏ। ਪਹਿਲੀ ਗੱਲ ਜੋ ਉਨ੍ਹਾਂ ਨੇ ਕਹੀ ਕਿ ਅੱਜ ਤੋਂ ਬਾਅਦ ਜੋ ਵੀ ਪਰਿਵਾਰ ਮ੍ਰਿਤਕ ਦੇਹ ਦਾਨ ਵਿਚ ਦੇਵੇਗਾ, ਉਸ ਨੂੰ ਹਸਪਤਾਲ ਦੇ ਖ਼ਰਚੇ ਵਿਚੋਂ ਕੁੱਝ ਡਿਸਕਾਊਂਟ ਮਿਲਿਆ ਕਰੇਗਾ। ਪਰ ਅਸੀਂ ਇਸ ਗੱਲ ਨੂੰ ਰੱਦ ਕਰ ਦਿੱਤਾ, ਕਿਉਂਕਿ ਸਾਡੇ ਸਾਰੇ ਪਰਿਵਾਰ ਮ੍ਰਿਤਕ ਦੇਹਾਂ ਦਾਨ ਕਰਨ ਲਈ ਕੋਈ ਵੀ ਸੁਵਿਧਾ ਪ੍ਰਾਪਤ ਕਰਨੀ ਨਹੀਂ ਚਾਹੁੰਦੇ ਸੀ। ਹਸਪਤਾਲ ਵਾਲਿਆਂ ਨੇ ਇਹ ਵੀ ਐਲਾਨ ਕੀਤਾ ਕਿ ਅਗਾਹਾਂ ਤੋਂ ਮ੍ਰਿਤਕ ਦੇਹਾਂ ਅਸੀਂ ਖ਼ੁਦ ਆ ਕੇ ਪ੍ਰਾਪਤ ਕਰਿਆ ਕਰਾਂਗੇ। ਹਸਪਤਾਲ ਦੀ ਵੈਨ ਜਾਵੇਗੀ, ਦੇਹ ਨੂੰ ਲੈ ਕੇ ਆਵੇਗੀ।

ਕੁੱਝ ਦਿਨਾਂ ਬਾਅਦ ਹੀ ਜੋਧਪੁਰ ਦੇ ਸਾਬਕਾ ਸਰਪੰਚ ਕਾਮਰੇਡ ਅਮਰਜੀਤ ਦੀ ਮੌਤ ਹੋ ਗਈ। ਉਸ ਦਾ ਪੁੱਤਰ ਬਾਹਰਲੇ ਦੇਸ਼ ਵਿਚ ਸੀ। ਪਰਿਵਾਰ ਦਾ ਫ਼ੈਸਲਾ ਸੀ ਕਿ ਅਮਰਜੀਤ ਦੀ ਮ੍ਰਿਤਕ ਦੇਹ ਉਸ ਦੇ ਪੁੱਤਰ ਦੇ ਆਉਣ ’ਤੇ ਹੀ ਹਸਪਤਾਲ ਨੂੰ ਸੌਂਪੀ ਜਾਵੇਗੀ। ਇਸ ਲਈ ਦੇਹ ਨੂੰ ਕੁੱਝ ਦਿਨਾਂ ਵਾਸਤੇ ਫ਼ਰੀਜ਼ਰ ਵਿਚ ਰੱਖਣਾ ਪਿਆ। ਇਸ ਲਈ ਪਰਿਵਾਰ ਨੂੰ ਲੱਖਾਂ ਰੁਪਏ ਖ਼ਰਚ ਕਰਨੇ ਪਏ। ਹਸਪਤਾਲ ਵਾਲਿਆਂ ਨੂੰ ਸੂਚਿਤ ਕਰ ਦਿੱਤਾ ਗਿਆ। ਉਨ੍ਹਾਂ ਨੇ ਦੇਹ ਲਿਜਾਣ ਲਈ ਵੈਨ ਵੀ ਭੇਜ ਦਿੱਤੀ, ਪਰ ਪਰਿਵਾਰ ਦਾ ਫ਼ੋਨ ਆ ਗਿਆ ਕਿ ਸਾਡੇ ਪਰਿਵਾਰ ਦਾ ਸਭ ਤੋਂ ਮੁੱਖ ਬੰਦਾ ਮਰਿਆ ਹੋਵੇ ਤੇ ਉਸ ਦੇ ਸਰੀਰ ਨੂੰ ਅਸੀਂ ਟੁੱਟੀ ਜਿਹੀ ਵੈਨ ਵਿਚ ਪਾ ਕੇ ਰਵਾਨਾ ਕਰ ਦਈਏ ਇਹ ਗੱਲ ਸਾਨੂੰ ਸੋਭਾ ਨਹੀਂ ਦਿੰਦੀ। ਇਸ ਲਈ ਤੁਸੀਂ ਖ਼ੁਦ ਨਵੀਂ ਗੱਡੀ ਦਾ ਪ੍ਰਬੰਧ ਕਰ ਕੇ ਭੇਜੋ ਤਾਂ ਜੋ ਦੇਹ ਹਸਪਤਾਲ ਵਿਚ ਪਹੁੰਚਾਈ ਜਾਵੇ। ਸੋ ਇੰਝ ਹੀ ਕੀਤਾ ਗਿਆ ਅਤੇ ਤਰੁਟੀ ਹਸਪਤਾਲ ਵਾਲਿਆਂ ਦੇ ਧਿਆਨ ਵਿਚ ਵੀ ਲਿਆ ਦਿੱਤੀ। ਉਨ੍ਹਾਂ ਨੇ ਵਾਅਦਾ ਕੀਤਾ ਕਿ ਅਗਾਹਾਂ ਤੋਂ ਵਧੀਆ ਗੱਡੀ ਭੇਜੀ ਜਾਇਆ ਕਰੇਗੀ।

ਸੁਸਾਇਟੀ ਦੇ ਮੁੱਢਲੇ ਮੈਂਬਰਾਂ ਵਿਚੋਂ ਇਕ ਤੇਜਾ ਸਿੰਘ ਰੌਂਤੇ ਦੀ ਸੁਪਤਨੀ ਵੀ ਚੱਲ ਵਸੀ। ਉਹ ਕਹਿਣ ਲੱਗਿਆ ਕਿ ਮੈਂ ਇਹ ਦੇਹ ਹਸਪਤਾਲ ਨੂੰ ਦੇਣੀ ਤਾਂ ਚਾਹੁੰਦਾ ਹਾਂ, ਪਰ ਮੈਨੂੰ ਇਸ ਗੱਲ ਦਾ ਖ਼ਦਸ਼ਾ ਹੈ ਕਿ ਮੇਰੇ ਪੁੱਤਰਾਂ-ਧੀਆਂ ਨੂੰ ਕੋਈ ਇਸ ਗੱਲ ਦਾ ਨਹੋਰਾ ਨਾ ਮਾਰੇ ਕਿ ਅਸੀਂ ਤੁਹਾਡੀ ਮਾਂ ਨੂੰ ਨੰਗੀ ਹਾਲਤ ਵਿਚ ਦੇਖਿਆ ਹੈ। ਹਸਪਤਾਲ ਵਾਲਿਆਂ ਤੋਂ ਇਹ ਵਾਅਦਾ ਲਵੋ ਕਿ ਇਸ ਦੀ ਸ਼ਨਾਖ਼ਤ ਗੁਪਤ ਰੱਖੀ ਜਾਵੇ। ਸੋ ਅਜਿਹਾ ਹੀ ਕੀਤਾ ਗਿਆ। ਅਜਿਹਾ ਕਰਨ ਤੋਂ ਬਾਅਦ ਉਹ ਦੇਹ ਵੀ ਹਸਪਤਾਲ ਵਾਲਿਆਂ ਦੇ ਸਪੁਰਦ ਹੋ ਗਈ।

ਸਾਡੀ ਸੁਸਾਇਟੀ ਦਾ ਇਕ ਆਗੂ ਮਹਿਤਪੁਰ ਦਾ ਰਾਜਕੁਮਾਰ ਹੈ। ਉਸ ਦੀ ਮਾਤਾ ਜੀ ਵੀ ਸਦੀਵੀ ਵਿਛੋੜਾ ਦੇ ਗਏ। ਸਮੂਹ ਪਰਿਵਾਰ ਨੇ ਆਪਣੀ ਰਜ਼ਾਮੰਦੀ ਨਾਲ ਅੰਮ੍ਰਿਤਸਰ ਮੈਡੀਕਲ ਕਾਲਜ ਨੂੰ ਇਹ ਦੇਹ ਸੌਂਪ ਦਿੱਤੀ। ਦੂਸਰੇ ਦਿਨ ਹੀ ਮਹਿਤਪੁਰ ਦਾ ਫ਼ੋਨ ਆ ਗਿਆ। ਕਹਿਣ ਲੱਗਿਆ, “ਮਾਂ ਦੀ ਮੌਤ ਤੋਂ ਬਾਅਦ ਮੇਰਾ ਛੋਟਾ ਭਰਾ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਹੋ ਗਿਆ ਹੈ ਅਤੇ ਹਰ ਵੇਲੇ ਇਹ ਹੀ ਕਹਿ ਰਿਹਾ ਹੈ ਕਿ ਮੈਂ ਤਾਂ ਸਸਕਾਰ ਕਰਨਾ ਹੈ।” ਉਸ ਦੀ ਮਾਨਸਿਕ ਉਲਝਣ ਕਿਵੇਂ ਦਰੁਸਤ ਕੀਤੀ ਜਾਵੇ। ਕਾਫ਼ੀ ਸੋਚ-ਵਿਚਾਰ ਤੋਂ ਬਾਅਦ ਮੈਂ ਮੈਡੀਕਲ ਕਾਲਜ ਦੇ ਮੁਖੀ ਨੂੰ ਇਹ ਦੇਹ ਵਾਪਸ ਭੇਜਣ ਦੀ ਬੇਨਤੀ ਕੀਤੀ। ਤਾਂ ਉਨ੍ਹਾਂ ਕਿਹਾ,“ਦਾਨ ਕੀਤੀ ਹੋਈ ਕੋਈ ਚੀਜ਼ ਕੋਈ ਵਿਅਕਤੀ ਕਦੇ ਵਾਪਸ ਨਹੀਂ ਮੰਗਦਾ। ਤੁਸੀਂ ਅਜਿਹੇ ਪਹਿਲੇ ਸ਼ਖ਼ਸ਼ ਹੋ।” ਮੈਂ ਉਨ੍ਹਾਂ ਨੂੰ ਮਜ਼ਬੂਰੀ ਦੱਸੀ ਤਾਂ ਉਨ੍ਹਾਂ ਨੇ ਮ੍ਰਿਤਕ ਦੇਹ ਵਾਪਸ ਦੇਣ ਦਾ ਵਾਅਦਾ ਕੀਤਾ।

ਤਰਕਸ਼ੀਲ ਸੁਸਾਇਟੀ ਦੇ ਆਗੂ ਹਰਮੇਸ਼ ਛੀਨੀਵਾਲੀਆ ਦੀ ਨੂੰਹ ਗਰਭਵਤੀ ਸੀ। ਕਿਸੇ ਕਾਰਨ ਹਸਪਤਾਲ ਵਿਚ ਗਰਭ ਵਿਚਲੇ ਬੱਚੇ ਦੀ ਸੱਤਵੇਂ ਮਹੀਨੇ ਵਿਚ ਹੀ ਮੌਤ ਹੋ ਗਈ। ਉਹ ਵੀ ਕਹਿਣ ਲੱਗਿਆ ਕਿ ਵਧੀਆ ਹੋਵੇਗਾ ਜੇ ਅਸੀਂ ਇਸ ਬੱਚੇ ਦਾ ਸਰੀਰ ਵੀ ਹਸਪਤਾਲ ਨੂੰ ਸੌਂਪ ਸਕੀਏ। ਡਾਕਟਰਾਂ ਨੇ ਕਿਹਾ ਕਿ ਸਾਡੇ ਲਈ ਤਾਂ ਇਹ ਬਹੁਤ ਫ਼ਾਇਦੇਮੰਦ ਹੋਵੇਗਾ। ਸੋ ਇਹ ਦੇਹ ਵੀ ਅਸੀਂ ਹਸਪਤਾਲ ਨੂੰ ਦੇ ਆਏ।

ਗੱਲ ਇਥੇ ਹੀ ਨਹੀਂ ਮੁਕਦੀ ਇਕ ਨਿਹੰਗ ਅਤੇ ਨਿਹੰਗਣੀ ਮੇਰੇ ਕੋਲ ਘਰ ਆਏ। ਕਹਿਣ ਲੱਗੇ, “ਅਸੀਂ ਦੋਵਾਂ ਨੇ ਫ਼ੈਸਲਾ ਕੀਤਾ ਹੈ ਕਿ ਸਾਡੇ ਵਿਚੋਂ ਜੋ ਵੀ ਪਹਿਲਾਂ ਮਰੇਗਾ, ਦੂਸਰਾ ਉਸ ਦਾ ਸਰੀਰ ਹਸਪਤਾਲ ਨੂੰ ਸੌਂਪੇਗਾ।” ਮੈਂ ਉਨ੍ਹਾਂ ਦੀ ਇਸ ਇੱਛਾ ਦੀ ਪ੍ਰਸੰਸਾ ਕੀਤੀ। ਤਿੰਨ ਕੁ ਮਹੀਨਿਆਂ ਬਾਅਦ ਉਹ ਆਪਣੇ ਸਾਲ ਕੁ ਭਰ ਦੇ ਬੱਚੇ ਦਾ ਮ੍ਰਿਤਕ ਸਰੀਰ ਲੈ ਕੇ ਰਾਤ ਦੇ 9 ਵਜੇ ਮੇਰੇ ਘਰ ਆ ਗਏ। ਕਹਿਣ ਲੱਗੇ ਕਿ ਅਸੀਂ ਇਸ ਦਾ ਸਰੀਰ ਵੀ ਹਸਪਤਾਲ ਨੂੰ ਦਾਨ ਕਰਨਾ ਹੈ। ਬੱਚੇ ਦੀ ਮੌਤ ਹੋਈ ਨੂੰ ਅੱਠ ਘੰਟੇ ਤੋਂ ਉਪਰ ਸਮਾਂ ਹੋ ਚੁੱਕਿਆ ਸੀ ਅਤੇ ਅਗਾਹਾਂ ਵੀ ਰਾਤ ਉਪਰ ਪਈ ਸੀ। ਜਦੋਂ ਹਸਪਤਾਲ ਵਾਲਿਆਂ ਨਾਲ ਗੱਲ ਕੀਤੀ ਤਾਂ ਉਨ੍ਹਾ ਨੇ ਇਸ ਸਰੀਰ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ। ਸੋ, ਬੱਚੇ ਦੀ ਲਾਸ਼ ਨੂੰ ਦਫ਼ਨਾਉਣਾ ਉਨ੍ਹਾਂ ਦੀ ਮਜ਼ਬੂਰੀ ਸੀ। ਦੋ ਕੁ ਸਾਲ ਬਾਅਦ ਜਦੋਂ ਇੱਕ ਦਿਨ ਮੈਂ ਬਰਨਾਲਾ ਸਟੇਸ਼ਨ ’ਤੇ ਗੱਡੀ ਦਾ ਇੰਤਜ਼ਾਰ ਕਰ ਰਿਹਾ ਸੀ ਤਾਂ ਉਹ ਨਿਹੰਗਣੀ ਮੈਨੂੰ ਵੇਖ ਕੇ ਮੇਰੇ ਕੋਲ ਆ ਗਈ। ਉਸ ਦੀਆਂ ਅੱਖਾਂ ਵਿਚੋਂ ਅੱਥਰੂ ਬੰਦ ਹੋਣ ਦਾ ਨਾਮ ਨਹੀਂ ਲੈ ਰਹੇ ਸਨ। ਦਸ ਕੁ ਮਿੰਟ ਰੋਣ ਮਗਰੋਂ ਉਹ ਕੁੱਝ ਸ਼ਾਂਤ ਹੋਈ। ਮੈਂ ਉਸ ਨੂੰ ਰੋਣ ਦਾ ਕਾਰਨ ਪੁੱਛਿਆ। ਉਹ ਕਹਿਣ ਲੱਗੀ, “ਮੈਂ ਬਿਹਾਰ ਗਈ ਸਾਂ। ਪਿੱਛੋਂ ਨਿਹੰਗ ਚੱਲ ਵਸਿਆ। ਮੈਨੂੰ ਉਸ ਦੇ ਜਾਣ ਦਾ ਇਨ੍ਹਾਂ ਦੁੱਖ ਨਹੀਂ, ਜਿਨ੍ਹਾਂ ਇਸ ਗੱਲ ਦਾ ਹੈ ਕਿ ਮੈਂ ਉਸ ਨਾਲ ਕੀਤਾ ਸਰੀਰ ਦਾਨ ਕਰਨ ਦਾ ਵਾਅਦਾ ਪੂਰਾ ਨਾ ਕਰ ਸਕੀ।”

ਅੰਮ੍ਰਿਤਸਰ ਦੇ ਪਿੰਡ ਸ਼ੇਰੋਂ ਵਿਖੇ ਤਰਕਸ਼ੀਲ ਆਗੂ ਭਗਵਾਨ ਸਿੰਘ ਖਹਿਰਾ ਨੇ ਆਪਣੇ ਪਿੰਡ ਸ਼ੇਰੋਂ ਵਿਖੇ ਸਮਾਰੋਹ ਕਰਵਾਇਆ ਅਤੇ ਐਲਾਨ ਕੀਤਾ ਕਿ ਉਸ ਦੇ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਸਰੀਰ ਦਾਨ ਕਰਨ ਦਾ ਪ੍ਰਣ ਕੀਤਾ ਹੈ। ਦੇਹ ਦਾਨ ਦੀ ਇਹ ਪਰੰਪਰਾ ਅੱਜ ਲੋਕਾਂ ਵਿਚ ਏਨੀ ਪ੍ਰਚੱਲਤ ਹੋ ਗਈ ਹੈ ਕਿ ਅੱਜ ਪੰਜਾਬ ਦੇ ਸਾਰੇ ਮੈਡੀਕਲ ਕਾਲਜ ਵਿਚ ਮ੍ਰਿਤਕ ਦੇਹਾਂ ਸਮਰੱਥਾ ਨਾਲੋਂ ਵੱਧ ਹਨ। ਹੁਣ ਤਾਂ ਅਜਿਹੀਆਂ ਉਦਾਹਰਣਾਂ ਵੀ ਪ੍ਰਾਪਤ ਹੋਣ ਲੱਗ ਪਈਆਂ ਹਨ ਕਿ ਇਕ ਪਤੀ ਅਤੇ ਪਤਨੀ ਦੋਵਾਂ ਦੀ ਮ੍ਰਿਤਕ ਦੇਹ ਚੰਡੀਗੜ੍ਹ ਪੀ.ਜੀ. ਆਈ. ਵਿਚ ਪਈ ਹੈ। ਇਹ ਕਾਰਨਾਮਾ ਰਣਜੀਤ ਝੁਨੇਰ ਦੇ ਪਰਿਵਾਰ ਵਲੋਂ ਕੀਤਾ ਗਿਆ ਹੈ। ਅਸੀਂ ਇਸ ਪਰੰਪਰਾ ਨੂੰ ਅੱਗੇ ਵਧਾਉਣ ਲਈ ਬਾਹਰਲੇ ਸੂਬਿਆਂ ਵਿਚ ਵੀ ਮ੍ਰਿਤਕ ਦੇਹਾਂ ਭੇਜਣ ਦਾ ਉਪਰਾਲਾ ਕਰ ਰਹੇ ਹਾਂ। ਭਾਵੇਂ ਸੂਬਿਆਂ ਦੀਆਂ ਸਰਹੱਦਾਂ ’ਤੇ ਮ੍ਰਿਤਕ ਦੇਹਾਂ ਲਿਜਾਣ ਲਈ ਕਾਫ਼ੀ ਝੰਝਟ ਹੈ। ਇਸ ਤਰ੍ਹਾਂ ਸਰੀਰ ਦਾਨ ਦੀ ਇਹ ਪਰੰਪਰਾ ਅੱਜ ਘਰ-ਘਰ ਪਹੁੰਚ ਰਹੀ ਹੈ।

## ਸੰਖੇਪ ਵਿਚਾਰ (ਮੇਘ ਰਾਜ ਮਿੱਤਰ)

21ਵੀਂ ਸਦੀ ਵਿਚ ਵੀ ਮੇਰੇ ਭਾਰਤ ਦੇ ਬਹੁਤੇ ਲੋਕ,
ਆਪਣੀ ਸੋਚ ਕਾਰਨ ਬਗੈਰ ਦਿਮਾਗ਼ ਦੇ ਤੁਰੇ ਫਿਰਦੇ ਹਨ।

-0-

ਸਮੁੱਚਾ ਬ੍ਰਹਿਮੰਡ ਪ੍ਰਕਿਰਤੀ ਦੇ ਕੁੱਝ ਮੁੱਢਲੇ ਨਿਯਮਾਂ ਅਧੀਨ ਚੱਲ ਰਿਹਾ ਹੈ,
ਇਹ ਸਦਾ ਸਨ ਸਦਾ ਰਹਿਣਗੇ,
ਨਾ ਹੀ ਇਨ੍ਹਾਂ ਨੂੰ ਬਣਾਉਣ ਵਾਲਾ ਕੋਈ ਸੀ,
ਨਾ ਹੀ ਇਨ੍ਹਾਂ ਨੂੰ ਕੋਈ ਨਸ਼ਟ ਕਰਨ ਵਾਲਾ ਹੋਵੇਗਾ।

-0-

ਗੰਗਾ ਜਲ ਨਾਲ ਸਰੀਰ ਦੀ ਸ਼ੁੱਧੀ ਹੋਣ ਵਾਲੀ ਗੱਲ,
ਅੰਧਵਿਸ਼ਵਾਸ ਤੋਂ ਵਧੇਰੇ ਕੁੱਝ ਨਹੀਂ।

-0-

ਸੁੱਚੀ ਕਿਰਤ ਵਾਲੇ,
ਜਦੋਂ ਖ਼ੂਨ ਪੀਣ ਵਾਲਿਆਂ ਦੇ ਪੈਰਾਂ ਵਿਚ ਲਿਟਦੇ ਹਨ
ਤਾਂ ਭਾਰਤੀ ਤਿਰੰਗਾ ਨੀਵਾਂ ਹੁੰਦਾ ਹੈ।

-0-

# ਮੈਡੀਕਲ ਸਾਇੰਸਜ਼




**ਸੁਖਮੰਦਰ ਸਿੰਘ ਤੂਰ**

### ✪ ਜ਼ਿਆਦਾ ਪਰਫ਼ਿਊਮ ਵਰਤਣ ਨਾਲ ਦਮੇ ਦਾ ਖ਼ਤਰਾ

ਅਮਰੀਕੀ ਖੋਜ਼ਕਾਰਾਂ ਨੇ ਆਪਣੀ ਇਕ ਖੋਜ ਵਿੱਚ ਇਹ ਸਿੱਟਾ ਕੱਢਿਆ ਹੈ ਕਿ ਬਹੁਤ ਜ਼ਿਆਦਾ ਪਰਫ਼ਿਊਮ ਵਰਤਣ ਨਾਲ ਦਮਾ ਹੋਣ ਦਾ ਖ਼ਤਰਾ ਰਹਿੰਦਾ ਹੈ। ਟੁਲਾਨੇ ਯੂਨੀਵਰਸਿਟੀ ਮੈਡੀਕਲ ਸੈਂਟਰ ਵੱਲੋਂ ਜਾਰੀ ਇੱਕ ਰਿਪੋਰਟ ਅਨੁਸਾਰ ਇਨ੍ਹਾਂ ਸੁਗੰਧੀ ਵਾਲੇ ਸੈਂਟਾਂ ਨਾਲ ਫ਼ੇਫੜਿਆਂ ਦੇ ਕੰਮ ਕਰਨ ਵਿੱਚ ਰੁਕਾਵਟ ਆਉਂਦੀ ਹੈ। ਹਾਲ ਹੀ ਵਿੱਚ ਇਹ ਰਿਪੋਰਟ ਅਮਰੀਕਨ ਅਕੈਡਮੀ ਆਫ਼ ਐਲਰਜੀ ਅਸਥਮਾ ਵਿਭਾਗ ਨੂੰ ਪੇਸ਼ ਕੀਤੀ ਗਈ ਹੈ।

ਮਾਹਿਰਾਂ ਨੇ ਹੁਣ ਤੱਕ ਕੋਈ 38 ਕਿਸਮ ਦੀਆਂ ਸੁਗੰਧਾਂ ਦੀ ਪਛਾਣ ਕੀਤੀ ਹੈ, ਜੋ ਸਿਹਤ ’ਤੇ ਬੁਰੇ ਪ੍ਰਭਾਵ ਪਾਉਂਦੀਆਂ ਹਨ। ਖੋਜਕਾਰਾਂ ਨੇ ਇਹ ਵੀ ਪਤਾ ਲਗਾਇਆ ਹੈ ਕਿ ਇਨ੍ਹਾਂ ਸੈਂਟਾਂ ਤੋਂ ਨਿਕਲਣ ਵਾਲੀ ਖ਼ੁਸ਼ਬੋ ਮਨੁੱਖੀ ਸੋਚਣ ਸ਼ਕਤੀ ਨੂੰ ਵੀ ਪ੍ਰਭਾਵਿਤ ਕਰਦੀ ਹੈ। ਸਿਹਤ ਮਾਹਿਰਾਂ ਨੇ ਲਾਲ ਤੇ ਚਾਰਲੀ ਰੰਗ ਦੇ ਪਰਫ਼ਿਊਮ ਨੂੰ ਬਹੁਤ ਖਤਰਨਾਕ ਮੰਨਿਆ ਹੈ।

### ✪ ਮਨੁੱਖ ਦੀ ਲੰਮੀ ਉਮਰ ਦਾ ਭੇਤ ਖੁੱਲ੍ਹਿਆ

ਹਾਲ ਹੀ ਵਿੱਚ ਅਮਰੀਕੀ ਵਿਗਿਆਨੀਆਂ ਨੂੰ ਇੱਕ ਜੀਨ ਬਾਰੇ ਜਾਣਕਾਰੀ ਮਿਲੀ ਹੈ। ਯੀਸਟ ਖ਼ਮੀਰ ਨਾਂ ਦੇ ਇਸ ਜੀਨ ਰਾਹੀਂ ਮਨੁੱਖ ਦੀ ਉਮਰ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਡਾਕਟਰੀ ਵਿਗਿਆਨ ਦੀ ਭਾਸ਼ਾ ਵਿੱਚ ਇਸ ਨੂੰ ਐੱਸ. ਆਈ. ਆਰ.-2 ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਮਾਹਿਰਾਂ ਅਨੁਸਾਰ ਜਦੋਂ ਖ਼ਮੀਰ ਦੀਆਂ ਕੋਸ਼ਿਕਾਵਾਂ ਬੁੱਢੀਆਂ ਹੋਣ ਲਗਦੀਆਂ ਹਨ ਤਦ ਕੋਸ਼ਿਕਾਵਾਂ ਦੇ ਜੈਨੇਟਿਕ ਤਰਲਾਂ ਦਾ ਕੁਝ ਹਿੱਸਾ ਕੋਸ਼ਿਕਾਵਾਂ ਵਿੱਚ ਇਕੱਠਾ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਕੋਸ਼ਿਕਾਵਾਂ ਮਰ ਜਾਂਦੀਆਂ ਹਨ। ਐੱਸ. ਆਈ. ਆਰ.-2 ਰਾਹੀਂ ਇਸ ਪ੍ਰਕਿਰਿਆ ਨੂੰ ਰੋਕਿਆ ਜਾ ਸਕਦਾ ਹੈ। ਜੇਕਰ ਇਸ ਨੂੰ ਐਨ. ਏ. ਡੀ. ਨਾਲ ਜੋੜ ਦਿੱਤਾ ਜਾਵੇ ਤਾਂ ਖਮੀਰ ਕੋਸ਼ਿਕਾਵਾਂ ਵਿੱਚ ਵਾਧਾ ਹੋ ਸਕਦਾ ਹੈ।

### ✪ ਹੁਣ ਸ਼ੁਰੂਆਤੀ ਦੌਰ ’ਚ ਹੀ ਕੈਂਸਰ ਦੀ ਪਹਿਚਾਣ

ਆਮ ਤੌਰ ’ਤੇ ਮਹਿੰਗੀ ਅਤੇ ਔਖੀ ਜਾਂਚ ਪ੍ਰਕਿਰਿਆ ਕਾਰਨ ਕੈਂਸਰ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਇਹ ਗੰਭੀਰ ਰੂਪ ਧਾਰਨ ਕਰ ਲੈਂਦਾ ਹੈ। ਪਰ ਬਰਾਜ਼ੀਲ ਦੇ ਵਿਗਿਆਨੀਆਂ ਨੇ ਇੱਕ ਅਜਿਹੀ ਤਕਨੀਕ ਵਿਕਸਿਤ ਕੀਤੀ ਹੈ, ਜਿਸ ਨਾਲ ਇਹ ਰੋਗ ਦਾ ਸ਼ੁਰੂਆਤੀ ਦੌਰ ’ਚ ਹੀ ਪਤਾ ਲੱਗ ਸਕੇਗਾ। ਖਾਸ ਗੱਲ ਇਹ ਹੈ ਕਿ ਇਸ ਤਕਨੀਕ ’ਚ ਬਾਇਓਪਸੀ ਦੀ ਲੋੜ ਵੀ ਨਹੀਂ ਪਵੇਗੀ। ਇਸ ਸੈਂਸਰ ’ਚ ਅਜਿਹੇ ਐਂਟੀਬਾਡੀ ਹਨ ਜੋ ਕਿ ਇਨਫ਼ੈਕਸ਼ਨਲ ਖ਼ੂਨ ਦੇ ਸੰਪਰਕ ’ਚ ਆਉਣ ’ਤੇ ਕੈਂਸਰ ਕੋਸ਼ਿਕਾਵਾਂ ਦਾ ਰੰਗ ਵੀ ਤਬਦੀਲ ਹੋਵੇਗਾ। ਇਸ ਤਕਨੀਕ ਨਾਲ ਹੈਪੇਟਾਈਟਿਸ ਤੇ ਅਲਜ਼ਾਈਮਰ ਦੀ ਪਛਾਣ ਵੀ ਸੰਭਵ ਹੋ ਸਕੇਗੀ।

### ✪ ਘੱਟ ਨੀਂਦ, ਰਾਤ ਸਮੇਂ ਬਲੱਡ ਪ੍ਰੈਸ਼ਰ ਦਾ ਵੱਧ ਖ਼ਤਰਾ

ਨੀਂਦ ਪੂਰੀ ਨਾ ਹੋਣ ਦੇ ਪਹਿਲਾਂ ਵੀ ਕਈ ਨੁਕਸਾਨ ਸਾਹਮਣੇ ਆ ਚੁੱਕੇ ਹਨ। ਤਾਜ਼ਾ ਖ਼ੋਜ ’ਚ ਇਸ ਨਾਲ ਸਬੰਧਤ ਇੱਕ ਹੋਰ ਖ਼ਤਰਾ ਸਾਹਮਣੇ ਆਇਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਘੱਟ ਨੀਂਦ ਕਾਰਨ ਰਾਤ ਦੇ ਸਮੇਂ ਬਲੱਡ ਪ੍ਰੈਸ਼ਰ ਵਧ ਸਕਦਾ ਹੈ, ਜੋ ਕਿ ਦਿਲ ਦੇ ਖ਼ਤਰੇ ਨੂੰ ਵਧਾਉਂਦਾ ਹੈ। ਖੋਜ ਦੀ ਮੁਖੀ ਡਾ. ਨਾਇਮਾ ਕੋਵਾਸਿਨ ਨੇ ਦੱਸਿਆ ਹੈ ਕਿ ਅਸੀਂ ਪਹਿਲੀ ਵਾਰ ਪਾਇਆ ਹੈ ਕਿ ਨੀਂਦ ਦੀ ਘਾਟ ਬਲੱਡ ਪ੍ਰੈਸ਼ਰ ਨੂੰ ਵਧਾਉਂਦੀ ਹੈ ਤੇ ਇਸ ਕਾਰਨ ਰਾਤ ਦੇ ਸਮੇਂ ਬਲੱਡ ਪ੍ਰੈਸ਼ਰ ’ਚ ਹੋਣ ਵਾਲੀ ਆਮ ਤੌਰ ’ਤੇ ਗਿਰਾਵਟ ’ਚ ਅੜਿੱਕਾ ਹੁੰਦੀ ਹੈ। ਖ਼ੋਜ ’ਚ ਅਜਿਹੇ ਬਹੁਤ ਸਾਰੇ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਜੋ ਨੀਂਦ ਦੀ ਘਾਟ ਨਾਲ ਪੀੜਤ ਸਨ। ਡਾ. ਕੋਵਾਸਿਨ ਨੇ ਕਿਹਾ ਕਿ ਰਾਤ ਦੇ ਸਮੇਂ ਹਾਈ ਬਲੱਡ ਪ੍ਰੈਸ਼ਰ ਦਿਲ ਦੀਆਂ ਬਿਮਾਰੀਆਂ ਦਾ ਮੁੱਖ ਕਾਰਨ ਹੈ। ਖ਼ੋਜ ਲਈ 24 ਨਮੂਨੇ ਲਏ ਗਏ।

### ✪ ਦਿਲ ਦੇ ਰੋਗੀਆਂ ਲਈ ਦਹੀਂ ਲਾਹੇਵੰਦ

ਉਂਝ ਤਾਂ ਦਹੀਂ ਨੂੰ ਲਾਹੇਵੰਦ ਮੰਨਿਆ ਹੀ ਗਿਆ ਹੈ, ਪਰ ਹਾਲ ਹੀ ਵਿੱਚ ਅਮਰੀਕਾ, ਡੈਨਮਾਰਕ ਅਤੇ ਕੈਨੇਡਾ ਵਿੱਚ ਦਹੀਂ ’ਤੇ ਕੀਤੇ ਗਏ ਵੱਖ-ਵੱਖ ਪ੍ਰਯੋਗਾਂ ਤੋਂ ਇਹ ਸਾਬਤ ਹੋਇਆ ਹੈ ਕਿ ਦਹੀਂ ਦਿਲ ਦੇ ਰੋਗੀਆਂ ਲਈ ਰਾਮਬਾਣ ਹੈ। ਦਿਲ ਦੇ ਰੋਗਾਂ ਵਿੱਚ ਅਤੇ ਹਾਈ ਬਲੱਡ ਪ੍ਰੈਸ਼ਰ ਹੋਣ ’ਤੇ ਦਹੀਂ ਦੇ ਉਪਯੋਗ ਨਾਲ ਖ਼ੂਨ ਵਿੱਚ ਮੌਜੂਦ ਕੋਲੈਸਟਰਾਲ ਦੀ ਮਾਤਰਾ ਘੱਟ ਹੋ ਜਾਂਦੀ ਹੈ। ਦਹੀਂ ਵਿੱਚ ਮੌਜੂਦ ਬੈਕਟੀਰੀਆ ਅੰਤੜੀਆਂ ਵਿੱਚ ਜੰਮੇ ਗੰਦੇ ਅਤੇ ਵਿਸ਼ੈਲੇ/ਜ਼ਹਿਰੀਲੇ ਕੀਟਾਣੂਆਂ ਨੂੰ ਨਸ਼ਟ ਕਰਕੇ ਦੂਸ਼ਿਤ ਮਲ ਨੂੰ ਬਾਹਰ ਕੱਢ ਦਿੰਦਾ ਹੈ। ਇੰਨਾ ਹੀ ਨਹੀਂ, ਦਹੀਂ ਦੀ ਰੋਜ਼ਾਨਾ ਵਰਤੋਂ ਕਰਨ ਵਾਲਿਆਂ ਨੂੰ ਕਬਜ਼, ਦਸਤ, ਅਪੱਚ ਦੀ ਸ਼ਿਕਾਇਤ ਵੀ ਨਹੀਂ ਰਹਿੰਦੀ।

### ✪ ਨੌਜਵਾਨਾਂ ਲਈ ਖਤਰਨਾਕ ਹੈ ਐਨਰਜੀ ਡ੍ਰਿੰਕ

ਜੇਕਰ ਤੁਸੀਂ ਐਨਰਜੀ ਡ੍ਰਿੰਕ ਦੇ ਦੀਵਾਨੇ ਹੋ, ਤਾਂ ਥੋੜ੍ਹਾ ਸੰਭਲ ਜਾਓ। ਇੱਕ ਤਾਜ਼ਾ ਖ਼ੋਜ ਰਾਹੀਂ ਅਜਿਹੇ ਸਿਹਤਮੰਦ ਨੌਜਵਾਨ ਜੋ ਆਮ ਤੌਰ ’ਤੇ ਕੈਫ਼ੀਨ ਦਾ ਉਪਯੋਗ ਨਹੀਂ ਕਰਦੇ, ਉਨ੍ਹਾਂ ਨੂੰ ਅਚਾਨਕ ਕਦੇ ਐਨਰਜੀ ਡ੍ਰਿੰਕ ਲੈਣਾ ਹੋਰ ਵੀ ਜ਼ਿਆਦਾ ਨੁਕਸਾਨਦਾਇਕ ਹੋ ਸਕਦਾ ਹੈ। ਨੌਜਵਾਨਾਂ ਵਿੱਚ ਐਨਰਜੀ ਡ੍ਰਿੰਕ ਦਾ ਚਲਣ ਲਗਾਤਾਰ ਵਧ ਰਿਹਾ ਹੈ। ਖ਼ੋਜ ਕਰਨ ਵਾਲੀ ਲੇਖਕਾ ਡਾ. ਅੰਨਾ ਸਵਾਤੀਕੋਵਾ ਨੇ ਕਿਹਾ ਕਿ ਪਹਿਲਾਂ ਵੀ ਅਸੀਂ ਤੇ ਹੋਰਨਾਂ ਕਈ ਖ਼ੋਜਾਂ ਰਾਹੀਂ ਇਹ ਪਾਇਆ ਹੈ ਕਿ ਐਨਰਜੀ ਡ੍ਰਿੰਕ ਨਾਲ ਖ਼ੂਨ ਦਾ ਦੌਰਾ ਵਧਦਾ ਹੈ। ਨਵੀਂ ਖ਼ੋਜ ’ਚ ਪਾਇਆ ਗਿਆ ਹੈ ਕਿ ਅਜਿਹੇ ਲੋਕ ਜੋ ਕੈਫ਼ੀਨ ਦੀ ਲਤ ਦੇ ਆਦੀ ਨਹੀਂ ਹਨ, ਉਨ੍ਹਾਂ ਲਈ ਇਹ ਹੋਰ ਵੀ ਜ਼ਿਆਦਾ ਚਿੰਤਾ ਦਾ ਵਿਸ਼ਾ ਹੈ। ਖ਼ੋਜ ਦੌਰਾਨ 19 ਤੋਂ 40 ਸਾਲ ਦੀ ਉਮਰ ਦੇ ਕੋਈ 25 ਸਿਹਤਮੰਦ ਨੌਜਵਾਨਾਂ ਨੂੰ ਸ਼ਾਮਲ ਕੀਤਾ ਗਿਆ ਸੀ।

### ✪ ਮੂਡ ਨੂੰ ਤੰਦਰੁਸਤ ਰੱਖਦੀ ਹੈ ‘ਲੈਮਨ ਟੀ’

ਮੰਨਿਆ ਜਾਂਦਾ ਹੈ ਕਿ ਨਿੰਬੂ ਵਾਲੀ ਚਾਹ ਪੀਣ ਨਾਲ ਵਜ਼ਨ ਘਟਦਾ ਹੈ, ਪਰ ਇੱਥੇ ਖੋਜੀਆਂ ਦੇ ਇੱਕ ਦਲ ਵੱਲੋਂ ਪੇਸ਼ ਕੀਤੀ ਰਿਪੋਰਟ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ‘ਲੈਮਨ ਟੀ’ ਦੇ ਇੱਕ ਨਹੀਂ ਕਈ ਫ਼ਾਇਦੇ ਹਨ। ਖੋਜੀ ਦਲ ਦੇ ਆਗੂ ਡਾ. ਡੇਵਿਡ ਬਰਾਊਨ ਨੇ ਆਖਿਆ ਹੈ ਕਿ ਨਿੰਬੂ ਵਾਲੀ ਚਾਹ ਵਿੱਚ ਜਿੱਥੇ ਬਲੈਕ ਟੀ/ਕਾਲੀ ਚਾਹ ਹੋਣ ਕਰਕੇ ਸਾਰੇ ਗੁਣ ਹੁੰਦੇ ਹਨ, ਉਥੇ ਇਹ ਵਿਅਕਤੀ ਦੇ ਮੂਡ ਨੂੰ ਵੀ ਤੰਦਰੁਸਤ ਰੱਖਦੀ ਹੈ। ਡਾ. ਡੇਵਿਡ ਨੇ ਕਿਹਾ ਹੈ ਕਿ ਉਨ੍ਹਾਂ ਆਪਣੀ ਖ਼ੋਜ ਵਿੱਚ ਕੋਈ 25 ਵਿਅਕਤੀਆਂ ਨੂੰ ਦਿਨ ਵਿੱਚ ਇੱਕ ਵਾਰ ਨਿੰਬੂ ਵਾਲੀ ਚਾਹ ਦਿੱਤੀ ਗਈ ਤੇ ਉਨ੍ਹਾਂ ਦੇ ਮੂਡ ਨੂੰ ਜਾਂਚਿਆ/ਪਰਖਿਆ ਗਿਆ, ਇਹ ਵੇਖਿਆ ਗਿਆ ਕਿ ਜਿੱਥੇ ਉਨ੍ਹਾਂ ਦਾ ਵਜ਼ਨ ਨਹੀਂ ਸੀ ਵਧ ਰਿਹਾ, ਉਥੇ ਉਨ੍ਹਾਂ ਦੀ ਤਬੀਅਤ ਵਿੱਚ ਵੀ ਇੱਕ ਖੇੜਾ ਸੀ, ਜਦਕਿ ਹੋਰ ਵਿਅਕਤੀ ਜਿਨ੍ਹਾਂ ਨੂੰ ਸਾਧਾਰਨ ਚਾਹ ਦਿੱਤੀ ਗਈ ਉਨ੍ਹਾਂ ਵਿੱਚ ਅਜਿਹੇ ਆਸਾਰ ਨਜ਼ਰ ਨਹੀਂ ਆਏ।

### ✪...ਤੇ ਅੰਤ ਵਿੱਚ

ਕਿਸੇ ਬੱਚੇ ਲਈ ਮਾਂ ਦਾ ਦੁੱਧ ਉਸ ਦਾ ਪਹਿਲਾ ਆਹਾਰ ਮੰਨਿਆ ਜਾਂਦਾ ਹੈ। ਮਾਂ ਦੇ ਦੁੱਧ ’ਚ ਕਈ ਰੋਗਾਂ ਤੋਂ ਬੱਚੇ ਦੀ ਰੱਖਿਆ ਕਰਨ ਦਾ ਗੁਣ ਹੁੰਦਾ ਹੈ। ਹਾਲਾਂਕਿ ਵਿਗਿਆਨੀਆਂ ਦਾ ਕਹਿਣਾ ਹੈ ਕਿ ਆਮ ਤੌਰ ’ਤੇ ਮਾਂ ਦਾ ਦੁੱਧ ਬੱਚਿਆਂ ਨੂੰ ਅੱਗੇ ਚੱਲ ਕੇ ਮੋਟਾਪੇ ਆਦਿ ਤੋਂ ਬਚਾਉਂਦਾ ਹੈ, ਪਰ ਇਹ ਬੱਚੇ ’ਤੇ ਕਾਰਗਰ ਨਹੀਂ। ਵਿਗਿਆਨੀਆਂ ਦਾ ਕਹਿਣਾ ਹੈ ਕਿ ਮੋਟੇ ਤੇ ਪਤਲੇ ਸਰੀਰ ਵਾਲੀਆਂ ਮਾਵਾਂ ਦੇ ਦੁੱਧ ਦੇ ਘਟਕ ਵੱਖ-ਵੱਖ ਹੁੰਦੇ ਹਨ ਇਸ ਕਾਰਨ ਉਨ੍ਹਾਂ ਦਾ ਪ੍ਰਭਾਵ ਵੀ ਵੱਖ-ਵੱਖ ਹੁੰਦਾ ਹੈ। ਇਸ ਲਈ ਬੱਚੇ ਦੇ ਮੋਟਾਪੇ ’ਚ ਬੱਚੇ ਦੀ ਮਾਂ ਦੇ ਮੋਟਾਪੇ ਗ੍ਰਸਤ ਹੋਣ ’ਤੇ ਨਾਲ ਹੀ ਬੱਚੇ ਦੇ ਸਮਾਜਿਕ, ਆਰਥਿਕ ਹਾਲਤ ਦੀ ਅਹਿਮ ਭੂਮਿਕਾ ਹੁੰਦੀ ਹੈ।

# ਦਿਵਯ/ਅਲੌਕਿਕ ਬੂਟੀ

ਇਕ ਥਾਂ ਇੱਕ ਲੜਕੇ ਨੂੰ ਲੈ ਕੇ ਕੁਝ ਲੋਕ ਭੇਜੇ ਗਏ, ਲੜਕਾ ਚਮਤਕਾਰੀ ਹੈ ਇਹ ਪ੍ਰਚਾਰ ਕਰਾਇਆ ਗਿਆ। ਉਸ ਦੇ ਹੱਥ ਦੀ ਬੂਟੀ ਨਾਲ ਸਭ ਰੋਗ ਠੀਕ ਹੁੰਦੇ ਹਨ। ਇਸ ਦੀ ਸ਼ੋਹਰਤ ਚਾਰੇ ਪਾਸੇ ਕਰਾਈ ਗਈ। ਪਹਿਲਾਂ ਉਸ ਦੀ ਬੂਟੀ ਨਾਲ ਚੰਗਾ ਹੋਣ ਦਾ ਪਖੰਡ ਕਰਨ ਵਾਲੇ ਆਪਣੇ ਹੀ ਆਦਮੀ ਸਨ। ਫਿਰ ਜਨਤਾ ਉਮੜ ਪਈ। ਹਰ ਰੋਜ਼ ਹਜ਼ਾਰਾਂ ਬਿਮਾਰ ਆਦਮੀ ਬਾਬਾ ਜੀ ਦੀ ਬੂਟੀ ਲੈਣ ਦੇ ਲਈ ਆਉਣ ਲੱਗੇ। ਸਭ ਕਤਾਰ ਵਿੱਚ ਖੜ੍ਹੇ ਹੋ ਜਾਂਦੇ ਸਨ ਅਤੇ ਬਾਬਾ ਆ ਕੇ ਸਭਨਾਂ ਨੂੰ ਬੂਟੀ ਵੰਡ ਜਾਂਦਾ ਸੀ।

ਬੂਟੀ ਕੀ ਸੀ ਕਿ ਕਿਸੇ ਜੰਗਲੀ ਝਾੜ ਦੀਆਂ ਟਹਿਣੀਆਂ ਦੇ ਟੁਕੜੇ ਹੁੰਦੇ ਸਨ। ਇਹ ਧੰਦਾ ਖੂਬ ਚੱਲਿਆ, ਜਿਵੇਂ ਕਿ ਅਮ੍ਰਿਤਕੁੰਡ ਵਿੱਚ ਹੋਇਆ ਸੀ। ਇਥੇ ਵੀ ਤਾਂਗੇ ਵਾਲੇ, ਦੁਕਾਨਾਂ ਵਾਲੇ, ਪਿੰਡ ਵਾਲੇ ਸਾਰੇ ਪ੍ਰਚਾਰਕ ਬਣ ਗਏ। ਪਰ ਇੱਥੇ ਭੀੜ ਬਹੁਤ ਇਕੱਠੀ ਹੋਣ ਲੱਗੀ। ਪੈਸਾ ਵੀ ਖੂਬ ਆਇਆ। ਪਰ ਭੀੜ ਨੂੰ ਸੰਭਾਲਣ ਦਾ ਪ੍ਰਬੰਧ ਨਹੀਂ ਹੋ ਸਕਿਆ। ਪਾਣੀ ਦੀ ਵੀ ਘਾਟ ਪੈ ਗਈ। ਇਸ ਲਈ ਹੈਜਾ ਫੈਲ ਗਿਆ। ਸੈਂਕੜੇ ਆਦਮੀ ਮਰ ਗਏ ਅਤੇ ਹੈਜੇ ਦੇ ਬਿਮਾਰ ਤਾਂ ਬੂਟੀ ਨਾਲ ਚੰਗੇ ਹੋ ਨਹੀਂ ਸਕਦੇ ਸਨ ਅਤੇ ਜਦ ਸਾਹਮਣੇ ਫਟਾਫਟ ਮੌਤਾਂ ਹੋਣ ਲੱਗੀਆਂ ਤਦ ਬੂਟੀ ਦੀ ਪੋਲ ਖੁੱਲ੍ਹ ਗਈ ਅਤੇ ਦੁਕਾਨ ਉਜੜ ਗਈ। ਪਰ ਉਜੜ ਜਾਣ ਤੋਂ ਪਹਿਲਾਂ ਉਸਦੇ ਚੇਲਿਆਂ ਨੇ ਖੂਬ ਕਮਾ ਲਿਆ ਹੈ ਕਿ ਸਾਲਾਂ ਤਕ ਚੈਨ ਨਾਲ ਰਹਿ ਸਕਣਗੇ।

ਪੈਸੇ ਦੀ, ਸਮੇਂ ਦੀ ਮਿਹਨਤ ਭਿਅੰਕਰ ਬਰਬਾਦੀ ਹੋਈ ਇਸ ਦੀ ਮੈਨੂੰ ਚਿੰਤਾ ਨਹੀਂ ਹੈ। ਜਦ ਸਮਾਜ ਮੂਰਖ ਹੈ, ਹਰਾਮਖੋਰ ਹੈ ਤਦ ਉਸ ਦੀ ਬਰਬਾਦੀ ਹੋਣੀ ਹੀ ਚਾਹੀਦੀ ਹੈ। ਇਹ ਹਰਾਮਖੋਰੀ ਨਹੀਂ ਹੈ ਤਾਂ ਕੀ ਹੈ ਕਿ ਲੋਕ ਬੀਮਾਰੀ ਵਿੱਚ ਨਾ ਤਾਂ ਸੰਜਮ ਰੱਖਣਾ ਚਾਹੁੰਦੇ ਹਨ, ਨਾ ਕੋਈ ਇਲਾਜ ਕਰਾਉਣਾ ਚਾਹੁੰਦੇ ਹਨ, ਕਿਸੇ ਬਾਬੇ ਦੇ ਪ੍ਰਸ਼ਾਦ ਨਾਲ ਰਾਜ਼ੀ ਹੋਣਾ ਚਾਹੁੰਦੇ ਹਨ। ਇਹ ਮੂਰਖਤਾ ਆਮ ਜਨਤਾ ਵਿੱਚ ਹੀ ਨਹੀਂ ਹੈ ਪਰ ਵੱਡੇ-ਵੱਡੇ ਅਫ਼ਸਰ ਅਤੇ ਸਰਕਾਰੀ ਮੰਤਰੀਆਂ ਤਕ ਹੈ।

ਸਰਕਾਰੀ ਅਹੁਦਿਆਂ ਉੱਤੇ ਪਹੁੰਚਣ ਨਾਲ ਕੋਈ ਵਿਵੇਕੀ ਜਾਂ ਸਮਝਦਾਰ ਹੋ ਜਾਂਦਾ ਹੈ ਅਜਿਹੀ ਕੋਈ ਗੱਲ ਨਹੀਂ ਹੈ। ਚਮਤਕਾਰਾਂ ਦੇ ਅੰਧਵਿਸ਼ਵਾਸ ਸਾਰੇ ਜਮਾਤਾਂ ਦੇ ਬੰਦਿਆਂ ਵਿੱਚ ਪਾਏ ਜਾਂਦੇ ਹਨ। ਉਹਨਾਂ ਅੰਧ ਵਿਸ਼ਵਾਸਾਂ ਦੇ ਕਾਰਨ ਉਹਨਾਂ ਨੂੰ ਠੱਗਿਆ ਨਾ ਜਾਏ ਤਾਂ ਕੀ ਕੀਤਾ ਜਾਵੇ। ਜਦ ਲੋਕ ਆਪਣੀ ਇੱਛਾ ਨਾਲ ਜਾਨਵਰ ਬਣਨ ਨੂੰ ਤਿਆਰ ਹਨ ਤਦ ਸਾਡੇ ਵਰਗੇ ਲੋਕ ਉਹਨਾਂ ਨੂੰ ਲੁੱਟਣ ਕਿਉਂ ਨਾ? ਉਨ੍ਹਾਂ ਨਾਲ ਹਲ ਵਾਹੁੰਣ ਕਿਉਂ ਨਾ?

ਹਾਂ ਇਹ ਜ਼ਰੂਰੀ ਹੈ ਕਿ ਸੈਂਕੜੇ ਆਦਮੀ ਮਰ ਗਏ। ਸੋ ਮਰ ਜਾਣ ਦਿਓ ਅਜਿਹੇ ਹੈਵਾਨਾਂ ਦੇ ਜਿਉਣ ਦਾ ਵੀ ਕੀ ਅਰਥ ਹੈ? ਦੇਸ਼ ਦੀ ਅਬਾਦੀ ਵੱਧ ਰਹੀ ਹੈ ਅਜਿਹੀ ਹਾਲਤ ਵਿੱਚ ਜੇਕਰ ਮੇਰੀ ਸਕੀਮ ਨਾਲ ਹਜ਼ਾਰ ਦੋ ਹਜ਼ਾਰ ਆਦਮੀ ਮਰ ਜਾਂਦੇ ਹਨ ਤਾਂ ਇਹ ਵੀ ਦੇਸ਼ ਦਾ ਭਲਾ ਹੈ। ਉਹਨਾਂ ਦੇ ਟੱਬਰ ਤੜਪਦੇ ਹੋਣਗੇ ਤਾਂ ਤੜਫਿਆ ਕਰਨ। ਕੁਝ ਅਨਾਥ ਹੋਣਗੇ ਸੋ ਹੋਇਆ ਕਰਨ। ਉਹ ਆਪਣੀ ਮੂਰਖਤਾ ਨਾਲ ਸਜ਼ਾ ਭੋਗਦੇ ਹਨ ਇਸ ਵਿੱਚ ਮੇਰਾ ਕੀ ਕਸੂਰ ਹੈ। ਸਮਾਜ ਨੇ ਇੱਕ ਦਿਨ ਮੇਰੀ ਸੱਚੀ ਭਗਤੀ ਨੂੰ ਤਰ੍ਹਾਂ ਤਰ੍ਹਾਂ ਦੀ ਸਜ਼ਾ ਦਿੱਤੀ ਸੀ, ਉਸ ਦੇ ਪਾਪ ਦੇ ਪ੍ਰਭਾਵ ਨਾਲ ਸਜ਼ਾ ਭੁਗਤ ਰਿਹਾ ਹੈ ਤਾਂ ਇਹ ਠੀਕ ਹੀ ਤਾਂ ਹੈ।

**-ਸਤਯ ਭਗਤ**

## ਪੁਸਤਕ ਰਿਵਿਊ / ਨਾਵਲ ਰੁੱਤਾਂ ਲਹੂ ਲੁਹਾਣ ਦਾ ਸੱਚ

ਮਹਿੰਦਰ ਪਾਲ ਸਿੰਘ ਧਾਲੀਵਾਲ ਦਾ ਨਾਵਲ ਰੁੱਤਾਂ ਲਹੂ ਲੁਹਾਣ ਅਸਲ ਵਿੱਚ ਹੀ ਪੰਜਾਬ ਵਿੱਚ 1967-72 ਦੌਰਾਨ ਨਕਸਲਬਾੜੀ ਲਹਿਰ ਨਾਲ ਜੁੜੇ ਸੱਚ ਨੂੰ ਬੜੇ ਹੀ ਕਲਾਤਮਿਕ ਢੰਗ ਨਾਲ ਉਜਾਗਰ ਕਰਦਾ ਇੱਕ ਦਸਤਾਵੇਜੀ ਨਾਵਲ ਹੋ ਨਿਬੜਦਾ ਹੈ ਜਿਹੜਾ ਆਪਣੇ ਆਦਿ ਤੋਂ ਅੰਤ ਤੱਕ ਰੋਚਿਕਤਾ ਕਾਇਮ ਰੱਖਦਾ ਹੋਇਆ ਪਾਠਕ ਨੂੰ ਨਾਲ ਤੋਰਦਾ ਹੈ। ਲਾਲੀ ਤੇ ਕਪੂਰ ਸਿੰਘ ਦੇ ਮੋਹ ਭਰੇ ਰਿਸਤੇ ਦਾ ਚਿਤਰਨ, ਆਪਸੀ ਭਾਈਚਾਰਾ ਤੇ ਪੇਂਡੂ ਸੱਭਿਆਚਾਰ ਦੀ ਬਾਤ ਪਾਉਂਦਾ ਮਾਨਵੀ ਮੋਹ ਨਾਲ ਅਗਾਂਹ ਵੱਧਦਾ ਹੈ। ਲਾਲੀ ਦੀ ਮਾਂ ਦਾ ਦਾਲ ਨੂੰ ਤੜਕਾ ਲਾ ਕੇ ਰੋਟੀ ਖੁਆਉਣੀ ਤੇ ਕਪੂਰ ਸਿੰਘ ਦੇ ਘਰ ਵਾਲੀ ਦੀ ਲਾਲੀ ਨੂੰ ਮੋਹ ਭਰੀ ਡਾਂਟ ਤੇ ਲਾਲੀ ਦਾ ਰੋਟੀ ਖਾਂਦੇ ਸਮੇਂ ਮਾਂ ਦੇ ਪੈਰਾਂ ਦੀਆਂ ਬਿਆਈਆਂ ਤੇ ਮੈਲੇ ਕੱਪੜਿਆਂ ਵੱਲ ਧਿਆਨ ਜਾਣਾ ਸਾਡੇ ਪੇਂਡੂ ਸੱਭਿਆਚਾਰ ਤੇ ਮੋਹ ਭਰੇ ਰਿਸ਼ਤਿਆਂ ਦੀ ਬਾਤ ਪਾਉਂਦਾ ਹੈ।




ਰਾਜਸੀ ਪਾਰਟੀਆਂ ਦੇ ਕੰਮ ਢੰਗ ਨੂੰ ਬਾਖੂਬੀ ਬੜੇ ਸੂਖਮ ਢੰਗ ਨਾਲ ਨਿਭਾਇਆ ਹੈ ਕਿ ਸੀ.ਪੀ.ਐਮ. ਦੀ ਸਰਕਾਰ ਦੇ ਮੂੰਹ ਲਹੂ ਲੱਗ ਗਿਆ ਹੈ, ਉਨ੍ਹਾਂ ਵੀ ਲੋਕਾਂ ਨੂੰ ਭਰਮਾਉਣ ਲਈ ਅਦਾਲਤੀ ਜਾਂਚ ਕਰਨ ਦੇ ਹੁਕਮ ਦੇ ਦਿੱਤੇ ਹਨ। ਲੋਕਤੰਤਰ ਵੀ ਸਰਮਾਏਦਾਰੀ ਦਾ ਇੱਕ ਹਥਿਆਰ ਹੈ ਜਿਸ ਨਾਲ ਉਹ ਮਨਮਰਜੀ ਦਾ ਰਾਜ ਕਰਦੇ ਹਨ। ਮਹਿੰਦਰਪਾਲ ਨੇ ਨਾਵਲ ਵਿੱਚ ਜ਼ਿੰਦਗੀ ਦੀ ਅਸਲੀਅਤ ਨੂੰ ਬਿਆਨ ਕੀਤਾ ਹੈ ਕਿ ਜੇਕਰ ਆਮ ਲੋਕਾਂ ਨੂੰ ਨਾਲ ਲੈ ਕੇ ਤੁਰਨਾ ਹੈ ਤਾਂ ਉਨ੍ਹਾਂ ਤੋਂ ਇੱਕ ਅੱਧ ਕਦਮ ਤਾਂ ਅੱਗੇ ਤੁਰਿਆ ਜਾ ਸਕਦਾ ਹੈ, ਦਸ ਕਦਮ ਅੱਗੇ ਤੁਰਨ ਨਾਲ ਉਹ ਫਿਰ ਪਿੱਛੇ ਰਹਿ ਜਾਣਗੇ। ਨਾਵਲ ਵਿੱਚ ਨਾਂ, ਘਟਨਾਵਾਂ, ਪਿੰਡ, ਸਮਾਂ ਸਾਰਨੀ ਸਾਰਾ ਹੀ ਯਥਾਰਥਿਕ ਹੈ, ਫਿਰ ਵੀ ਕਹਾਣੀ ਰਸ ਭਰਭੂਰ ਹੈ।

ਜੱਥੇਬੰਦਕ ਬਹਿਸਾਂ ਤੇ ਲੀਡਰਾਂ ਵੱਲੋਂ ਆਪਣੀ ਹਉਂਮੈ ਨੂੰ ਬਹੁਤ ਹੀ ਕਲਾਤਮਿਕ ਢੰਗ ਨਾਲ ਸਿਰਜਿਆ ਹੈ। ਪੁਲਿਸ ਦਾ ਰੋਲ ਤੇ ਕੰਮ ਕਰਨ ਦਾ ਵਹਿਸ਼ੀ ਢੰਗ ਜਿਹੜਾ ਸੱਚਮੁੱਚ ਉਦੋਂ ਸੀ ਤੋਂ ਵੀ ਪਰਦਾ ਉਠਾ ਲਿਆ ਹੈ। ਹੁਣ ਵੀ ਲਾਲਚੀ ਪੁਲਿਸ ਏਵੇਂ ਹੀ ਕਰਦੀ ਹੈ ਜਿਵੇਂ ਸੁਦਾਗਰ ਨੂੰ ਫੜਨ ਵੇਲੇ ਕੀਤਾ ਸੀ। ਨਾ ਅੰਗਰੇਜ਼ੀ ਕਾਨੂੰਨ ਬਦਲਿਆ, ਨਾ ਅੰਗਰੇਜ਼ੀ ਸਿਸਟਮ, ਸਭ ਕੁੱਝ ਉਵੇਂ ਹੀ ਚੱਲ ਰਿਹਾ ਹੈ।

ਸਿਵਿਆਂ ਦਾ ਧੂੰਆਂ ਤੇ ਢਹਿੰਦੇ ਘਰ ਦੀ ਗਰਦ ਕਿੰਨੀ ਭਾਵੁਕ ਸਾਂਝ ਪੇਸ਼ ਕੀਤੀ ਹੈ। ਮਹਿੰਦਰ ਪਾਲ ਸਿੰਘ ਧਾਲੀਵਾਲ ਦਾ ਲੋਕ-ਮੁਕਤੀ ਵਾਸਤੇ ਲੜੀਆਂ ਲੜਾਈਆਂ ਨੂੰ ਪੇਸ਼ ਕਰਨ ਲਈ ਦਲੇਰੀ ਤੇ ਦਲੀਲ ਨਾਲ ਲਿਖੇ ਨਾਵਲ ਲਈ ਧੰਨਵਾਦ।

**- ਜਗਤਾਰ ਬੈਂਸ, ਮੋਬਾ : 81461-12311**

# ਲੈਸਟਰ ਦੇ ਸਜ਼ਾਯਾਫਤਾ ਨਕਲੀ ਬਾਬੇ ਨੇ ਅਮਰੀਕਾ, ਕੈਨੇਡਾ ਤੋਂ ਲੱਖਾਂ ਪੌਂਡ ਲੁੱਟਿਆ

ਇੰਗਲੈਂਡ ਦੇ ਸ਼ਹਿਰ ਲੈਸਟਰ ਦੀ ਪੁਲਿਸ ਟਰੇਡਿੰਗ ਸਟੈਂਡਰਡ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਇਕੱਠਿਆ ਇੱਕ ਵੱਡੇ ਪੱਧਰ 'ਤੇ ਪਖੰਡੀ ਬਾਬਿਆਂ, ਸਾਧਾ ਅਤੇ ਤਾਂਤਰਿਕਾਂ ਖਿਲਾਫ ਮੁਹਿਮ ਸ਼ੁਰੂ ਕੀਤੀ ਹੈ। ਇਹ ਮੁਹਿਮ ਹੋਰ ਜੋਰ ਨਾਲ ਸ਼ੁਰੂ ਹੋਈ ਜਦੋਂ ਪਖੰਡੀ ਤਾਂਤਰਿਕ ਮੁਹੰਮਦ ਅਸ਼ਰਫੀ ਜੋ ਆਪਣੇ ਆਪ ਨੂੰ ਸਾਂਈ ਬਾਬੇ ਤੋਂ ਮਿਲੀ ਗੈਬੀ ਸ਼ਕਤੀ ਦਸਦਾ ਸੀ ਤੇ ਹੱਥ ਦੀ ਸਫਾਈ ਦੇ ਟਰਿਕ ਦਿਖਾ ਦੇ ਲੋਕਾਂ ਨੂੰ ਦਾਅਵੇ ਕਰਦਾ ਸੀ ਕਿ ਉਹ ਹਰ ਬਿਮਾਰੀ ਦਾ ਇਲਾਜ਼ ਕਰ ਸਕਦਾ ਹੈ, ਵਿਛੜੇ ਸਾਥੀ ਜਾਂ ਹਰ ਪਰਿਵਾਰਿਕ ਮੁਸ਼ਕਲ ਹੱਲ ਕਰ ਸਕਦਾ ਹੈ ਤੇ ਲਾਟਰੀ ਨੰਬਰ ਦੱਸ ਕੇ ਉਨ੍ਹਾਂ ਨੂੰ ਯੂਰੋ, ਮਿਲੀਅਨ ਲਾਟਰੀ ਜਿੱਤਾ ਦੇਵੇਗਾ। ਇਹ ਪਖੰਡੀ ਅਸ਼ਰਫੀ ਨੂੰ 18 ਵਿਅਕਤੀਆਂ ਪਾਸੋਂ 6,50000 ਪੌਂਡ ਠੱਗਣ ਦੇ ਜੁਰਮ ਵਿੱਚ 9 ਸਾਲ ਦੀ ਕੈਦ ਸੀ ਸਜਾ ਹੋਈ ਹੈ। ਪੁਲਿਸ ਨੇ ਦੱਸਿਆ ਕਿ ਇਹ ਪਖੰਡੀ ਮੁਹੰਮਦ ਅਸ਼ਰਫੀ ਤਾਂਤਰਿਕ ਜੋ ਆਪਣੇ ਆਪ ਨੂੰ ਕਮਲ ਜੀ ਦਾ ਨਾਂ ਦੱਸ ਕੇ ਲੈਸਟਰ ਵਿੱਚ ਲੋਕਾਂ ਨੂੰ ਟਰਿਕ ਦਿਖਾ ਕੇ ਆਪਣੇ ਕੋਲ ਗੈਬੀ ਸ਼ਕਤੀ ਹੋਣ ਦਾ ਦਾਅਵਾ ਕਰਦਾ ਸੀ, ਜਦੋਂ ਪਿਛਲੇ ਸਾਲ ਲੰਡਨ ਤੋਂ ਇਕ ਕਿਰਾਏ ਤੇ ਲਏ ਘਰ ਵਿਚੋਂ ਫੜਿਆ ਤਾਂ ਉਥੇ ਆਪਣਾ ਨਾਂ ਕ੍ਰਿਸ਼ਨਾ ਜੀ ਦੱਸ ਕੇ ਲੋਕਾਂ ਨੂੰ ਠੱਗਣ ਦਾ ਕੰਮ ਕਰਦਾ ਸੀ। ਹੁਣ ਪੁਲਿਸ ਦਾ ਕਹਿਣਾ ਹੈ ਕਿ ਇਸ ਨੇ ਲੈਸਟਰ ਵਿਚੋਂ ਘੱਟੋ ਘੱਟ ਇਕ ਮਿਲੀਅਨ ਪੌਂਡ ਲੋਕਾਂ ਤੋਂ ਲੁਟਿਆ। ਕਿਉਂਕਿ ਹੁਣ ਹੋਰ ਲੋਕ ਵੀ ਜੋ ਇਸ ਪਖੰਡੀ ਦੇ ਜਾਲ ਵਿਚ ਫਸੇ ਸਨ, ਸਾਹਮਣੇ ਆ ਰਹੇ ਹਨ ਅਤੇ ਹੁਣ ਲੰਡਨ ਵਿਚ ਬਰਮਿੰਘਮ ਜਿਥੇ ਬਾਬਾ ਰੌਣਕੀ ਦਾ ਨਾਂ ਰੱਖ ਕੇ ਕੰਮ ਕਰਦਾ ਸੀ ਇਨਕੁਆਰੀ ਹੋ ਰਹੀ ਹੈ।



ਇਥੇ ਹੀ ਬੱਸ ਨਹੀਂ ਇਸ ਨੇ ਨਵੇਂ ਆਏ ਸਬੂਤਾਂ ਅਨੁਸਾਰ ਕੈਨੇਡਾ ਤੋਂ ਛਪਣ ਵਾਲੇ ਅਖਬਾਰ ਅਨੁਸਾਰ 34 ਕਨੇਡੀਅਨ ਸਿਟੀਜਨਾ ਤੋਂ 1.2 ਮਿਲੀਅਨ ਡਾਲਰ ਜੋ ਯੂ. ਕੇ. ਦੇ 4 ਮਿਲੀਅਨ ਡਾਲਰ ਬਣਦੇ ਹਨ ਠੱਗੇ ਹਨ। ਅਖ਼ਬਾਰ ਮੁਤਾਬਿਕ ਮੁਹੰਮਦ ਅਸ਼ਰਫੀ ਦਾ ਲੋਕਾਂ ਨੂੰ ਠੱਗਣ ਜੀ ਤਰੀਕਾ ਜਿਸ ਤਰ੍ਹਾਂ ਯੂ. ਕੇ. ਵਿਚ ਟਰਿਕ ਦਿਖਾ ਕੇ ਲੋਕਾਂ ਨੂੰ ਦਾਅਵਾ ਕਰਦਾ ਸੀ ਕਿ ਉਸ ਪਾਸ ਗੈਬੀ ਸ਼ਕਤੀ ਹਨ ਸੇਮ ਹੀ ਤਰੀਕਾ ਸੀ। ਅਖਬਾਰ ਅਨੁਸਾਰ ਮੁਹੰਮਦ ਅਸ਼ਰਫੀ ਖਿਲਾਫ ਪਿਛਲੇ ਸਾਲ ਤੋਂ ਤਫਤੀਸ਼ ਚੱਲ ਰਹੀ ਸੀ। ਅਤੇ ਕਨੇਡੀਅਨ ਅਤੇ ਅਮਰੀਕਾ ਦਾ ਪੁਲਿਸ ਉਸ ਨੂੰ ਲੱਭ ਰਹੀ ਸੀ। ਅਮਰੀਕਾ ਦੀਆਂ ਸਟੇਟਜ਼ ਕੈਲਫੋਰਨੀਆ, ਟੈਕਸੀਸ ਅਤੇ ਲਈਨੋਜ਼ ਵਿੱਚ ਇਸ ਦੀ ਤਲਾਸ਼ ਕੀਤੀ ਜਾ ਰਹੀ ਸੀ। ਇਸ ਤਰ੍ਹਾਂ ਇਹ ਪਖੰਡੀ ਲੈਸਟਰ ਦੇ ਆਉਣ ਤੋਂ ਪਹਿਲਾਂ ਕਨੇਡੀਅਨ ਅਤੇ ਅਮਰੀਕਨ ਲੋਕਾਂ ਤੋਂ ਮਿਲੀਅਨਜ਼ ਡਾਲਰ ਠੱਗ ਚੁੱਕਾ ਹੈ। ਲੈਸਟਰ ਪੁਲਿਸ ਨੇ ਇਸ ਦਾ ਇੰਡੀਅਨ ਪਾਸਪੋਰਟ ਜੱਬਤ ਕਰ ਲਿਆ ਹੈ। ਇਸ ਤੇ ਹੁਣ ਯੂ. ਕੇ. ਲੈਸਟਰ, ਬਰਮਿੰਘਮ ਤੇ ਲੰਡਨ ਦੇ ਇਨਕੁਆਰੀ ਤੋਂ ਉਪਰੰਤ ਇਸ ਦੀ ਕਨੇਡੀਅਨ ਅਤੇ ਅਮਰੀਕਾ ਦੀਆਂ ਸਰਕਾਰਾਂ ਨੂੰ ਇਸ ਤੇ ਕੇਸ ਚਲਾਉਣ ਲਈ ਲੋੜ ਹੈ। ਜੋ ਉਥੇ ਦੇ ਲੋਕਾਂ ਤੇ ਸਰਕਾਰ ਵਲੋਂ ਮੰਗ ਕੀਤੀ ਜਾ ਰਹੀ ਹੈ।

ਸ਼ੀਤਲ ਸਿੰਘ ਗਿੱਲ ਜਨਰਲ ਸਕੱਤਰ ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਦੱਸਿਆ ਕਿ ਏਥੇ ਲੈਸਟਰਸ਼ਾਇਰ ਪੁਲਿਸ ਟਰੇਡਿੰਗ ਸਟੈਂਡਰਡ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਇਕ ਵਿਸ਼ੇਸ਼ ਮੁਹਿੰਮ ਚਲਾਈ ਹੈ। ਇਹ ਇਸ ਤਰ੍ਹਾਂ ਦੀ ਯੂ. ਕੇ. ਵਿਚ ਸ਼ੁਰੂ ਕੀਤੀ ਪਹਿਲੀ ਮੁਹਿੰਮ ਹੈ। ਲੈਸ਼ਟਰਸ਼ਾਰਿ ਪੁਲਿਸ ਸਿਟੀ ਕਾਉਂਸਲ ਵਲੋਂ ਵੱਡੇ ਪੱਧਰ ਤੇ ਵੱਖ-ਵੱਖ ਜਬਾਨਾਂ ਜਿਵੇਂ ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ , ਬੰਗਾਲੀ ਅਤੇ ਸਮਾਲੀਅਨ ਵਿਚ ਲੀਫਲਟ, ਇਸ਼ਤਿਹਾਰ ਤਿਆਰ ਕੀਤੇ ਹਨ। ਇਹ ਲੀਫਲਟ ਸਾਰੇ ਘਰਾਂ ਵਿਚ ਭੇਜੇ ਜਾ ਰਹੇ ਹਨ ਅਤੇ ਪੋਸਟਰ ਵੱਖ-ਵੱਖ ਪਬਲਿਕ ਸਥਾਨਾਂ ਤੇ ਲਗਾਏ ਜਾਣਗੇ। ਜਿਨ੍ਹਾਂ ਵਿੱਚ ਸਾਰੇ ਸ਼ਹਿਰੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਜੇਕਰ ਕੋਈ ਐਸਾ ਵਿਅਕਤੀ, ਪਖੰਡੀ ਠੱਗ ਤੁਹਾਡੇ ਇਲਾਕੇ ਵਿਚ ਇਹ ਕਲੇਮ ਕਰਦਾ ਹੈ ਕਿ ਉਸ ਪਾਸ ਗੈਬੀ ਸ਼ਕਤੀ, ਕਾਲਾ ਜਾਦੂ ਹੈ ਤੇ ਉਹ ਤੁਹਾਡੀ ਹਰ ਬਿਮਾਰੀ ਦਾ ਇਲਾਜ਼ ਕਰ ਸਕਦਾ ਹੈ, ਤੁਹਾਡੀ ਵਿਗੜੀ ਕਿਸਮਤ ਤਬਦੀਲ ਕਰ ਸਕਦਾ ਹੈ, ਮਾੜੀਆ ਰੂਹਾਂ ਦੇ ਪਰਛਾਵੇਂ ਤੋਂ ਬਚਾ ਦੇਵੇਗਾ, ਹਰ ਘਰੇਲੂ ਉਲਝਣਾ ਸੁਲਝਾ ਸਕਦਾ ਹੈ ਜਾਂ ਹੋਰ ਵਪਾਰਕ ਲਾਭ ਆਦਿ ਪੈਸੇ ਲੈ ਕੇ ਤੁਹਾਨੂੰ ਦਵਾ ਦੇਵਾਂਗਾ, ਜਾਂ ਤੁਸੀਂ ਕਿਸੇ ਅਜਿਹੇ ਪਖੰਡੀ ਬਾਬੇ-ਸਾਧ ਤਾਂਤਰਿਕ ਕੋਲੋਂ ਠਗੇ ਜਾ ਚੁੱਕੇ ਹੋ ਤਾਂ ਇਸ ਦੀ ਤੁਰੰਤ ਸੂਚਨਾ ਪੁਲਿਸ ਨੂੰ 101 ਨੰਬਰ ਤੇ ਦੇ ਦਵੋ। ਟਰੇਡਿੰਗ ਸਟੈਂਡਰਡ ਦੀ ਮੁਖੀ ਮੈਰੀਥਲ ਸਮੀਥ ਨੇ ਦਸਿਆ ਹੈ ਕਿ ਇਹ ਕਾਨੂੰਨ ਤੇ ਅਪਰਾਧ ਹੈ ਕਿ ਜਿਹੜੇ ਲੋਕ ਇਹ ਕਲੇਸ ਕਰਦੇ ਹਨ ਕਿ ਉਹ ਸਾਰੇ ਮਸਲੇ ਹੱਲ ਕਰ ਸਕਦੇ ਹਨ, ਪਰ ਕਰ ਨਹੀਂ ਸਕਦੇ। ਉਹਨਾਂ ਨੇ ਕਿਹਾ ਕਿ ਸੂਰੇ ਸ਼ਹਿਰੀਆਂ ਨੂੰ ਅਪੀਲ ਕਰਦੀ ਹੈ, ਉਹ ਇਸ ਦੀ ਸੂਚਨਾ ਪੁਲਿਸ ਅਤੇ ਟਰੇਡਿੰਗ ਸਟੈਂਡਰਡ ਦੇ ਫੋਨ ਨੰਬਰ 0345 404 0506 ਜਾਂ ਐਕਸ਼ਨ ਫਰਾਡ ਦੇ ਫੋਨ ਨੰਬਰ 0300 123 2040 ਤੇ ਸੂਚਨਾ ਵੀ ਦੇ ਸਕਦੇ ਹਨ। ਉਹ ਇਸ ਮਾਮਲੇ ਨੂੰ ਬੁਹਤ ਗੰਭੀਰ ਲੈ ਰਹੇ ਹਨ।

ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਸ਼ੀਤਲ ਸਿੰਘ ਗਿੱਲ ਨੇ ਲੈਸਟਰਸ਼ਾਇਰ ਪੁਲਿਸ ਅਤੇ ਟਰੇਡਿੰਗ ਸਟੈਂਡਰਡ ਦਾ ਬਹੁਤ ਧੰਨਵਾਦ ਕੀਤਾ ਹੈ ਅਤੇ ਉਹਨਾਂ ਨੇ ਪੁਲਿਸ ਨੂੰ ਇਹ ਯਕੀਨ ਕਰਵਾਇਆ ਹੈ ਕਿ ਉਹਨਾ ਦੀ ਜਥੇਬੰਦੀ ਅਜਿਹੇ ਅਪਰਾਧੀਆ ਤੋਂ ਭੋਲੇ-ਭਾਲੇ ਲੋਕਾਂ ਨੂੰ ਬਚਾਉਣ ਲਈ ਪੂਰਾ ਸਹਿਯੋਗ ਦੇਵੇਗੀ ਅਤੇ ਉਹ ਇਸ ਪਾਰਟਨ ਸ਼ਿਪ ਨੂੰ ਹੋਰ ਮਜ਼ਬੂਤ ਕਰਨਗੇ ਅਤੇ ਉਹਨਾ ਨੇ ਸਾਰੇ ਧਾਰਮਿਕ ਅਦਾਰਿਆਂ, ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਚੱਲ ਰਹੀ ਪਖੰਡੀ ਸਾਧਾਂ, ਬਾਬਿਆ, ਤਾਂਤਰਿਕਾਂ ਖਿਲਾਫ ਵਿੱਢੀ ਮੁਹਿੰਮ ਵਿਚ ਪੂਰਾ ਸਾਥ ਦੇਣ ਅਤੇ ਜੇ ਉਹਨਾ ਦੀ ਕਿਸੇ ਕਿਸਮ ਦੀ ਹੈਲਪ ਦੀ ਲੋੜ ਪੈਂਦੀ ਹੈ ਤਾਂ ਉਹਨਾਂ ਨਾਲ ਜਥੇਬੰਦੀ ਦੀ ਵੈਬ ਸਾਇਟ ਤੇ ਜਾ ਕੇ ਉਹਨਾ ਦੇ ਫੋਨ ਨੰਬਰ: 07779664845 ਰਾਹੀਂ ਸੰਪਰਕ ਕਰ ਸਕਦੇ ਹਨ।

**(ਹਰੀਸ਼ ਮਲਹੋਤਰਾ)**

# ਸਪਾਈਡਰ ਮੈਨ ਜਲਦੀ ਬਣੇਗਾ ਹਕੀਕਤ

ਕਾਲਪਨਿਕ ਸਪਾਈਡਰ ਮੈਨ ਹੁਣ ਜਲਦੀ ਹੀ ਹਕੀਕਤ ਵਿੱਚ ਬਣ ਸਕਦਾ ਹੈ। ਰੇਸ਼ਮ ਦੇ ਨਵੇਂ ਕੀੜੇ ਸਪਾਈਡਰ ਮੈਨ ਨੂੰ ਹਕੀਕਤ ਬਣਾ ਸਕਦਾ ਹੈ। ਬੁਰੇ ਲੋਕਾਂ ਨੂੰ ਠਿਕਾਨੇ ਲਗਾਉਣ ਵਾਲਾ ਅਤੇ ਆਪਣੇ ਮਜ਼ਬੂਤ ਜਾਲ ਨਾਲ ਸ਼ਹਿਰ ਵਿੱਚ ਅਸਮਾਨ ਛੂਹਣ ਵਾਲੀਆਂ ਉੱਚੀਆਂ ਛਲਾਗਾਂ ਲਗਾਉਣ ਵਾਲਾ ਕਾਲਪਨਿਕ ਹੁਣ ਜਲਦੀ ਹੀ ਸਾਹਮਣੇ ਹੋਵੇਗਾ ਕਿਉਂਕਿ ਵਿਗਿਆਨੀਆਂ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਅਨੁਵੰਸ਼ਿਕ ਤੌਰ 'ਤੇ ਅੱਧਮੋਏ ਕਾਲੇ ਰੇਸ਼ਮ ਦੇ ਕੀੜੇ ਤਿਆਰ ਕੀਤੇ ਹਨ ਜੋ ਬਹੁਤ ਮਜ਼ਬੂਤ ਰੇਸ਼ਮ ਬਣਾ ਸਕਦੇ ਹਨ।



ਯੂਨੀਵਰਸਿਟੀ ਫਾਰ ਬਾਇਓਮਿੰਗ ਦੀ ਇੱਕ ਟੀਮ ਦਾ ਇਹ ਕਹਿਣਾ ਹੈ ਕਿ ਉਨ੍ਹਾਂ ਦਾ ਮੁੱਖ ਮਕਸਦ ਕੀੜਿਆਂ ਤੋਂ ਰੇਸ਼ਮ ਨੂੰ ਪ੍ਰਾਪਤ ਕਰਨਾ ਹੈ ਜੋ ਮਕੜੀਆਂ ਦੇ ਰੇਸ਼ੇ ਦੀ ਤਰ੍ਹਾਂ ਮਜ਼ਬੂਤ ਹੋਵੇ। ਮਕੜੀ ਦੇ ਰੇਸ਼ੇ ਭਾਰ ਵਿੱਚ ਸਟੀਲ ਤੋਂ ਵੀ ਮਜ਼ਬੂਤ ਹੁੰਦੇ ਹਨ। ਦੁਨੀਆਂ ਭਰ ਵਿੱਚ ਖੋਜੀਆਂ ਨੇ ਇਸ ਤਰ੍ਹਾਂ ਦੇ ਰੇਸ਼ਮ ਨੂੰ ਬਣਾਉਣ ਦੀ ਕੋਸ਼ਿਸ ਵਿੱਚ ਹਨ ਪਰ ਇਨ੍ਹਾਂ ਰੇਸ਼ਿਆਂ ਲਈ ਮਕੜੀਆਂ ਦਾ ਪਾਲਣ ਵਪਾਰਕ ਤੌਰ 'ਤੇ ਕਰਨਾ ਮੁਸ਼ਕਿਲ ਹੈ। ਇਸਦੇ ਉਲਟ ਰੇਸਮ ਦੇ ਕੀੜਿਆਂ ਨੂੰ ਪਾਲਣਾ ਸੌਖਾ ਹੁੰਦਾ ਹੈ। 'ਪ੍ਰੋ. ਡੌਨ ਜਾਰਬਿਸ ਦੀ ਅਗਵਾਈ ਵਿੱਚ ਅਨੁਵੰਸ਼ਿਕ ਤੌਰ 'ਤੇ ਕੀੜਿਆਂ ਨੂੰ ਤਿਆਰ ਕਰਕੇ ਇੰਨਾ ਮਜ਼ਬੂਤ ਰੇਸ਼ਮ ਬਣਾਉਣ ਦੇ ਸੁਪਨੇ ਦੇ ਕਰੀਬ ਪਹੁੰਚ ਗਏ ਹਨ।

ਵਿਗਿਆਨੀਆਂ ਨੇ ਕੀਤੀ ਮੰਗਲ ਗ੍ਰਹਿ ਤੋਂ ਚੱਟਾਨਾਂ ਡਿੱਗਣ ਦੀ ਪੁਸ਼ਟੀ

ਵਿਗਿਆਨੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਪਿੱਛੇ ਜਿਹੇ ਇਕੱਠੇ ਕੀਤੇ ਗਏ 15 ਪਾਉਂਡ ਵਜਨੀ ਚੱਟਾਨਾਂ ਦੇ ਟੁਕੜੇ ਮੰਗਲ ਗ੍ਰਹਿ ਤੋਂ ਧਰਤੀ 'ਤੇ ਡਿੱਗਦੇ ਸਨ। ਇਹ ਚੱਟਾਨਾਂ ਪਿਛਲੇ ਸਾਲ ਜੁਲਾਈ ਵਿੱਚ ਹੋਈ ਉਲਕਾ ਵਰਖਾ ਦੇ ਦੌਰਾਨ ਡਿੱਗੇ ਸਨ। ਇਤਿਹਾਸ ਵਿੱਚ ਇਹ ਕੇਵਲ ਪੰਜਵਾਂ ਮੌਕਾ ਹੈ ਜਦੋਂ ਵਿਗਿਆਨੀਆਂ ਨੇ ਮੰਗਲ ਗ੍ਰਹਿ ਤੋਂ ਉਲਕਾ ਪਿੰਡ ਦੇ ਡਿੱਗਣ ਦੀ ਪੁਸ਼ਟੀ ਕੀਤੀ ਹੈ। ਲੋਕਾਂ ਨੇ ਵੀ ਚੱਟਾਨਾ ਦੇ ਇਨ੍ਹਾਂ ਟੁਕੜਿਆਂ ਨੂੰ ਡਿੱਗਦੇ ਵੇਖਿਆ ਹੈ। ਬਹੁਤ ਮਹੀਨੇ ਪਹਿਲਾਂ ਆਸਮਾਨ ਤੋਂ ਅੱਗ ਦੇ ਗੋਲੇ ਡਿੱਗਦੇ ਨਜ਼ਰ ਆਏ ਸਨ ਪਰ ਉੱਤਰੀ ਅਫਰੀਕਾ ਵਿੱਚ ਪਿਛਲੇ ਸਾਲਾਂ ਵਿੱਚ ਜ਼ਮੀਨ ਉੱਤੇ ਡਿੱਗੇ ਇਨ੍ਹਾਂ ਉਲਕਾ ਪਿੰਡਾਂ ਨੂੰ ਖੋਜਿਆ ਨਹੀਂ ਜਾ ਸਕਿਆ ਸੀ।

ਮੰਗਲ ਗ੍ਰਹਿ ਉੱਤੇ ਜੀਵਨ ਦੀ ਸੰਭਾਵਨਾ ਪ੍ਰੀਖਣ ਕਰਨ ਦੇ ਲਈ ਵਿਗਿਆਨੀਆਂ ਨੇ ਇਹ ਇੱਕ ਨਵਾਂ ਅਤੇ ਅਨੋਖਾ ਮੌਕਾ ਪ੍ਰਾਪਤ ਹੋਇਆ ਹੈ। ਹੁਣ ਤੱਕ ਨਾਸਾਂ ਦਾ ਜਾਂ ਕੋਈ ਵੀ ਰੂਸੀ ਪੁਲਾੜੀ ਜਹਾਜ਼ ਮੰਗਲ ਗ੍ਰਹਿ ਦੀਆਂ ਚੱਟਾਨਾਂ ਨੂੰ ਨਹੀਂ ਲੈ ਕੇ ਆਇਆ ਸੀ। ਵਿਗਿਆਨਿਕ ਅਤੇ ਸੰਗ੍ਰਹਿਕਰਤਾ ਇਨ੍ਹਾਂ ਚੱਟਾਨਾਵਾਂ ਨੂੰ ਲੈ ਕੇ ਬਹੁਤ ਉਤਸ਼ਾਹਿਤ ਹਨ ਅਤੇ ਇਨ੍ਹਾਂ ਉਲਕਾ ਪਿੰਡਾਂ ਦੀ ਭਾਰੀ ਕੀਮਤ ਮਾਪੀ ਜਾ ਰਹੀ ਹੈ। ਇਹ ਸੋਨੇ ਤੋਂ ਵੀ ਜ਼ਿਆਦਾ ਕੀਮਤੀ ਮੰਨੀ ਗਈ ਹੈ। ਇਨ੍ਹਾਂ ਵਿੱਚੋਂ ਸਭ ਤੋਂ ਵੱਡੀ ਚੱਟਾਨ ਇੱਕ ਕਿਲੋਗ੍ਰਾਮ ਦੀ ਹੈ। ਯੂਨੀਵਰਸਿਟੀ ਆੱਫ ਸੈਂਟਰਲ ਫਲੋਰਿਡਾਂ ਵਿੱਚ ਫਲੋਰਿਡਾ ਸਪੇਸ ਇੰਸਟੀਚਿਊਟ ਦੇ ਨਿਰਦੇਸ਼ਕ ਅਤੇ ਨਾਸਾ ਦੇ ਸਾਬਕਾ ਵਿਗਿਆਨ ਪ੍ਰਮੁੱਖ ਇਲੇਨ ਸਟਰਜ ਨੇ ਦੱਸਿਆ ਹੈ ਕਿ ਇਹ ਜ਼ਿਆਦਾ ਖੁਸ਼ੀ ਦੇਣ ਵਾਲਾ ਮੌਕਾ ਹੈ। ਮੰਗਲ ਦੀਆਂ ਚੱਟਾਨਾਂ ਦੇ ਪਰੀਖਣ ਦੀ ਰਿਪੋਰਟ ਪੁਲਾੜ ਵਿਗਿਆਨ ਵਿੱਚ ਮੀਲ ਪੱਥਰ ਸਾਬਿਤ ਹੋਵੇਗੀ।

**– ਅਨੁਵਾਦਕ ਕੁਲਦੀਪ ਸਿੰਘ ਕਰੀਹਾ**

ਕਹਾਣੀ

# ਪੰਡਿਤ ਜੀ

ਇਕ ਦਿਨ ਪੰਡਿਤ ਨੂੰ ਪਿਆਸ ਲੱਗੀ, ਸੰਯੋਗਵਸ ਘਰ ਵਿਚ ਪਾਨੀ ਨਹੀਂ ਸੀ। ਇਸ ਲਈ ਪੰਡਿਤ ਦੀ ਘਰਵਾਲੀ ਗੁਆਂਢ ਤੋਂ ਪਾਨੀ ਲੈ ਆਈ। ਪਾਨੀ ਪੀਕੇ ਪੰਡਿਤ ਨੇ ਕਿਹਾ, "ਆਹ, ਕਿੱਥੋਂ ਲਿਆਂਦਾ ਪਾਨੀ ? ਬੜਾ ਠੰਢਾ!"

ਪੰਡਿਤ ਦੀ ਘਰਵਾਲੀ ਨੇ ਕਿਹਾ, "ਗੁਆਂਢੀ ਘੁਮਾਰਾਂ ਦੇ ਘਰੋਂ।"

ਪੰਡਿਤ ਨੇ ਗੁੱਸੇ ਵਿਚ ਲਾਲ-ਪੀਲਾ ਹੁੰਦਿਆਂ ਗੜਵੀਂ ਸੁੱਟ ਦਿਤੀ ਅਤੇ ਅਪਣੀਆਂ ਭਵਾਂ ਚੜ੍ਹਾ ਕੇ ਜ਼ੋਰ-ਜ਼ੋਰ ਦੀ ਚਿਲਾਉਣ ਲੱਗਿਆ, "ਤੂੰ ਤਾਂ ਮੇਰਾ ਧਰਮ ਭ੍ਰਿਸ਼ਟ ਕਰ ਦਿੱਤਾ, ਘੁਮਾਰ ਦੇ ਘਰ ਦਾ ਪਾਨੀ ਪਿਲਾ ਦਿਤਾ।" ਪੰਡਿਤ ਦੀ ਘਰਵਾਲੀ ਉਸ ਦੇ ਗੁੱਸੇ ਤੋਂ ਡਰ ਕੇ ਥਰ-ਥਰ ਕੰਬਣ ਲੱਗੀ, ਉਸ ਨੇ ਪੰਡਿਤ ਤੋਂ ਮਾਫ਼ੀ ਮੰਗੀ। ਉਸ ਨੇ ਕਿਹਾ, "ਹੁਣ ਮੁੜ ਅਜਿਹੀ ਗ਼ਲਤੀ ਨਹੀਂ ਹੋਵੇਗੀ।"

ਸ਼ਾਮ ਨੂੰ ਜਦੋਂ ਪੰਡਿਤ ਖਾਨਾ ਖਾਣ ਬੈਠਿਆ ਤਾਂ ਉਸ ਦੀ ਘਰਵਾਲੀ ਨੇ ਉਨ੍ਹਾ ਨੂੰ ਸੁੱਕੀਆਂ ਰੋਟੀਆਂ ਪਰੋਸ ਦਿੱਤੀਆਂ।

ਪੰਡਿਤ ਨੇ ਕਿਹਾ, "ਸਾਗ ਨਹੀਂ ਬਣਾਇਆ ?"

ਪੰਡਿਤ ਦੀ ਘਰਵਾਲੀ ਨੇ ਕਿਹਾ, "ਬਣਾਇਆ ਤਾਂ ਸੀ, ਸੁੱਟ ਦਿਤਾ, ਕਿਉਂਕਿ ਜਿਸ ਤੌੜੇ ਵਿਚ ਬਣਾਇਆ ਸੀ, ਉਹ ਘੁਮਾਰ ਨੇ ਬਣਾਇਆ ਸੀ।"

ਪੰਡਿਤ ਨੇ ਕਿਹਾ, "ਤੂੰ ਪਾਗਲ ਹੋ ਗਈ ਏਂ, ਤੌੜੇ ਵਿਚ ਵੀ ਕਿਤੇ ਛੂਆ-ਛੂਤ ਹੁੰਦੀ ਐ ?" ਇਹ ਕਹਿ ਕੇ ਪੰਡਿਤ ਨੇ ਦੋ-ਚਾਰ ਬੁਰਕੀਆਂ ਖਾਧੀਆਂ ਅਤੇ ਗਲਾਸ ਕੁ ਪਾਨੀ ਮੰਗਿਆ।

ਪੰਡਿਤ ਦੀ ਘਰਵਾਲੀ ਨੇ ਕਿਹਾ, "ਪਾਨੀ ਤਾਂ ਹੈ ਨਹੀਂ ਜੀ!" ਪੰਡਿਤ ਨੇ ਪੁੱਛਿਆ, "ਘੜੇ ਕਿੱਥੇ ਗਏ ?" ਪੰਡਿਤ ਦੀ ਘਰਵਾਲੀ ਨੇ ਕਿਹਾ, "ਉਹ ਤਾਂ ਮੈਂ ਸੁੱਟ ਦਿੱਤੇ, ਕਿਉਂਕਿ ਘੁਮਾਰ ਦੇ ਹੱਥ ਦੇ ਬਣੇ ਸੀ।"

ਪੰਡਿਤ ਨੇ ਦੋ-ਚਾਰ ਬੁਰਕੀਆਂ ਹੋਰ ਖਾਧੀਆਂ ਅਤੇ ਬੋਲੇ, "ਦੁੱਧ ਹੀ ਲੈ ਆਉ, ਉਸ ਵਿਚ ਰੋਟੀ ਚੂਰ ਕੇ ਖਾ ਲਵਾਂਗਾ।"

ਪੰਡਿਤ ਦੀ ਘਰਵਾਲੀ ਨੇ ਕਿਹਾ, "ਦੁੱਧ ਵੀ ਡੋਲ ਦਿਤਾ ਜੀ, ਕਿਉਂਕਿ ਗਾਂ ਜਿਸ ਨੂੰ ਨੌਕਰ ਨੇ ਚੋਇਆ ਸੀ, ਨੀਚ ਜਾਤੀ ਦਾ ਸੀ ਨਾ!"

ਪੰਡਤ ਨੇ ਕਿਹਾ, "ਤੂੰ ਤਾਂ ਹੱਦ ਕਰ ਦਿੱਤੀ, ਤੈਨੂੰ ਇਹ ਵੀ ਨਹੀਂ ਪਤਾ ਕਿ ਦੁੱਧ ਨਾਲ ਛੂਤ ਨਹੀਂ ਲਗਦੀ।" ਪੰਡਿਤ ਦੀ ਘਰਵਾਲੀ ਨੇ ਖਿਝਦਿਆਂ ਪੁੱਛਿਆ, "ਇਹ ਕਿਹੋ ਜਿਹੀ ਛੂਤ ਹੈ ਜੀ, ਜੋ ਪਾਨੀ ਤੋਂ ਤਾਂ ਲਗਦੀ ਹੈ, ਪਰ ਦੁੱਧ ਤੋਂ ਨਹੀਂ ਲਗਦੀ।" ਪੰਡਿਤ ਦਾ ਜੀਅ ਕੀਤਾ ਕੰਧ ਵਿਚ ਸਿਰ ਮਾਰ ਕੇ ਭੰਨ ਲਵੇ। ਗੁੱਸੇ ਵਿਚ ਬੋਲੇ, "ਤੂੰ ਮੇਰਾ ਦਿਮਾਗ਼ ਖ਼ਰਾਬ ਨਾ ਕਰ, ਜਾ ਕੇ ਵਿਹੜੇ ਵਿਚ ਮੰਜਾ ਡਾਹ ਦੇ, ਮੈਨੂੰ ਨੀਂਦ ਆ ਰਹੀ ਹੈ।"

ਪੰਡਿਤ ਦੀ ਘਰਵਾਲੀ ਨੇ ਫਿਰ ਉਹੀ ਜਵਾਬ ਦਿਤਾ, "ਮੰਜਾ! ਉਸ ਨੂੰ ਤਾਂ ਮੈਂ ਤੋੜ ਕੇ ਸੁੱਟ ਦਿੱਤਾ, ਕਿਉਂਕਿ ਉਸ ਨੂੰ ਨੀਚ ਜਾਤ ਵਾਲੇ ਨੇ ਬਣਾਇਆ ਤੇ ਬੁਣਿਆ ਸੀ।"

ਪੰਡਿਤ ਜੀ ਫਿਰ ਗੁੱਸੇ ਵਿਚ ਬੋਲੇ, "ਸੱਭ ਕਾਸੇ ਨੂੰ ਅੱਗ ਲਾ ਦਿਓ, ਘਰ ਵਿਚ ਕੁੱਝ ਬਚਿਆ ਵੀ ਹੈ ਜਾਂ ਨਹੀਂ।"

ਪੰਡਿਤ ਦੀ ਘਰਵਾਲੀ ਨੇ ਕਿਹਾ, "ਹਾਂ ਇਹ ਘਰ ਬਚਿਆ ਹੈ, ਇਸ ਨੂੰ ਤੋੜਨਾ ਬਾਕੀ ਹੈ, ਕਿਉਂਕਿ ਇਸ ਨੂੰ ਵੀ ਤਾਂ ਪੱਛੜੀ ਜਾਤੀ ਦੇ ਮਜ਼ਦੂਰਾਂ ਨੇ ਬਣਾਇਆ ਹੈ। "

ਪੰਡਿਤ ਜੀ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ.. ..

# ਵਿਗਿਆਨਕ ਖ਼ਬਰਾਂ



### ✪ ਚਾਰ ਲੱਖ ਸਾਲ ਪੁਰਾਣੇ ਕਤਲ ਦੇ ਮਿਲੇ ਸਬੂਤ

ਮਨੁੱਖ ਦਾ ਸੁਭਾਅ ਕਿਵੇਂ ਸ਼ੁਰੂ ਤੋਂ ਹੀ ਹਿੰਸਕ ਰਿਹਾ ਹੈ, ਇਸ ਦਾ ਅੰਦਾਜ਼ਾ ਅੱਜ ਤੋਂ ਲੱਖਾਂ ਸਾਲ ਪਹਿਲਾਂ ਹੋਏ ਇਕ ਕਤਲ ਤੋਂ ਲਾਇਆ ਜਾ ਸਕਦਾ ਹੈ। ਉਤਰੀ ਸਪੇਨ ਦੀ ਇਕ ਗੁਫ਼ਾ ਵਿਚ 4 ਲੱਖ 30 ਹਜ਼ਾਰ ਸਾਲ ਪਹਿਲਾਂ ਹੋਏ ਜਾਨਲੇਵਾ ਹਮਲੇ ਦਾ ਸਬੂਤ ਮਿਲਿਆ ਹੈ। ਪਿਟ ਆਫ਼ ਬੋਨਜ਼ ਨਾਮਕ ਖ਼ੁਦਾਈ ਸਥਾਨ ’ਤੇ ਵਿਗਿਆਨੀਆਂ ਨੂੰ ਘੱਟ ਤੋਂ ਘੱਟ 28 ਲੋਕਾਂ ਦੇ ਅਵਸ਼ੇਸ਼ ਮਿਲੇ ਹਨ। ਖੋਜਕਰਤਾਵਾਂ ਨੇ ਇਨ੍ਹਾਂ ਦੀ ਖੋਪੜੀ ਦਾ ਅਧਿਐਨ ਕੀਤਾ ਹੈ। ਇਨ੍ਹਾਂ ਖੋਪੜੀਆਂ ਦਾ ਸੀ.ਟੀ. ਸਕੈਨ ਕਰਨ ਮਗਰੋਂ ਵਿਗਿਆਨੀਆਂ ਦਾ ਮੱਤ ਹੈ ਕਿ ਇਸ ਖੋਪੜੀ ’ਤੇ ਦੋ ਗੰਭੀਰ ਸੱਟਾਂ ਲੱਗੀਆਂ ਹੋਈਆਂ ਹਨ। ਇਨ੍ਹਾਂ ਸੱਟਾਂ ਤੋਂ ਪਤਾ ਚੱਲਦਾ ਹੈ ਕਿ ਇਹ ‘ਜਾਨ ਲੈਣ ਦੇ ਮਕਸਦ’ ਨਾਲ ਮਾਰੀਆਂ ਗਈਆਂ ਹਨ। ਇਸ ਅਧਿਐਨ ਦੇ ਨਤੀਜੇ ‘ਪਲਸ ਦ ਵਨ ਜਰਨਲ’ ਵਿਚ ਪ੍ਰਕਾਸ਼ਤ ਹੋਈਆਂ ਹਨ। ਜਿਸ ਥਾਂ ਤੋਂ ਅਵਸ਼ੇਸ਼ ਮਿਲੇ ਹਨ, ਵਿਗਿਆਨੀ ਉਸ ਦਾ ਪਿਛਲੇ ਤਿੰਨ ਦਹਾਕਿਆਂ ਤੋਂ ਅਧਿਐਨ ਕਰ ਰਹੇ ਹਨ। ਸਾਲ 2013 ਵਿਚ ਇਥੇ ਮਿਲੀ ‘ਇਕ ਹੱਡੀ ਤੋਂ ਲਏ ਗਏ ਡੀ.ਐਨ.ਏ.’ ਤੋਂ ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਇਹ ਅਵਸੇਸ਼, ਨੀਐਂਡਰਥਰਾਲ ਵੰਸ਼ਾਵਲੀ ਦੇ ਮਾਨਵ ਦੇ ਸ਼ੁਰੂਆਤੀ ਵੰਸ਼ਾਂ ਦੇ ਹਨ। ਖੋਜਕਰਤਾਵਾਂ ਨੇ ਅਪਣੇ ਖੋਜ-ਪੱਤਰ ਵਿਚ ਕਿਹਾ ਕਿ ਸੰਭਾਵਨਾ ਹੈ ਕਿ ਇਸ ਤਰ੍ਹਾਂ ਦੀ ਹਿੰਸਾ ਉਸ ਸਮੇਂ ਦੇ ਸਮਾਜਕ ਵਰਤਾਰੇ ਦਾ ਹਿੱਸਾ ਹੋਵੇ।

### ✪ ਫੇਫੜੇ ਦੇ ਕੈਂਸਰ ਦੇ ਇਲਾਜ ਲਈ ‘ਨਵੀਂ ਉਮੀਦ’

ਫੇਫੜੇ ਦੇ ਕੈਂਸਰ ਨਾਲ ਹਰ ਸਾਲ 16 ਲੱਖ ਲੋਕ ਮਰ ਜਾਂਦੇ ਹਨ। ਇਸ ਕੈਂਸਰ ਨੂੰ ਰੋਕਨ ਲਈ ਕੁੱਝ ਮਰੀਜ਼ਾਂ ਵਿਚ ਨਾਈਵੋਲੂਮੈਬ ਨਾਮ ਦੀ ਦਵਾਈ ਉਨ੍ਹਾਂ ਨੂੰ ਜ਼ਿੰਦਾ ਰੱਖਣ ਦੀ ਸੰਭਾਵਨਾ ਨੂੰ ਦੁੱਗਣਾ ਕਰਦੀ ਵੇਖੀ ਗਈ ਹੈ। ਨਾਈਵੋਲੂਮੈਬ ਸਰੀਰ ਦੇ ਅੰਦਰ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਕਾਇਮ ਰੱਖ ਕੇ ਕੈਂਸਰ ਦੀਆਂ ਕੋਸ਼ਕਾਵਾਂ ਨੂੰ ਵਧਣ ਤੋਂ ਰੋਕਦੀ ਹੈ, ਪਰ ਸਰੀਰ ਵਿਚ ਲੜਨ ਦੀ ਸ਼ਕਤੀ ਵਿਚ ਖ਼ਰਾਬੀ ਆਉਣ ਮਗਰੋਂ ਇਸ ਦਾ ਦੂਜੇ ਹਿੱਸਿਆਂ ’ਤੇ ਬੁਰਾ ਅਸਰ ਪੈਂਦਾ ਹੈ। ਇਹ ਨਤੀਜਾ 582 ਲੋਕਾਂ ’ਤੇ ਅਧਿਐਨ ਮਗਰੋਂ ਕੱਢਿਆ ਗਿਆ ਹੈ। ਇਸ ਅਧਿਐਨ ਨੂੰ ਅਮਰੀਕਨ ਸੁਸਾਇਟੀ ਆਫ਼ ਕਲੀਨੀਕਲ ਆਂਕੋਲਾਜੀ ਵਿਚ ਪੇਸ਼ ਕਰਦਿਆਂ ‘ਮਰੀਜ਼ਾਂ ਲਈ ਅਸਲ ਉਮੀਦ’ ਦਸਿਆ ਗਿਆ ਹੈ। ਫੇਫੜੇ ਦੇ ਕੈਂਸਰ ਦਾ ਇਲਾਜ ਮੁਸ਼ਕਲ ਹੁੰਦਾ ਹੈ, ਕਿਉਂਕਿ ਅਕਸਰ ਇਸ ਦਾ ਦੇਰ ਨਾਲ ਪਤਾ ਚੱਲਦਾ ਹੈ ਅਤੇ ਕਈ ਲੋਕਾਂ ਦੀ ਸਰਜਰੀ ਵੀ ਸੰਭਵ ਨਹੀਂ ਹੁੰਦੀ।

### ✪ ਸਮੁੰਦਰੀ ਜੀਵਾਂ ਦੀਆਂ ਦੋ ਲੱਖ ਨਵੀਆਂ ਪ੍ਰਜਾਤੀਆਂ ਲੱਭੀਆਂ

ਧਰਤੀ ਵਾਂਗ ਸਮੁੰਦਰ ਵੀ ਬਹੁਤ ਵਿਸ਼ਾਲ ਹੈ। ਸਾਨੂੰ ਨਾ ਤਾਂ ਧਰਤੀ ਦੇ ਜੀਵਾਂ ਅਤੇ ਪੌਦਿਆਂ ਬਾਰੇ ਜ਼ਿਆਦਾ ਜਾਣਕਾਰੀ ਹੈ ਅਤੇ ਨਾ ਹੀ ਸਮੁੰਦਰ ਵਿਚ ਰਹਿ ਰਹੇ ਜੀਵਾਂ ਅਤੇ ਪੌਦਿਆਂ ਬਾਰੇ, ਪਰ ਕੁੱਝ ਜੀਵ ਵਿਗਿਆਨੀ ਇਨ੍ਹਾਂ ਦੀ ਖੋਜ ਵਿਚ ਹਮੇਸ਼ਾ ਯਤਨਸ਼ੀਲ ਹਨ। ਅਜਿਹੇ ਹੀ ਇਕ ਵਿਗਿਆਨੀਆਂ ਦੀ ਟੀਮ ਨੇ ਸਮੁੰਦਰ ਵਿਚ 2 ਲੱਖ ਨਵੀਆਂ ਪ੍ਰਜਾਤੀਆਂ ਦੀ ਖੋਜ ਕੀਤੀ ਹੈ। ‘ਸਾਇੰਸ’ ਨਾਮਕ ਮੈਗਜ਼ੀਨ ਵਿਚ ਪ੍ਰਕਾਸ਼ਤ ਇਕ ਰੀਪੋਰਟ ਮੁਤਾਬਕ ਪਿਛਲੇ ਤਿੰਨ ਸਾਲਾਂ ਦੇ ਅਧਿਐਨ ਤੋਂ ਬਾਅਦ ਵਿਗਿਆਨੀਆਂ ਦੀ ਇਕ ਕੌਮਾਂਤਰੀ ਟੀਮ ਨੇ ਹੁਣ ਤਕ ਬੈਕਟੀਰੀਆਂ ਦੀਆਂ 35 ਹਜ਼ਾਰ ਪ੍ਰਜਾਤੀਆਂ, ਵਾਇਰਸ ਦੀਆਂ ਪੰਜ ਹਜ਼ਾਰ ਅਤੇ ਇਕ ਕੋਸ਼ਿਕਾ ਵਾਲੇ ਪੌਦਿਆਂ ਦੀਆਂ ਕਰੀਬ ਡੇਢ ਲੱਖ ਪ੍ਰਜਾਤੀਆਂ ਲੱਭੀਆਂ ਹਨ। ਨੈਸ਼ਨਲ ਸੈਂਟਰ ਫ਼ਾਰ ਸਾਇੰਟੀਫ਼ਿਕ ਰਿਸਰਚ (ਸੀ.ਐਨ.ਆਰ.ਐਸ.) ਦੇ ਵਿਗਿਆਨੀਆਂ ਦਾ ਮੰਨਣਾ ਹੈ ਕਿ ਇਸ ਦੀਆਂ ਜ਼ਿਆਦਾਤਰ ਪ੍ਰਜਾਤੀਆਂ ਬਾਰੇ ਵਿਗਿਆਨ- ਜਗਤ ਨੂੰ ਪਹਿਲਾਂ ਨਹੀਂ ਪਤਾ ਸੀ। ਇਸ ਸੰਸਥਾ ਨਾਲ ਸਬੰਧਤ ਡਾ. ਕ੍ਰਿਸ ਬੋਲਰ ਦਾ ਕਹਿਣਾ ਹੈ ਕਿ ਪਲੈਂਕਟਾਨਿਕ ਜੀਵਾਂ ਬਾਰੇ ਫਿਲਹਾਲ ਅਜੇ ਤਕ ਉਨ੍ਹਾਂ ਕੋਲ ਸੱਭ ਤੋਂ ਵੱਧ ਜਾਣਕਾਰੀ ਹੈ।

ਪਲੈਂਕਟਾਨਿਕ ਜੀਵ ਭਾਵੇਂ ਛੋਟੇ ਹੁੰਦੇ ਹਨ, ਪਰ ਸਮੁੰਦਰੀ ਜੀਵਨ ਦਾ ਕਰੀਬ 90 ਫ਼ੀ ਸਦੀ ਹਿੱਸਾ ਇਨ੍ਹਾਂ ਦਾ ਹੀ ਬਣਦਾ ਹੈ। ਇਸ ਵਿਚ ਵਾਇਰਸ, ਇਕ ਕੋਸ਼ਿਕਾ ਪੌਦੇ ਅਤੇ ਪ੍ਰੋਟੋਜ਼ੋਆ ਸ਼ਾਮਲ ਹੁੰਦੇ ਹਨ। ਪਲੈਂਕਟਨ ਫ਼ੂਡ ਚੈਨ ਦੀ ਬੁਨਿਆਦ ਮੰਨੇ ਜਾਂਦੇ ਹਨ, ਹਾਲਾਂਕਿ ਹੁਣ ਤਕ ਇਨ੍ਹਾਂ ਬਾਰੇ ਬਹੁਤ ਘੱਟ ਪਤਾ ਸੀ।

ਫ਼ਰੈਂਚ ਫ਼ੈਸ਼ਨ ਡਿਜ਼ਾਈਨਰ ਐਗਨਸ ਬੀ ਨੇ ‘ਤਾਰਾ ਮੁਹਿਮ’ ਰਾਹੀਂ ਪਲੈਂਕਟਨ ਬਾਰੇ ਜਾਣਕਾਰੀ ਜੁਟਾਉਣ ਦੀ ਮੁਹਿਮ ਚਲਾਈ ਸੀ। ਇਸ ਵਿਚ 2009 ਤੋਂ ਲੈ ਕੇ 2013 ਤਕ ਕਈ ਦੇਸ਼ਾਂ ਦੇ ਵਿਗਿਆਨੀਆਂ ਨੇ ਹਿੱਸਾ ਲਿਆ। ਵਿਗਿਆਨੀਆਂ ਦੀ ਇਸ ਟੀਮ ਨੇ ਮਹਾਸਾਗਰਾਂ ਵਿਚ ਕਰੀਬ 30 ਹਜ਼ਾਰ ਕਿਲੋਮੀਟਰ ਦੀ ਯਾਤਰਾ ਕੀਤੀ ਅਤੇ 35 ਹਜ਼ਾਰ ਨਮੂਨੇ ਲਏ। ਇਹ ਨਮੂਨੇ ਸਮੁੰਦਰ ਦੀ ਉਪਰੀ ਸਤ੍ਹਾ ਤੋਂ ਲੈ ਕੇ ਇਕ ਹਜ਼ਾਰ ਮੀਟਰ ਹੇਠਾਂ ਤਕ ਲਏ ਗਏ। ਇਸ ਖੋਜ ਮੁਹਿਮ ’ਤੇ ਕਰੀਬ 14 ਅਰਬ ਰੁਪਏ ਖ਼ਰਚ ਆਇਆ ਹੈ।

### ✪ ਮਰੀਜ਼ ਦੇ ਗੁਰਦੇ ’ਚੋਂ ਨਿਕਲੇ 420 ਪੱਥਰ

ਕਿਆਨਜਿਆਂਗ ਇਵਨਿੰਗ ਪੋਸਟ ਅਖ਼ਬਾਰ ਅਨੁਸਾਰ, ਚੀਨ ਦੇ ਪੂਰਬੀ ਝੇਜਿਆਂਗ ਸੂਬੇ ਵਿਚ ਡੋਂਗਯਾਂਗ ਦੇ ਇਕ ਹਸਪਤਾਲ ਵਿਚ ਦੋ ਘੰਟੇ ਚੱਲੇ ਆਪ੍ਰੇਸ਼ਨ ਦੌਰਾਨ ‘ਹੀ’ ਨਾਮੀ ਵਿਅਕਤੀ ਦੇ ਗੁਰਦੇ ਵਿਚੋਂ 420 ਪੱਥਰ ਨਿਕਲੇ ਹਨ। ਹਸਪਤਾਲ ਦੇ ਡਾਕਟਰ ਵੀ ਯੂਬਿਨ ਕਹਿੰਦੇ ਹਨ ਕਿ ਸੋਆ ਉਤਪਾਦ, ਖ਼ਾਸ ਤੌਰ ’ਤੇ ਜਿਪਸਮ ਟੋਫ਼ੂ ਵਿਚ ਕੈਲਸ਼ੀਅਮ ਬਹੁਤ ਜ਼ਿਆਦਾ ਮਾਤਰਾ ਵਿਚ ਹੁੰਦਾ ਹੈ। ਵੱਧ ਮਾਤਰਾ ਵਿਚ ਇਸ ਨੂੰ ਖਾਣ ਵਾਲੇ ਨੂੰ ਉਸੇ ਹਿਸਾਬ ਨਾਲ ਪਾਣੀ ਪੀਣਾ ਹੁੰਦਾ ਹੈ ਤਾਂ ਕਿ ਇਹ ਸਰੀਰ ਤੋਂ ਬਾਹਰ ਨਿਕਲ ਸਕੇ।”

ਹੀ ਮਈ ਮਹੀਨੇ ਵਿਚ ਡਾਕਟਰ ਕੋਲ ਪੇਟ ਦਰਦ ਦੀ ਸ਼ਿਕਾਇਤ ਲੈ ਕੇ ਆਇਆ ਸੀ। ਉਸ ਤੋਂ ਬਾਅਦ ਹੋਏ ਸੀ.ਟੀ. ਸਕੈਨ ਵਿਚ ਪਤਾ ਚੱਲਿਆ ਹੈ ਕਿ ਉਨ੍ਹਾਂ ਦਾ ਸੱਜਾ ਗੁਰਦਾ ਪੱਥਰਾਂ ਨਾਲ ਭਰਿਆ ਹੋਇਆ ਹੈ। ਡਾਕਟਰਾਂ ਨੇ ਕਿਹਾ ਕਿ ਜੇਕਰ ਮਰੀਜ਼ ਹੀ ਨੇ ਕੁੱਝ ਦੇਰ ਹੋਰ ਕਰ ਦਿੱਤੀ ਹੁੰਦੀ ਤਾਂ ਉਸ ਦੇ ਗੁਰਦੇ ਨੂੰ ਕੱਢਣਾ ਪੈਂਦਾ। ਗੁਰਦੇ ਵਿਚ 420 ਪੱਥਰ ਹੋਣੇ ਬਹੁਤ ਜ਼ਿਆਦਾ ਗਿਣਤੀ ਲਗਦੀ ਹੈ, ਪਰ ਇਹ ਵਿਸ਼ਵ ਰਿਕਾਰਡ ਤੋਂ ਬਹੁਤ ਘੱਟ ਹੈ। ਗਿੰਨੀਜ਼ ਬੁੱਕ ਆਫ਼ ਵਰਲਡ



ਰਿਕਾਰਡਜ਼ ਮੁਤਾਬਕ, 2009 ਵਿਚ ਭਾਰਤ ਵਿਚ ਇਕ ਡਾਕਟਰ ਨੇ ਤਿੰਨ ਘੰਟਿਆਂ ਦੇ ਆਪ੍ਰੇਸ਼ਨ ਦੌਰਾਨ ਇਕ ਮਰੀਜ਼ ਦੇ ਖੱਬੇ ਗੁਰਦੇ ਵਿਚੋਂ ਇਕ ਲੱਖ 72 ਹਜ਼ਾਰ 155 ਪੱਥਰ ਕੱਢੇ ਸਨ।

### ✪ ਪੁਰਾਤਨ ਮਨੁੱਖ ਦੀ ਇਕ ਨਵੀਂ ਪ੍ਰਜਾਤੀ ਦਾ ਪਤਾ ਚੱਲਿਆ

ਇਥੋਪੀਆ ਦੇ ਅਫ਼ਾਰ ਖੇਤਰ ਵਿਚ ਪੁਰਾਤਨ ਮਨੁੱਖ ਦੀ ਇਕ ਨਵੀਂ ਪ੍ਰਜਾਤੀ ਦਾ ਪਤਾ ਚੱਲਿਆ ਹੈ। ਖੋਜਕਰਤਾਵਾਂ ਨੂੰ 33 ਤੋਂ 35 ਲੱਖ ਸਾਲ ਪੁਰਾਣੀਆਂ ਜਬਾੜੇ ਦੀਆਂ ਹੱਡੀਆਂ ਅਤੇ ਦੰਦ ਮਿਲੇ ਹਨ। ਇਸ ਦਾ ਅਰਥ ਹੈ ਕਿ ਇਹ ਨਵਾਂ ਹੋਮਿਨਿਨ ਉਸ ਵਕਤ ਦਾ ਹੈ, ਜਦੋਂ ਦੂਸਰੀਆਂ ਪੁਰਾਤਨ ਮਨੁੱਖੀ ਪ੍ਰਜਾਤੀਆਂ ਜ਼ਿੰਦਾ ਸਨ। ਹੋਮਿਨਿਨ ਮਾਨਵ ਵਾਂਗ ਖੜ੍ਹੇ ਹੋ ਕੇ ਚੱਲਣ ਵਾਲੀ ਜਾਤੀ ਸੀ। ਇਸ ਤੋਂ ਇਹ ਵੀ ਪਤਾ ਚਲਦਾ ਹੈ ਕਿ ਇਨਸਾਨ ਦੀ ਪਰਿਵਾਰਕ ਮਜ਼ਬੂਤੀ (ਫ਼ੈਮਿਲੀ ਟ੍ਰੀ) ਸਾਡੇ ਤੋਂ ਕਿਤੇ ਜ਼ਿਆਦਾ ਜਟਿਲ ਹੈ। ਇਹ ਅਧਿਐਨ 'ਨੇਚਰ ਜਨਰਲ' ਵਿਚ ਛਪਿਆ ਹੈ। ਇਸ ਨਵੀਂ ਪ੍ਰਜਾਤੀ ਦਾ ਨਾਮ ਆਸਟ੍ਰੇਲੋਪਿਥਿਕਸ ਡੇਯੀਰੇਮੇਡਾ ਹੈ, ਜਿਸ ਦਾ ਅਰਥ ਅਫ਼ਾਰ ਦੇ ਲੋਕਾਂ ਦੀ ਭਾਸ਼ਾ ਵਿਚ 'ਨਜ਼ਦੀਕੀ ਸਬੰਧੀ' ਹੈ। ਜਿਹੜੇ ਪੁਰਾਤਨ ਅਵਸ਼ੇਸ ਪਾਏ ਗਏ ਹਨ, ਉਹ ਇਸ ਪ੍ਰਜਾਤੀ ਦੇ ਚਾਰ ਮੈਂਬਰਾਂ ਦੇ ਹਨ। ਇਨ੍ਹਾਂ ਵਿਚ ਬਾਂਦਰ ਅਤੇ ਮਾਨਵ ਵਰਗੀਆਂ ਵਿਸ਼ੇਸ਼ਤਾਵਾਂ ਰਹੀਆਂ ਹੋਣਗੀਆਂ।

ਇਨ੍ਹਾ ਅਵਸ਼ੇਸਾਂ ਦੀ ਜਿਹੜੀ ਉਮਰ ਹੈ, ਉਸ ਤੋਂ ਲਗਦਾ ਹੈ ਕਿ ਇਹ ਸ਼ੁਰੂਆਤੀ ਇਨਸਾਨਾਂ ਦੀਆਂ ਉਨ੍ਹਾਂ ਚਾਰ ਪ੍ਰਜਾਤੀਆਂ ਦੇ ਸਮਕਾਲੀਨ ਸਨ, ਜੋ ਇਕ ਹੀ ਕਾਲ ਦੇ ਸਨ। ਇਨ੍ਹਾਂ ਵਿਚ ਸੱਭ ਤੋਂ ਪ੍ਰਸਿੱਧ ਆਸਟ੍ਰੇਲੋਪਿਥਿਕਸ ਅਫ਼ਾਰੇਂਸਿਸ ਹੈ। ਇਸ ਨੂੰ ਲੂਸੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਪਹਿਲਾਂ ਲੂਸੀ ਨੂੰ ਇਨਸਾਨਾਂ ਦਾ ਸੱਭ ਤੋਂ ਨੇੜਲਾ ਪੂਰਵਜ ਮੰਨਿਆ ਜਾਂਦਾ ਸੀ। ਇਸ ਦਾ ਜੀਵਨ ਕਾਲ 29 ਲੱਖ ਤੋਂ 38 ਲੱਖ ਸਾਲ ਦੇ ਵਿਚਾਲੇ ਸੀ। ਪਰ ਕੀਨੀਆ ਵਿਚ 2001 ਵਿਚ ਕੀਨੀਅਨਥ੍ਰਾਪਸ ਪਲੈਟੀਆਪਸ, ਚਾਡ ਵਿਚ ਆਸਟ੍ਰੇਲੋਪਿਥਿਕਸ ਬਹਿਰੇਲਗ਼ੈਜ਼ੈਲੀ ਅਤੇ ਹੁਣ ਆਸਟ੍ਰੇਲੋਪਿਥਿਕਸ ਡੇਯੀਰੇਮੇਡਾ ਦੀ ਖੋਜ ਤੋਂ ਪਤਾ ਚੱਲਿਆ ਹੈ ਕਿ ਕਈ ਪ੍ਰਜਾਤੀਆਂ ਇਕੱਠੀਆਂ ਹੋਂਦ ਵਿਚ ਸਨ।

### ✪ ਕਬਜ਼ਾ ਨਾ ਹਟਾਉਣ 'ਤੇ ਹਨੂਮਾਨ ਨੂੰ ਨੋਟਿਸ

ਇਹ ਤਾਂ ਹਰ ਇਕ ਨੂੰ ਪਤਾ ਹੈ ਕਿ ਜਦੋਂ ਕੋਈ ਸਰਕਾਰੀ ਜ਼ਮੀਨ ਜਾਂ ਸ਼ਾਮਲਾਟ 'ਤੇ ਕਬਜ਼ਾ ਕਰਦਾ ਹੈ ਤਾਂ ਸਬੰਧਤ ਵਿਅਕਤੀ ਜਾਂ ਸੰਸਥਾ ਨੂੰ ਇਸ ਸਬੰਧੀ ਨੋਟਿਸ ਕੱਢਿਆ ਜਾਂਦਾ ਹੈ। ਜਦੋਂ ਕੋਈ ਧਾਰਮਕ ਸੰਸਥਾ ਸਰਕਾਰੀ ਜ਼ਮੀਨ ਨੂੰ ਹੜੱਪਣ ਦੀ ਕੋਸ਼ਿਸ਼ ਕਰਦੀ ਹੈ ਤਾਂ ਵੀ ਅਜਿਹਾ ਹੀ ਕੀਤਾ ਜਾਂਦਾ ਹੈ। ਪਰ ਮੱਧ ਪ੍ਰਦੇਸ਼ ਸੂਬੇ ਦੇ ਜ਼ਿਲ੍ਹੇ ਗਵਾਲੀਅਰ ਦੀ ਭਿੰਡ ਨਗਰਪਾਲਿਕਾ ਨੇ ਸਥਾਨਕ ਸ਼ਹਿਰ ਦੇ ਬਜਰੀਆ ਵਿਚ ਸਥਿਤ ਹਨੂਮਾਨ ਮੰਦਰ ਵਲੋਂ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰਨ ਨੂੰ ਲੈ ਕੇ ਸਿੱਧਾ 'ਭਗਵਾਨ' ਹਨੂਮਾਨ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।

ਮੰਦਰ 'ਤੇ ਚਿਪਕਾਏ ਗਏ ਨੋਟਿਸ ਵਿਚ ਨਗਰਪਾਲਿਕਾ ਨੇ ਹਨੂਮਾਨ ਨੂੰ ਸੰਬੋਧਤ ਕਰਦਿਆਂ ਲਿਖਿਆ ਹੈ ਕਿ ਉਨ੍ਹਾਂ ਵਲੋਂ ਸੜਕ 'ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਜਿਸ ਕਾਰਨ ਆਏ ਦਿਨ ਹਾਦਸੇ ਵਾਪਰ ਰਹੇ ਹਨ। ਇਸ ਵਿਚ ਲਿਖਿਆ ਹੈ, "ਤੁਹਾਨੂੰ (ਹਨੂਮਾਨ ਨੂੰ) ਪਹਿਲਾਂ ਵੀ ਇਸ ਸਬੰਧੀ ਕਈ ਵਾਰ ਨੋਟਿਸ ਭੇਜਿਆ ਜਾ ਚੁੱਕਿਆ ਹੈ, ਪਰ ਤੁਸੀਂ ਨੋਟਿਸਾਂ ਦਾ ਕੋਈ ਜਵਾਬ ਨਹੀਂ ਦਿੱਤਾ।" ਨੋਟਿਸ ਵਿਚ ਹਨੂਮਾਨ ਨੂੰ ਕਬਜ਼ਾ ਹਟਾਉਣ ਲਈ ਸੱਤ ਦਿਨਾਂ ਦੀ ਮੋਹਲਤ ਦਿੱਤੀ ਗਈ ਹੈ ਅਤੇ ਕਬਜ਼ਾ ਨਾ ਹਟਾਉਣ 'ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੀ ਚਿਤਾਵਨੀ ਵੀ ਦਿੱਤੀ ਗਈ ਹੈ। ਇਸ ਨੋਟਿਸ 'ਤੇ ਨਗਰ ਪਾਲਿਕਾ ਦੇ ਅਧਿਕਾਰੀ ਦੇ ਦਸਤਖ਼ਤ ਹਨ।

ਕਵਿਤਾ

## ਪੰਜਾਬ ਸਿਆਂ

ਪੰਜਾਬ ਸਿਆਂ ਤੈਨੂੰ ਘੇਰਨ ਲਈ
ਤੇਰੀ ਰਹਿੰਦੀ ਖੱਲ ਉਧੇੜਨ ਲਈ
ਇਸ ਖਾਲੀ ਖੂਹ ਨੂੰ ਗੇੜਨ ਲਈ
ਇੱਕੋ ਅਬਦਾਲੀ ਕਾਫੀ ਸੀ,
ਤੂੰ ਕੀ ਬਾਦਲ ਤੋਂ ਲੈਣਾ ਸੀ, ਤੈਨੂੰ ਕਿਹੜਾ ਘਾਟਾ ਪੈਣਾ ਸੀ?
ਤੈਨੂੰ ਠੱਗਣ ਲਈ ਤੈਨੂੰ ਲੁੱਟਣ ਲਈ
ਤੇਰੇ ਪੁੱਤਰ ਧੀਆਂ ਕੁੱਟਣ ਲਈ
ਤੈਨੂੰ ਅੰਨ੍ਹੇ ਖੂਹ ਵਿੱਚ ਸੁੱਟਣ ਲਈ
ਇਕੋ ਅਬਦਾਲੀ ਕਾਫੀ ਸੀ,
ਤੂੰ ਕੀ ਬਾਦਲ ਤੋਂ ਲੈਣਾ ਸੀ, ਤੈਨੂੰ ਕਿਹੜਾ ਘਾਟਾ ਪੈਣਾ ਸੀ?
ਤੈਨੂੰ ਨਸ਼ਿਆਂ ਦੇ ਵਿਚ ਡੋਬਣ ਲਈ
ਤੈਨੂੰ ਨੰਗਿਆਂ ਕਰ ਕੇ ਭੋਗਣ ਲਈ
ਤੇਰੇ ਅੰਗ-ਅੰਗ ਸੂਲਾਂ ਚੋਭਣ ਲਈ
ਇੱਕ ਅਬਦਾਲੀ ਕਾਫੀ ਸੀ
ਤੂੰ ਕੀ ਬਾਦਲ ਤੋਂ ਲੈਣਾ ਸੀ, ਤੈਨੂੰ ਕਿਹੜਾ ਘਾਟਾ ਪੈਣਾ ਸੀ?
ਥਾਣਿਆਂ ਵਿਚ ਗਰਭ ਗਿਰਾਵਣ ਲਈ
ਹਸਪਤਾਲਾਂ ਵਿਚ ਡਾਂਗ ਚਲਾਵਣ ਲਈ
ਸੜਕਾਂ 'ਤੇ ਇੱਜ਼ਤਾਂ ਲਾਹਵਣ ਲਈ
ਇੱਕੋ ਅਬਦਾਲੀ ਕਾਫ਼ੀ ਸੀ
ਤੂੰ ਕੀ ਬਾਦਲ ਤੋਂ ਲੈਣਾ ਸੀ, ਤੈਨੂੰ ਕਿਹੜਾ ਘਾਟਾ ਪੈਣਾ ਸੀ?
ਦਰਿਆਵੀਂ ਜ਼ਹਿਰ ਮਿਲਾਵਣ ਲਈ
ਹੱਕ ਖੋਹ ਕੇ ਬੇਗਾਨੇ ਖਾਵਣ ਲਈ
ਬੰਦਾ ਦਰਵੇਸ਼ ਕਹਾਵਣ ਲਈ
ਇੱਕੋ ਅਬਦਾਲੀ ਕਾਫ਼ੀ ਸੀ
ਤੂੰ ਕੀ ਬਾਦਲ ਤੋਂ ਲੈਣਾ ਸੀ, ਤੈਨੂੰ ਕਿਹੜਾ ਘਾਟਾ ਪੈਣਾ ਸੀ?
ਤੂੰ ਭਗਤ ਸਰਾਭੇ ਵੀ ਜੰਮੇ
ਤੂੰ ਗਦਰੀ ਬਾਬੇ ਵੀ ਜੰਮੇ
ਤੇਰਾ ਕੀ ਇਹਦੇ ਬਿਨ ਥੁੜ੍ਹਿਆ ਸੀ, ਤੂੰ ਕੀ ਏਹਦੇ ਤੋਂ ਲੈਣਾ ਸੀ
ਪੰਜਾਬ ਸਿਆਂ ਤੈਨੂੰ ਲੁੱਟਣ ਲਈ
ਇੱਕੋ ਅਬਦਾਲੀ ਕਾਫ਼ੀ ਸੀ, ਤੂੰ ਕੀ ਬਾਦਲ ਤੋਂ ਲੈਣਾ ਸੀ।

**ਸੁਰਜੀਤ 'ਗਗ' @ 94633-89628**

# ਪੱਥਰੀ ਰੋਗ: ਕਾਰਣ, ਲੱਛਣ ਤੇ ਇਲਾਜ




ਇੱਕ ਸਦੀ ਪਹਿਲਾਂ ਯੂਰਪ ਤੇ ਅਮਰੀਕਾ 'ਚ ਪਥਰੀ ਦੀ ਬੀਮਾਰੀ ਦਾ ਬਹੁਤ ਜੋਰ ਸੀ ਪਰ ਹੁਣ ਉਥੇ ਇਸ ਦਾ ਜੋਰ ਘਟ ਗਿਆ ਹੈ ਅਤੇ ਨੌਜਵਾਨਾਂ ਦੀ ਬਜਾਏ ਬਜ਼ੁਰਗ ਲੋਕਾਂ 'ਚ ਸਿਰਫ਼ ਥੋੜ੍ਹਿਆ ਨੂੰ ਹੀ ਇਹ ਰੋਗ ਹੁੰਦਾ ਹੈ। ਅੱਜਕਲ ਪੱਥਰੀ ਰੋਗ ਜ਼ਿਆਦਾਤਰ ਭਾਰਤ, ਚੀਨ, ਮਿਸ਼ਰ, ਸਵੀਡਨ ਤੇ ਮੱਧ ਏਸ਼ੀਆ ਦੇ ਨਿਵਾਸੀਆਂ ਨੂੰ ਹੁੰਦਾ ਹੈ। ਦਰਅਸਲ ਭੂਗੋਲਿਕ ਸਥਿਤੀ ਇਸ ਰੋਗ ਦੇ ਵਧਣ ਫੁੱਲਣ ਲਈ ਜ਼ਿਆਦਾ ਜ਼ੁੰਮੇਵਾਰ ਹੈ। ਠੰਡੇ ਦੇਸ਼ਾਂ ਦੀ ਬਜਾਏ ਗਰਮ ਦੇਸ਼ਾਂ 'ਚ ਇਸ ਦਾ ਪ੍ਰਕੋਪ ਵੱਧ ਹੈ। ਸ਼ਾਇਦ ਇਸ ਦੀ ਇੱਕ ਵਜਾਹ ਇਹ ਵੀ ਹੋ ਸਕਦੀ ਹੈ ਕਿ ਗਰਮ ਦੇਸ਼ਾਂ ਦੇ ਲੋਕਾਂ ਨੂੰ ਪਸੀਨਾ ਵੱਧ ਆਉਂਦਾ ਹੈ ਜਿਸ ਕਰਕੇ ਪੇਸ਼ਾਬ ਘੱਟ ਕੇ ਗਾੜਾ ਹੋ ਜਾਂਦਾ ਹੈ ਜਿਸ ਨਾਲ ਅੰਦਰ ਦੇ ਮਲ ਪੂਰੀ ਤਰ੍ਹਾਂ ਪੇਸ਼ਾਬ 'ਚ ਘੁਲਦੇ ਨਹੀਂ ਤੇ ਅੰਦਰ ਹੀ ਜਮ੍ਹਾਂ ਹੋ ਕੇ ਰਹਿ ਜਾਂਦੇ ਹਨ। ਕੁਝ ਮਾਹਰ ਪੱਥਰੀ ਰੋਗ ਬਾਰੇ ਇੱਕ ਜਾਣਕਾਰੀ ਹੋਰ ਦਿੰਦੇ ਹੋਏ ਕਹਿੰਦੇ ਹਨ ਕਿ ਭੂਗੋਲਿਕ ਸਥਿਤੀ ਦਾ ਸਬੰਧ ਨਾ ਸਿਰਫ ਪਥਰੀ ਬਣਨ ਨਾਲ ਬਲਕਿ ਉਸ ਦੀ ਕਿਸਮ ਦੇ ਨਾਲ ਵੀ ਹੈ। ਮਸਲਨ ਯੂਰਪ ਤੇ ਅਮਰੀਕਾ 'ਚ ਬਜ਼ੁਰਗਾਂ ਨੂੰ ਇਹ ਰੋਗ ਜ਼ਿਆਦਾਤਰ ਹੁੰਦਾ ਹੈ, ਉਥੇ ਏਸ਼ੀਆਈ ਦੇਸ਼ਾਂ 'ਚ ਪੱਥਰੀ ਘੱਟ ਉਮਰ 'ਚ ਹੁੰਦੀ ਹੈ। ਇਸ ਦੇ ਨਾਲ ਹੀ ਇੱਕ ਹੋਰ ਗੱਲ ਇਹ ਹੈ ਕਿ ਭਾਰਤ ਤੇ ਚੀਨ 'ਚ ਪਿੱਤੇ ਦੀ ਪਥਰੀ ਵੱਧ ਹੁੰਦੀ ਹੈ ਤਾਂ ਯੂਰਪ, ਅਮਰੀਕਾ 'ਚ ਪੇਸ਼ਾਬ ਪ੍ਰਣਾਲੀ ਦੀ ਪੱਥਰੀ ਵੱਧ ਹੁੰਦੀ ਹੈ। ਇਸ ਤਰ੍ਹਾਂ ਯੂਰਪ 'ਚ ਪਥਰੀ ਇੱਕ ਰਸਾਇਣਕ ਤਰਲ ਦੀ ਹੁੰਦੀ ਹੈ ਜਦਕਿ ਭਾਰਤ 'ਚ ਇੱਕ ਤੋਂ ਵੱਧ ਰਸਾਇਣਕ ਮਿਸ਼ਰਣ ਜੰਮ ਕੇ ਪੱਥਰੀ ਦਾ ਰੂਪ ਲੈ ਲੈਂਦੇ ਹਨ। ਜੇ ਆਪਾਂ ਆਪਣੇ ਦੇਸ਼ ਦੀ ਗੱਲ ਕਰੀਏ ਤਾਂ ਇੱਥੋਂ ਦੇ ਖਾਸ ਕਰਕੇ ਉਤਰ ਪੱਛਮੀ ਹਿੱਸੇ ਦੇ ਵਾਸੀ ਪੱਥਰੀ ਰੋਗ ਹੇਠ ਵੱਧ ਹਨ, ਇਸ ਲਈ ਇਸ ਖੇਤਰ ਨੂੰ ਪੱਥਰੀ ਖੇਤਰ ਤੱਕ ਕਹਿ ਦਿੱਤਾ ਗਿਆ ਹੈ। ਸ਼ਰੀਰ ਦੇ ਕਿਸੇ ਹਿੱਸੇ 'ਚ ਸਰੋਂ ਦੇ ਦਾਣੇ ਦੇ ਸਾਈਜ ਤੋਂ ਲੈ ਕੇ ਮੁਰਗੀ ਦੇ ਅੰਡੇ ਜਿੰਨੇ ਸਾਈਜ 'ਚ ਪੱਥਰ ਜਾਂ ਕੰਕਰ ਵਾਂਗੂੰ ਪੈਦਾ ਹੋਈ ਗੈਰ ਕੁਦਰਤੀ ਰਚਨਾ ਨੂੰ ਪੱਥਰੀ ਕਹਿੰਦੇ ਹਨ। ਇਸ ਦਰਦ ਨਾਕ ਪੱਥਰੀ ਰੋਗ ਨੂੰ ਅੰਗ੍ਰੇਜੀ 'ਚ Caleulus ਕਿਹਾ ਜਾਂਦਾ ਹੈ।

**ਪੱਥਰੀ ਬਣਦੀ ਕਿਵੇਂ ਹੈ?**

ਸ਼ਰੀਰ ਦੇ ਜਿਸ ਹਿੱਸੇ 'ਚ ਪੱਥਰੀ ਬਣਦੀ ਹੈ, ਉਸ ਅੰਗ ਦੇ ਨਾਂ ਨਾਲ ਰੋਗ ਦਾ ਨਾਂ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਨਾਲ ਪੱਥਰੀ ਚਾਰ ਕਿਸਮ ਦੀ ਹੁੰਦੀ ਹੈ।

1. ਪਿਤੇ ਦੀ ਪਥਰੀ (Gall bladder stone) ਔਰਤਾਂ 'ਚ ਇਹ ਵੱਧ ਹੁੰਦੀ ਹੈ
2. ਗੁਰਦੇ ਦੀ ਪੱਥਰੀ (Renal caleulus)
3. ਪੇਸ਼ਾਬ ਨਾਲ ਦੀ ਪੱਥਰੀ (Ureteric calculus)
4. ਪੇਸ਼ਾਬ ਦੇ ਬਲੈਡਰ ਦੀ ਪੱਥਰੀ (Verical calculus)

ਇਹਨਾਂ ਕਿਸਮਾਂ 'ਤੇ ਆਪਾਂ ਹੁਣ ਚਰਚਾ ਕਰਦੇ ਹਾਂ :

**1. ਪਿੱਤੇ ਦੀ ਪੱਥਰੀ** :- ਪਿਤੇ ਦੀ ਪਿੱਤ ਨਲਕੀਆਂ ਦੀ ਪੱਥਰੀ ਦੀ ਉਤਪਤੀ ਸਥਿਤੀ ਤੇ ਉਸ ਨੂੰ ਦੂਰ ਕਰਨ ਦੀ ਜਾਣਕਾਰੀ ਹਾਸਲ ਕਰਨੀ ਸਹੀ ਰਹੇਗੀ। ਸਾਡੇ ਸ਼ਰੀਰ 'ਚ ਜਿਗਰ ਦੇ ਕੰਮ ਬੜੇ ਹੀ ਮਹੱਤਵਪੂਰਨ ਹੁੰਦੇ ਹਨ। ਕਰੀਬ ਡੇਢ ਕਿਲੋ ਵਜਣ ਦਾ ਇਹ ਅੰਗ ਖੂਨ ਸ਼ੁਧ ਕਰਨ ਦਾ ਇੱਕ ਮੁੱਖ ਵਸੀਲਾ ਹੈ। ਪ੍ਰੋਟੀਨ ਨੂੰ ਕਾਰਬੋਜ਼ 'ਚ ਬਦਲਣ ਦਾ ਕੰਮ ਵੀ ਇਸਨੇ ਕਰਨਾ ਹੁੰਦਾ ਹੈ। ਇਹ ਚਰਬੀ ਬਣਾਉਂਦਾ ਤੇ ਉਸ ਨੂੰ ਸੋਧਦਾ ਹੈ ਅਤੇ ਤੰਤੂਆਂ ਦਾ ਨਿਰਮਾਣ ਕਰਨ ਵਾਲੇ ਅਮਾਇਨੋ ਏਸਡ ਤੋਂ ਇਲਾਵਾ ਕੁਝ ਹੋਰ ਕਿਸਮ ਦੇ ਤੇਜ਼ਾਬ ਵੀ ਬਣਾਉਂਦਾ ਹੈ। ਇਹ ਸ਼ਰੀਰ 'ਚ ਰੋਗ-ਨਿਵਾਰਕ ਤੱਤ ਵੀ ਪੈਦਾ ਕਰਦਾ ਹੈ। ਵਨਸਪਤੀਆਂ ਦੇ ਪੀਤਰੰਜਕ ਕਣਾਂ ਨੂੰ ਇਹ ਵਿਟਾਮਿਨ ਏ 'ਚ ਬਦਲਦਾ ਹੈ। ਜਦੋਂ ਕਈ ਤਰ੍ਹਾਂ ਦੇ ਜਹਿਰੀਲੇ ਤੱਤ ਖੂਨ 'ਚ ਵਹਿਣ ਲੱਗਦੇ ਹਨ ਉਦੋਂ ਇਹ ਉਨ੍ਹਾਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਦਾ ਹੈ। ਸ਼ਰੀਰ 'ਚ ਖੂਨ ਦੇ ਸਟੈਂਡਰਡ ਨੂੰ ਨਿਯਮ ਬੱਧ ਕਰਦਾ ਤੇ ਰਸਾਇਣਕ ਤੱਤਾਂ ਦੇ ਸੰਤੁਲਨ ਦਾ ਅਹਿਮ ਕੰਮ ਜਿਗਰ ਹੀ ਕਰਦਾ ਹੈ। ਇਸ ਤਰ੍ਹਾਂ ਜਿਗਰ ਉਹਨਾਂ ਬੇਹੱਦ ਜ਼ਰੂਰੀ ਕਾਰਜਾਂ ਨੂੰ ਅੰਜਾਮ ਦਿੰਦਾ ਹੈ ਜੋ ਸਾਨੂੰ ਸਿਹਤਮੰਦ ਰੱਖਦੇ ਹਨ। ਇਸ ਜਿਗਰ ਦੇ ਸੱਜੇ ਪਾਸੇ ਹੇਠਾਂ ਪਸਲੀ ਦੇ ਕੋਲ ਗਾਜਰ ਵਰਗੀ ਤਿੰਨ ਇੰਚ ਲੰਮੀ ਇੱਕ ਥੈਲੀ ਜੁੜੀ ਹੁੰਦੀ ਹੈ ਜਿਸ ਨੂੰ ਪਿਤਾ ਜਾਂ ਗਾਲਬਲੈਡਰ ਕਿਹਾ ਜਾਂਦਾ ਹੈ। ਇਹ ਵੀ ਜਿਗਰ ਦਾ ਹੀ ਇੱਕ ਹਿਸਾ ਹੈ। ਜਿਗਰ 'ਚ ਬਣੀ ਪਿਤ ਇਸ 'ਚ ਆ ਕੇ ਜਮ੍ਹਾ ਹੋ ਜਾਂਦੀ ਹੈ। ਪਿੱਤੇ ਦੇ ਖੱਬੇ ਪਾਸੇ ਇੱਕ ਖੱਡੇ 'ਚ ਜਿਗਰ ਦਾ ਗੋਲਬੰਧਨ ਹੁੰਦਾ ਹੈ, ਜਿਸ ਨੂੰ ਜਿਗਰ ਦਰਵਾਜਾ' ਕਹਿੰਦੇ ਹਨ। ਜਿਗਰ ਦੇ ਸੱਜੇ ਪਾਸਿਉਂ ਖੱਬੇ ਵੱਲ ਇੱਕ ਇੱਕ ਨਲਕੀ ਨਿਕਲ ਕੇ 'ਜਿਗਰ ਦਰਵਾਜੇ' 'ਚ ਜਾ ਮਿਲਦੀ ਹੈ। ਇਸ ਤਰ੍ਹਾਂ ਪਿੱਤ ਪ੍ਰਣਾਲੀ ਬਣਦੀ ਹੈ ਜਿਸ ਰਾਹੀਂ ਪਿਤ ਅੱਗੇ ਪਹੁੰਚਦਾ ਹੈ। ਪਿਤੇ ਦਾ ਕੰਟਰੋਲ ਕਰਨ ਵਾਲੀਆਂ ਪਿਤ ਨਾੜੀਆਂ ਦਾ ਗੁੱਛਾ ਬੋਨਮੈਰੋ ਦਾ ਨੌਵਾਂ ਮੋਹਰਾ ਹੈ। ਮਿਹਦੇ ਦਾ ਕੰਟਰੋਲ ਵੀ ਇਹੀ ਤੰਤੂ ਕਰਦਾ ਹੈ। ਇਸ ਲਈ ਜਦ ਕੋਈ ਕਸ਼ਟ ਉਭਰਦਾ ਹੈ ਤਾਂ ਦੂਜੇ 'ਚ ਇਸ ਦਾ ਅਹਿਸਾਸ ਹੋਣ ਲੱਗਦਾ ਹੈ। ਪਿੱਤੇ ਦਾ ਕੰਮ ਜਿਗਰ 'ਚ ਬਣੀ ਪਿੱਤ (Bile) ਦੇ ਬਾਕੀ ਅੰਸ਼ ਨੂੰ ਜਮ੍ਹਾ ਕਰਨਾ ਤੇ ਫਿਰ ਇਸ ਪਿਤ ਨੂੰ ਖਾਧੇ ਹੋਏ ਭੋਜਨ ਖਾਸ ਕਰਕੇ ਪ੍ਰੋਟੀਨ ਦੇ ਸਮੁੱਚੇ ਹਾਜਮੇ ਆਦਿ ਲਈ ਆਂਤੜੀ 'ਚ ਪਹੁੰਚਾਉਣਾ ਹੈ।



ਡਾ. ਅਜੀਤਪਾਲ ਸਿੰਘ
ਐਮ. ਡੀ.
ਮੋ. 98156-29301

**ਪਿਤ (Bile) ਕੀ ਤੇ ਕਿਹੋ ਜਿਹਾ ਹੁੰਦਾ ਹੈ?** ਪਿਤ ਸੁਨਹਿਰੇ ਭੂਰੇ ਰੰਗ ਦਾ ਜਿਗਰ ਦਾ ਰਸਾਅ ਹੈ। ਕੌੜੇ ਸੁਆਦ ਵਾਲਾ ਇਹ ਬੇਹਦ ਪਾਚਕ ਰਸ ਹੈ ਜੋ ਚਿਕਨਾਈ ਦੇ ਪਾਚਣ ਤੇ ਵਰਤੋਂ 'ਚ ਬਹੁਤ ਅਹਿਮੀਅਤ ਰੱਖਦਾ ਹੈ। ਚਿਪਚਿਪਾ ਜਿਹਾ ਹੋਣ ਵਾਲਾ ਪਿਤ ਜੀਵਾਣੂਆਂ ਨੂੰ ਨਸ਼ਟ ਕਰਦਾ ਹੈ, ਅੰਤੜੀਆਂ ਨੂੰ ਕ੍ਰਿਆਸ਼ੀਲ ਕਰਦੈ। ਜਿਗਰ ਵੱਲੋਂ ਬਾਹਰ ਕੱਢੇ ਗੰਦ-ਮੰਦ ਵੀ ਪਿਤ 'ਚ ਮਿਲੇ ਹੁੰਦੇ ਹਨ। ਪਿਤ ਨੂੰ ਰੰਗ ਮੁਹਈਆ ਕਰਨ ਵਾਲੇ ਲਾਲ ਤੇ ਹਰੇ ਰੰਗ ਦੇ ਪਦਾਰਥ 'ਬਿਲੀਰੂਬਿਨ' ਤੇ 'ਬਿਲੀਵਰਡਨ' ਹਨ। ਪਿਤ 'ਚ 86 ਫੀਸਦੀ ਪਾਣੀ ਹੁੰਦਾ ਹੈ ਜਿਸ ਵਿੱਚ ਲਵਣ, ਰੰਜਕ, ਲੇਸਿਥੀਨ ਤੇ ਕਲੈਸਟ੍ਰੋਲ ਆਦਿ ਘੁਲੇ-ਮਿਲੇ ਰਹਿੰਦੇ ਹਨ। ਇਹਨਾਂ ਪਦਾਰਥਾਂ 'ਚ ਕਲੈਸਟ੍ਰੋਲ ਹੀ ਉਹ ਪਦਾਰਥ ਹੈ ਜਿਸ ਕਾਰਣ ਪਿਤ ਦੀ ਪੱਥਰੀ ਦਾ ਦਰਦ ਭੋਗਣਾ ਪੈਂਦਾ ਕਰੀਬ ਕਰੀਬ ਜਿਗਰ ਦੇ ਭਾਰ ਦੇ ਬਰਾਬਰ ਪਿਤ 24 ਘੰਟੇ 'ਚ ਜਿਗਰ ਤੋਂ ਨਿਕਲਦੀ ਰਹਿੰਦੀ ਹੈ ਪਰ ਪਿੱਤੇ 'ਚ ਪੱਥਰੀ ਹੋਣ ਜਾਂ ਕੋਈ ਹੋਰ ਕਾਰਨਾਂ ਕਰਕੇ ਜੇ ਪਿਤ ਜਿਗਰ ਤੋਂ ਨਾ ਨਿਕਲੇ ਤਾਂ ਪਿੱਤ ਖੂਨ 'ਚ ਮਿਲ ਕੇ ਉਸਨੂੰ ਸੁਖਾਉਂਦਾ ਹੈ। ਪਿਤ ਮਿਲਿਆ ਖੂਨ-ਸ਼ਰੀਰ 'ਚ ਫੈਲ ਕੇ ਪੀਲਿਆ ਰੋਗ ਪੈਦਾ ਕਰ ਦਿੰਦਾ ਹੈ।

**ਪਿਤੇ 'ਚ ਪੱਥਰੀ ਬਣਦੀ**

**ਹੀ ਕਿਉਂ ਹੈ?** ਇਸ ਦੇ ਕਾਰਣ ਤਾਂ ਅਨੇਕਾਂ ਹਨ ਪਰ ਕੁਝ ਖਾਸ ਕਾਰਨ ਹੇਠਾਂ ਲਿਖੇ ਹਨ :-

1. ਚਰਬੀ (ਵਸਾ) ਭਰਪੂਰ ਭੋਜਨ ਦੀ ਵੱਧ ਵਰਤੋਂ ਕਰਨਾ ਪਰ ਮੇਹਨਤ ਨਾ ਕਰਨੀ ਜਾਂ ਘੱਟ ਕਰਨ ਨਾਲ ਪਿੱਤੇ 'ਚ ਕਲੈਸਟ੍ਰੋਲ ਵੱਧ ਹੋ ਜਾਣ ਕਰਕੇ।

2. ਖਾਣਾ ਵੱਧ ਖਾਣਾ, ਪਾਣੀ ਘੱਟ ਪੀਣਾ, ਕਬਜ ਰਹਿਣੀ।

3. ਔਰਤਾਂ 'ਚ ਗਰਭਅਵਸਥਾ ਤੋਂ ਬਾਅਦ ਦੇ ਮਹੀਨਿਆਂ 'ਚ ਕਲੈਸਟ੍ਰੋਲ ਵੱਧ ਬਣਨਾ ਤੇ ਪਿਤ ਦਾ ਗਾੜਾ ਹੋ ਜਾਣਾ (ਰਸਾਅ ਵੱਧ ਜਾਣ ਕਰਕੇ)

4. ਪਿੱਤ 'ਚ ਕਿਸੇ ਕਾਰਣ ਇਨਫੈਕਸ਼ਨ ਹੋ ਜਾਣੀ।

**ਪਿਤੇ ਦੀ ਪੱਥਰੀ ਕਿਹੋ ਜਿਹੀ ਹੁੰਦੀ ਹੈ?** ਜਦੋਂ ਜਿਗਰ ਬੀਮਾਰ ਹੋ ਜਾਂਦਾ ਹੈ ਜਾਂ ਕਿਸੇ ਕਾਰਣ ਉਸ 'ਚ ਤਿਆਰ ਹੋਇਆ ਪਿਤ ਵਿਕਾਰਯੁਕਤ ਗਾੜਾ ਤੇ ਚਿਪਚਿਪਾ ਹੋ ਜਾਂਦਾ ਹੈ ਤਾਂ ਪਿਤੇ 'ਚ ਪਹੁੰਚ ਕੇ ਉਸ 'ਚ ਸੋਜ ਤੇ ਜਲਨ ਪੈਦਾ ਕਰਦਾ ਹੈ। ਇਸ ਕਰਕੇ ਪਿਤੇ ਦੀ ਝਿੱਲੀ 'ਚ ਵਿਗਾੜ ਆਉਣ ਕਰਕੇ ਦੂਸ਼ਿਤ ਪਿਤ ਸੁੱਕ ਕੇ ਪੱਥਰ ਵਰਗੀ ਕਠੋਰ ਹੋਕੇ 'ਪੱਥਰੀ' ਬਣ ਜਾਂਦੀ ਹੈ। ਪੱਥਰੀ ਦਾ ਸਾਈਜ ਕਿਹੋ ਜਿਹਾ ਹੋਵੇਗਾ, ਇਹ ਸਰੋਂ ਦੇ ਦਾਣੇ ਜਿੱਡੀ ਛੋਟੀ ਵੀ ਹੋ ਸਕਦੀ ਹੈ ਤਾਂ ਅਖਰੋਟ ਜਿੰਨੀ ਵੱਡੀ ਵੀ ਹੋ ਸਕਦੀ ਹੈ। ਪੱਥਰੀ ਇੱਕ ਵੀ ਹੋ ਸਕਦੀ ਹੈ, ਵੱਧ ਵੀ। ਇਹਨਾਂ ਦੀਆਂ ਆਕਿਰਤੀਆਂ ਤਿਰਛੀਆਂ ਜਾਂ ਨੋਕਦਾਰ ਗੋਲ ਆਦਿ ਕਿਹੋ ਜਿਹੀਆਂ ਵੀ ਹੋ ਸਕਦੀਆਂ ਹਨ। ਜਦ ਪੱਥਰੀ ਤਾਜੀ ਤਾਜੀ ਹੁੰਦੀ ਹੈ ਤਾਂ ਗਿਲਾਪਣ ਹੋਣ ਕਰਕੇ ਭਾਰੀ ਹੁੰਦੀ ਹੈ ਪਰ ਸੁਕਣ ਪਿੱਛੇ ਕਠੋਰ ਤੇ ਹਲਕੀ ਹੋ ਜਾਂਦੀ ਹੈ। ਇਹਨਾਂ ਦੀ ਰਚਨਾ ਦਾ ਮੁੱਖ ਘਟਕ ਤਾਂ ਪਿਤ ਹੀ ਹੁੰਦਾ ਹੈ, ਇਸ ਤੋਂ ਇਲਾਵਾ ਥੋੜੀ ਥੋੜੀ ਮਾਤਰਾ 'ਚ ਲਵਣ, ਸੋਡਾ ਪੋਟਾਸ਼ ਆਦਿ ਹੁੰਦੇ ਹਨ। ਪਥਰੀ ਦਾ ਰੰਗ ਕਾਲਾ, ਹਰਾ, ਸਫੈਦ ਜਾਂ ਹੋਰ ਕੋਈ ਵੀ ਹੋ ਸਕਦਾ ਹੈ। ਜਿਸ ਪਿਤੇ 'ਚ ਇੱਕ ਵੱਡੀ ਪੱਥਰੀ ਬਨਦੀ ਹੈ ਤਾਂ ਇਸ ਦੀ ਆਕ੍ਰਿਤੀ ਝੁਕਾਬਦਾਰ ਹੁੰਦੀ ਹੈ ਪਰ ਪਥਰੀਆਂ ਦੀ ਗਿਣਤੀ ਵੱਧ ਹੋਣ 'ਤੇ ਇੱਕ ਦੂਜੇ ਦੇ ਦਬਾਅ ਦੀ ਵਜਾਹ ਕਰਕੇ ਇਹਨਾਂ ਦੀ ਆਕ੍ਰਿਤੀ ਫਿਟਕਰੀ (ਸਫਟਿਕ) ਵਰਗੀ ਹੋ ਜਾਂਦੀ ਹੈ। ਪੱਥਰੀ ਹਾਲਾਂ ਕਿ ਕਠੋਰ ਹੁੰਦੀ ਹੈ ਪਰ ਪੱਥਰ ਵੱਰਗੀ ਸੱਖਤ ਨਾ ਹੋਕੇ ਕੁਝ ਮੁਲਾਇਮ ਹੁੰਦੀ ਹੈ।

**ਪਿਤੇ ਦੀ ਪੱਥਰੀ ਦੇ ਲੱਛਣ** :- ਪਿਤੇ ਦੀ ਪੱਥਰੀ ਦਾ ਮੁੱਖ ਲੱਛਣ ਬਿਲਅਰੀ ਕਾਲਿਕ (ਸੂਲ ਦਾ ਦਰਦ) ਹੈ। ਜਦ ਪਿਤੇ 'ਚੋਂ ਪੱਥਰੀ ਖਿਸਕ ਕੇ ਸਿਸਟਕ ਡਕਟ ਜਾਂ ਆਮ ਪਿਤ ਵਹਿਨੀ 'ਚ ਆ ਕੇ ਫਸ ਜਾਂਦੀ ਹੈ ਤਾਂ ਉਦੋਂ ਦਰਦ ਅਸਹਿ ਹੋਣ ਲੱਗਦਾ ਹੈ। ਇਹ ਦਰਦ ਪਹਿਲਾਂ ਪਿਤੇ 'ਚ ਉਠਦਾ ਹੈ ਫਿਰ ਫੈਲਕੇ ਸੱਜੇ ਮੋਢੇ ਤੇ ਪਿਠ ਵੱਲ ਚਲਾ ਜਾਂਦਾ ਹੈ। ਇਹ ਦਰਦ ਕਦੀ ਕਦੀ ਪਿਤੇ ਤੋਂ ਪੇਟ ਵਲ ਵੀ ਚਲਾ ਜਾਂਦਾ ਹੈ। ਰੋਗੀ ਦਾ ਜੀਅ ਕੱਚਾ ਹੁੰਦੈ ਤੇ ਉਲਟੀ ਵੀ ਹੋ ਸਕਦੀ ਹੈ। ਜਦ ਕੁਝ ਸਮੇਂ ਪਿੱਛੋਂ ਜਦ ਪੱਥਰੀ ਖੁਦ ਬ-ਖੁਦ ਅੱਗੇ ਖਿਸਕ ਪਿਤੇ 'ਚ ਜਾਂ ਪੈਨਕਰੀਅਜ ਵੱਲ ਚਲੀ ਜਾਂਦੀ ਹੈ ਤੱਦ ਦਰਦ ਕੁੱਝ ਘਟਦਾ ਹੈ। ਇੱਥੇ ਇਹ ਵੀ ਸਮਝਣ ਦੀ ਗੱਲ ਹੈ ਕਿ ਪੱਥਰੀ ਜਦੋਂ ਪਿਤਵਹਿਨੀਆਂ 'ਚ ਫਸਦੀ ਹੈ ਤਾਂ ਉਦੋਂ ਰੋਗੀ 'ਚ ਪੀਲੀਏ ਦੇ ਲੱਛਣ ਵੀ ਦੇਖਣ ਨੂੰ ਮਿਲਦੇ ਹਨ ਤੇ ਪੱਥਰੀ ਜਦੋਂ ਲੰਮੇ ਸਮੇਂ ਤੱਕ ਸਿਸਟਕ ਡਕਟ ਆਮ ਪਿਤਨਲੀ ਫਸੀ ਰਹਿ ਜਾਵੇ ਉਦੋਂ ਕਈ ਤਰ੍ਹਾਂ ਦੀਆਂ ਗੁੰਝਲਾਂ ਪੈਦਾ ਹੋ ਸਕਦੀਆਂ ਹਨ। ਇਹ ਵੀ ਰੋਚਕ ਤੱਥ ਹੈ ਕਿ ਕਈ ਰੋਗੀਆਂ 'ਚ ਪਿਤੇ ਦੀ ਪੱਥਰੀ ਹੋਣ ਦੇ ਬਾਵਜੂਦ ਵੀ ਕਦੀ ਬਿਲਅਰੀ ਕਾਲਿਕ (ਦਰਦ) ਦਾ ਜੋਰ ਨਹੀਂ ਹੁੰਦਾ, ਹਾਂ ਕਦੀ ਤਲਿਆ ਹੋਇਆ, ਚਰਬੀਯੁਕਤ ਭੋਜਨ ਖਾ ਲੈਣ 'ਤੇ ਪਿੱਤੇ 'ਚ ਹਲਕਾ ਦਰਦ, ਖੱਟੇ ਡਕਾਰ, ਪੇਟ 'ਚ ਜਲਨ, ਗੈਸ ਬਣਨਾ ਜਾਂ ਜੀਅ ਕੱਚਾ ਹੋਣ ਵਰਗੇ ਲੱਛਣ ਪੈਦਾ ਹੋ ਸਕਦੇ ਹਨ।

**ਪੱਥਰੀ ਦਾ ਪਤਾ ਲੱਗੇ ਕਿਵੇਂ** :- ਉਪਰ ਦੱਸੇ ਲੱਛਣਾਂ ਵਿੱਚ ਪਿਤੇ ਦੀ ਪੱਥਰੀ ਦਾ ਅਨੁਮਾਨ ਲੱਗ ਜਾਂਦਾ ਹੈ। ਪੱਥਰੀ ਰੋਗ ਦੀਆਂ ਆਮ ਹਾਲਤਾਂ 'ਚ ਪਹਿਚਾਣ ਹੋ ਜਾਂਦੀ ਹੈ ਪਰ ਜਦੋਂ ਕਈ ਤਰ੍ਹਾਂ ਦੇ ਤਰਲ ਇਕਠੇ ਹੋਣ ਲੱਗਦੇ ਹਨ, ਉਦੋਂ ਕਈ ਤਰ੍ਹਾਂ ਦੇ ਲੱਛਣ ਵੀ ਸਾਹਮਣੇ ਆਉਣ ਪਿੱਛੋਂ ਡਾਕਟਰ ਲਈ ਰੋਗ ਦੀ ਪਹਿਚਾਣ ਕਰਨੀ ਔਖੀ ਹੋ ਜਾਂਦੀ ਹੈ। ਫਿਰ ਵੀ ਸਾਵਧਾਨੀ ਨਾਲ ਪੀੜ ਦੀ ਥਾਂ ਤੇ ਦਰਦ ਦੀ ਰਫਤਾਰ ਤੇ ਦਸ਼ਾ 'ਤੇ ਧਿਆਨ ਦੇਣ ਨਾਲ ਰੋਗ ਸਮਝ 'ਚ ਆ ਜਾਂਦਾ ਹੈ। ਜਿਸ ਥਾਂ ਤੇ ਦਬਾਅ ਪਾਉਣ ਨਾਲ ਰੋਗ ਅਸਹਿ ਪੀੜ ਦਾ ਅਨੁਭਵ ਕਰੇ ਉਥੇ ਹੀ ਪੱਥਰੀ ਸਮਝਣੀ ਚਾਹੀਦੀ ਹੈ। ਵੈਸੇ ਤਾਂ ਸੋਜ ਹੋਣ ਅਤੇ ਉਥੇ ਦਬਾਅ ਪਾਉਣ 'ਤੇ ਦਰਦ ਹੁੰਦਾ ਹੈ, ਪਰ ਪਥਰੀ ਵਾਲਾ ਦਰਦ ਬਹੁਤ ਤੇਜ ਹੁੰਦਾ ਹੈ, ਪਿਤੇ ਦੀ ਪੱਥਰੀ ਦੀ ਪਹਿਚਾਣ ਦਾ ਸਭ ਤੋਂ ਅੱਛਾ ਢੰਗ 'ਓਰਲ ਕੈਲੀਸਿਸਟੋਗ੍ਰਾਫੀ' ਹੈ। ਇਸ ਨਾਲ ਪਿਤੇ ਦੀ ਪੱਥਰੀ ਦਾ ਪਤਾ ਲੱਗਣ ਦੇ ਨਾਲ-ਨਾਲ ਪਿਤੇ ਦੀ ਸਿਹਤ ਦਾ ਵੀ ਪਤਾ ਲੱਗ ਜਾਂਦਾ ਹੈ।

**ਇਲਾਜ** :- ਜਦੋਂ ਇਸ ਰੋਗ ਦੀ ਪੱਕੀ ਜਾਣਕਾਰੀ ਹੋ ਜਾਵੇ ਉਦੋਂ ਅਹਿਮ ਸੁਆਲ ਉਠਦਾ ਹੈ ਕਿ ਇਸ ਦਾ ਇਲਾਜ ਕੀ ਕਰਨਾ ਚਾਹੀਦਾ ਹੈ ਤਾਂ ਕਿ ਦਰਦ ਤੋਂ ਰਾਹਤ ਮਿਲੇ। ਜਦ ਦਰਦ ਨਿਵਾਰਕ ਗੋਲੀਆਂ ਨਾਲ ਵੀ ਦਰਦ ਨਾ ਰੁਕੇ ਤੇ ਲੰਮੇ ਸਮੇਂ ਤੱਕ ਪੱਥਰੀ ਜਿਉਂ ਦੀ ਤਿਉਂ ਬਣੀ ਰਹੇ। ਬਦਹਜ਼ਮੀ ਕਬਜ, ਗੈਸ, ਖੱਟੇ ਡਕਾਰ, ਛਾਤੀ 'ਚ ਜਲਨ, ਜੀਅ ਕੱਚਾ ਸਿਰਦਰਦ ਵੀ ਹਟੇ ਨਾ ਤਾਂ ਆਪ੍ਰੇਸ਼ਨ (ਸ਼ਰਜਰੀ) ਹੀ ਇੱਕੋ ਇੱਕ ਵਿਕਲਪ ਰਹਿ ਜਾਂਦਾ ਹੈ। ਦਰਅਸਲ ਵੱਧ ਸਮਾਂ ਪੱਥਰੀ ਬਣੇ ਰਹਿਣਾ ਠੀਕ ਨਹੀਂ ਹੈ। ਇਸ ਨਾਲ ਕਈ ਤਰ੍ਹਾਂ ਦੀ ਗੁੰਝਲਾਂ ਪੈਦਾ ਹੋਣ ਦੀ ਸੰਭਾਵਨਾ ਰਹਿੰਦੀ ਹੈ।

## ਸੰਖੇਪ ਵਿਚਾਰ

(ਮੇਘ ਰਾਜ ਮਿੱਤਰ)

ਕੋਈ ਵੀ ਵਿਚਾਰ, ਗਿਆਨ, ਚੇਤਨਾ ਆਦਿ
ਮਾਦੇ ਵਿਚ ਹੀ ਰਹਿ ਸਕਦੇ ਹਨ।
ਮਾਦੇ ਤੋਂ ਬਾਹਰ ਇਹਨਾਂ ਦੀ ਹੋਂਦ ਹੋ ਹੀ ਨਹੀਂ ਸਕਦੀ।

-0-

ਨਾ ਮੰਨਣ ਕਰ ਕੇ ਨਰਕੀਂ ਜਾਓ ?
ਬਿਨਾਂ ਕਸੂਰੋਂ ਹੀ ਚਲਾਨ ਕਟਾਓ ?
ਦੋਵੇਂ ਬਰਾਬਰ ਦੀਆਂ ਗੱਲਾਂ ਹਨ।

-0-

ਧਰਤੀ ਬਲਦ ਦੇ ਸਿੰਗਾਂ 'ਤੇ ਨਹੀਂ ਖੜ੍ਹੀ,
ਸਗੋਂ ਚੰਗੇ ਲੋਕਾਂ ਦੇ ਚੰਗੇ ਕੰਮਾਂ 'ਤੇ ਖੜ੍ਹੀ ਹੈ।

-0-

ਪੂਜਾ ਕਿਸੇ ਦੀ ਵੀ ਹੋਵੇ,
ਪਛੜੇਪਣ ਦੀ ਨਿਸ਼ਾਨੀ ਹੈ।
ਪਰ ਜੜ੍ਹ ਪੂਜਕ ਤਾਂ ਪਸ਼ੂ ਪੂਜਕਾਂ ਤੋਂ ਵੀ ਹੇਠਾਂ ਹਨ।

-0-

ਪੋਪ ਠੱਗਾਂ ਨੂੰ ਉਪਦੇਸ਼ ਦੇਣ ਸਮੇਂ,
ਹਮੇਸ਼ਾ ਖਚਰੀ ਹਾਸੀ ਹੱਸਦਾ ਹੈ।

-0-

ਗਿਆਨ ਨੂੰ ਪੁੱਠੇ ਪੈਰੀਂ ਪਾਉਣਾ ਜਾਂ
ਲੰਮੀਆਂ ਪੁਲਾਂਘਾਂ ਪੁਟਾਉਣਾ,
ਸੱਤ੍ਹਾ ਦੇ ਹੱਥ ਵਿਚ ਹੁੰਦਾ ਹੈ।

-0-

ਸਤਿਕਾਰ ਸਭਿਅਕ ਸਮਾਜਾਂ ਦਾ ਚਿੰਨ੍ਹ ਹੈ,
ਤੇ ਪੂਜਾ ਠੱਗੀ ਦੀ ਨਿਸ਼ਾਨੀ ਹੈ।

-0-

ਅਧਿਆਤਮਵਾਦ ਤੇ ਭੁੱਕੀ,
ਇੱਕੋ ਸਿੱਕੇ ਦੇ ਦੋ ਪਹਿਲੂ ਹਨ।

-0-

ਟੂਣੇ-ਟੋਟਕਿਆਂ ਦੇ ਯੁੱਗ ਦਾ ਯੋਗ,
ਆਧੁਨਿਕ ਕਸਰਤਾਂ ਦੇ ਹਾਣ ਦਾ ਕਦੇ ਵੀ ਨਹੀਂ ਹੋ ਸਕਦਾ।

-0-

ਜੀਵ ਵਿਕਾਸ ਇਕ ਹੌਲੀ-ਹੌਲੀ ਚੱਲਣ ਵਾਲੀ ਕਿਰਿਆ ਹੈ,
ਜਿਸ ਨੂੰ ਪ੍ਰਯੋਗਸ਼ਾਲਾ ਵਿਚ ਨਹੀਂ ਵੇਖਿਆ ਜਾ ਸਕਦਾ।

## ਗੰਡਮੂਲ ’ਚੋਂ ਪੰਡਤ ਨੇ ਕੁਝ ਇਸ ਤਰ੍ਹਾਂ ਕੱਢਿਆ

ਮੇਰੇ ਦਫਤਰ ਵਿਜੀਲੈਂਸ ਫਰੀਦਕੋਟ ਵਿੱਚ ਮੇਰਾ ਇਕ ਦੋਸਤ ਜਿਸ ਨੂੰ ਮੈਂ ਕਦੇ ਵੀ ਵਹਿਮ ਭਰਮ ਕਰਦਿਆ ਤੇ ਅੰਧ ਵਿਸ਼ਵਾਸੀ ਗੱਲਾਂ ਕਰਦਿਆਂ ਨਹੀਂ ਦੇਖਿਆ ਪਰ ਇੱਕ ਦਿਨ ਉਸ ਨੇ ਆਪਣੀ ਗੱਲ ਕੁਝ ਇਸ ਤਰ੍ਹਾਂ ਸੁਣਾਈ। ਉਸ ਨੇ ਦੱਸਿਆ ਕਿ ਮੇਰਾ ਬੇਟਾ ਕੁਝ ਜਿਦ ਕਰਨ ਲੱਗ ਗਿਆ ਨਿੱਕੀ-ਨਿੱਕੀ ਗੱਲ ’ਤੇ ਲੜਨ ਲੱਗ ਜਾਂਦਾ ਰੋਣ ਲੱਗ ਜਾਂਦਾ ਅਸੀਂ ਥੋੜ੍ਹਾ ਪ੍ਰੇਸ਼ਾਨ ਰਹਿਣ ਲੱਗੇ। ਤਾਂ ਆਂਢ ਗੁਆਂਢ ਦੀਆਂ ਔਰਤਾਂ ਨੇ ਸਾਨੂੰ ਬਾਬਿਆਂ ਕੋਲ ਜਾਣ ਦੀ ਸਲਾਹ ਦਿੱਤੀ ਪਰ ਉਹ ਨਾ ਮੰਨਿਆ ਪਰ ਸਿਟੀ ਕੋਟਕਪੂਰਾ ਦੇ ਕੁਆਰਟਰਾਂ ਵਿੱਚ ਇੱਕ ਪੰਡਤ ਆਮ ਹੀ ਆਉਂਦਾ ਰਹਿੰਦਾ ਸੀ ਤਾਂ ਉਸਨੇ ਪੰਡਤ ਨੂੰ ਆਪਣੇ ਬੇਟੇ ਬਾਰੇ ਗੱਲ ਕੀਤੀ ਤਾਂ ਪੰਡਤ ਨੇ ਵੇਖ ਕੇ ਕਿਹਾ ਇਹ ਬੱਚਾ ਗੰਡਮੂਲ ਵਿੱਚ ਪੈਦਾ ਹੋਇਆ ਹੈ ਕੁਝ ਉਪਾਅ ਕਰਨੇ ਪੈਣਗੇ ਤਾਂ ਉਸਨੇ ਇਹ ਸਾਰੇ ਉਪਾ ਦਾ ਖਰਚਾ ਪੁੱਛਿਆ ਤਾਂ ਪੰਡਤ ਨੇ ਕਿਹਾ ਮੈਂ ਕੁਝ ਨਹੀਂ ਲੈਣਾ। ਮੈਂ ਇਹ ਫਰੀ ਸੇਵਾ ਕਰਦਾ ਹਾਂ। ਫਰੀ ਸੇਵਾ ਹੋਣ ਕਰਕੇ, ਤੇ ਆਪਣੇ ਬੇਟੇ ਕਰਕੇ ਉਸ ਨੇ ਪੰਡਤ ਨੂੰ ਉਪਾ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ, ਕਿ ਸੌ ਨਲਕੇ ਦਾ ਪਾਣੀ, ਸੌ ਪੌਦਿਆ ਦੇ ਪੱਤ ਇਕੱਠੇ ਕਰੋ, ਫਿਰ ਮੈਂ ਉਪਾਅ ਕਰਨ ਆਵਾਂਗਾ। ਸੌ ਨਲਕਿਆਂ ਦਾ ਪਾਣੀ ਅਤੇ ਸੌ ਦਰਖਤਾਂ ਦੇ ਪੱਤੇ ਇਕੱਠੇ ਕਰਨ ਵਿੱਚ ਅਸੀਂ ਲੱਗ ਗਏ ਜਦੋਂ ਉਹ ਪੂਰੇ ਹੋਏ ਤਾਂ ਅਸੀਂ ਪੰਡਤ ਨੂੰ ਬੁਲਾਇਆ ਤਾਂ ਪੰਡਤ ਨੇ ਇੱਕ ਸੋਨੇ ਦੀ ਦੇਵਤੇ ਦੀ ਇੱਕ ਬਣੀ ਮੂਰਤੀ ਸੁਨਿਆਰ ਤੋਂ ਲਿਆਉਣ ਲਈ ਕਹਿ ਦਿੱਤਾ। ਜਦੋਂ ਸੁਨਿਆਰ ਤੋਂ 3000/- ਰੁਪੈ ਦੀ ਸੋਨੇ ਦੀ ਮੂਰਤੀ ਵੀ ਲੈ ਆਂਦੀ ਤਾਂ ਉਸਨੇ ਮੇਰੇ ਘਰ ਆਕੇ ਕੁਝ ਮੰਤਰ ਪੜ੍ਹੇ ਤੇ ਜਾਣ ਲੱਗਿਆ ਪੰਡਤ ਨੇ ਸੋਨੇ ਦੀ ਉਹ 3000/- ਕੀਮਤ ਵਾਲੀ ਮੂਰਤੀ ਚੁੱਕ ਕੇ ਆਪਣੀ ਬਗਲੀ ਵਿੱਚ ਪਾ ਲਈ। ਜਦੋਂ ਕਿ, ਮੇਰੇ ਦੋਸਤ ਦੇ ਮਨ ਵਿੱਚ ਸੀ ਕਿ ਉਹ ਪੂਜਾ ਤੋਂ ਬਾਅਦ ਇਹ ਸੋਨੇ ਦੀ ਮੂਰਤੀ ਸੁਨਿਆਰ ਨੂੰ ਵਾਪਿਸ ਕਰਕੇ ਆਪਣੇ ਪੈਸੇ ਵਾਪਿਸ ਲੈ ਲਵੇਗਾ। ਪਰ ਪੰਡਤ ਨੇ ਪਹਿਲਾਂ ਹੀ ਉਸ ਨੂੰ ਕਹਿ ਦਿੱਤਾ, ਕਿ ਇਹ ਮੈਂ ਹਰ ਦੁਆਰ ਪਾਣੀ ਵਿੱਚ ਤਾਰ ਕੇ ਆਵਾਂਗਾ। ਇਨਾ ਸੁਣਦੇ ਹੀ ਮੇਰੇ ਦੋਸਤ ਨੂੰ ਸਾਰੀ ਕਹਾਣੀ ਸਮਝ ਵਿੱਚ ਆ ਗਈ ਕਿ ਪੰਡਤ ਤਾਂ ਕਹਿੰਦਾ ਸੀ, ਕਿ ਮੈਂ ਪੈਸੇ ਲੈਣੇ ਹੀ ਨਹੀਂ ਇਸਨੂੰ ਪੈਸੇ ਲੈਣ ਦੀ ਕੀ ਲੋੜ ਹੈ। ਜਦੋਂ ਸੋਨੇ ਦੀ ਹੀ ਮੂਰਤੀ ਉਸਨੇ ਆਪਣੀ ਬਗਲੀ ਵਿੱਚ ਪਾ ਲਈ। ਤਾਂ ਉਹ ਪੰਡਤ ਦੁਆਰਾ ਠਗਿਆ ਗਿਆ ਮਹਿਸੂਸ ਕਰ ਰਿਹਾ ਸੀ। ਪੰਡਤ ਖੱਚਰੀ ਹਾਸੀ ਹੱਸਦਿਆਂ ਆਪਣੀ ਬਗਲੀ ਚੁੱਕ ਕੇ ਚਲਦਾ ਬਣਿਆ ਪਰ ਉਹ ਕਹਿੰਦਾ ਹੈ ਕਿ ਉਸ ਤੋਂ ਬਾਅਦ ਮੈਂ ਕਦੇ ਵੀ ਪੰਡਤਾਂ ਦੀਆਂ ਗੱਲਾਂ ਵਿੱਚ ਨਹੀਂ ਆਇਆ।

## ਸੱਚਾਈ ਤੋਂ ਪਾਸੇ ਨਾਟਕ-ਗੁਰਚੇਤ ਚਿਤਰਕਾਰ ਦਾ

ਫਰੀਦਕੋਟ ਵਿਖੇ ਸਾਡੇ ਦੋਸਤ ਇੱਕ ਪੱਤਰਕਾਰ ਨੇ ਇੱਕ ਨਾਟਕ, ਗੁਰਚੇਤ ਚਿਤਰਕਾਰ ਦੀ ਨਿਰਦੇਸ਼ਨਾ ਹੇਠ, ‘ਅਸੀਂ ਤਾਂ ਸੱਚ ਬੋਲਾਂਗੇ’ ਖੇਡਿਆਂ। ਗੁਰਚੇਤ ਚਿਤਰਕਾਰ ਦਾ ਨਾਮ ਹਰ ਕੋਈ ਜਾਣਦਾ ਹੈ। ਉਸ ਨੇ ਬਹੁਤ ਫਿਲਮਾ ਬਣਾਈਆਂ ਤੇ ਨਾਟਕ ਖੇਡੇ ਹਨ। ਪਰ ਫਰੀਦਕੋਟ ਵਿੱਚ ਖੇਡਿਆ ਗਿਆ ਨਾਟਕ, ‘ਅਸੀਂ ਤਾਂ ਸੱਚ ਬੋਲਾਂਗੇ’ ਕੁਝ ਇਸ ਤਰ੍ਹਾਂ ਸੀ। ਇਕ ਬਿਜਲੀ ਬੋਰਡ ਦੇ ਜੇ. ਈ. ਦੇ ਪ੍ਰੀਵਾਰ ਦੀ ਕਹਾਣੀ ਸੀ ਜਿਸ ਵਿੱਚ ਬਹੁਤ ਕਮੇਡੀ ਸੀ ਤੇ ਕੁਝ ਨਵੀਆਂ ਗੱਲਾਂ ਬਾਤਾਂ ਨਵੇਂ ਡਾਇਲਾਗਾਂ ਨੇ ਫਰੀਦਕੋਟ ਦੇ ਲੋਕਾਂ ਦਾ ਬਹੁਤ ਮਨੋਰੰਜਨ ਕੀਤਾ। ਜੇ. ਈ. ਸਾਹਿਬ ਦੇ ਦੋ ਬੇਟੇ ਸਨ। ਇੱਕ ਫੌਜ ਵਿੱਚ ਸੀ ਤੇ ਦੂਸਰਾ ਵਿਦੇਸ਼ ਵਿੱਚ। ਫੌਜੀ ਦੇ ਵਿਆਹ ਦੀਆਂ ਤਿਆਰੀਆਂ ਕਰ ਰਹੇ ਸਨ। ਨਾਟਕ ਪੂਰੇ ਸਿਖਰ ’ਤੇ ਸੀ ਤੇ ਸਰਹੱਦਾਂ ਦੀ ਰਾਖੀ ਕਰ ਰਹੇ ਫੌਜੀ ਦੇ ਗੋਲੀ ਲੱਗ ਜਾਂਦੀ ਹੈ ਤੇ ਉਹ ਸ਼ਹੀਦ ਹੋ ਜਾਂਦਾ। ਗੁਰਚੇਤ ਚਿਤਰਕਾਰ ਦਾ ਤੇ ਉਸ ਦੀ ਪਤਨੀ ਦਾ ਵਿਰਲਾਪ ਲੋਕਾਂ ਦੀਆਂ ਅੱਖਾਂ ਵਿੱਚ ਹੰਝੂ ਲਿਆ ਦਿੰਦਾ ਹੈ। ਲੋਕ ਭਾਵਕ ਹੋ ਜਾਂਦੇ ਨੇ। ਜਦੋਂ ਉਹ ਦੂਸਰੇ ਬੇਟੇ ਦੇ ਵਿਆਹ ਦੀ ਗੱਲ ਕਰਦੇ ਹਨ। ਜੋ ਫੌਜੀ ਦੇ ਸੰਸਕਾਰ ਤੇ ਆਇਆ ਹੋਇਆ ਤਾਂ ਉਹ ਕਹਿੰਦਾ ਹੈ ਕਿ ਮੇਰੀ ਸ਼ਾਦੀ ਇੱਕ ਵਿਦੇਸ਼ੀ ਔਰਤ ਨਾਲ ਹੋ ਚੁੱਕੀ ਹੈ ਤੇ ਮੇਰੇ ਦੋ ਬੱਚੇ ਹਨ ਇਹ ਸੁਣ ਕੇ ਜੇ ਈ ਤੇ ਉਸ ਦੀ ਪਤਨੀ ਉਸ ਨੂੰ ਵਿਦੇਸ਼ੀ ਪ੍ਰੀਵਾਰ ਛੱਡ ਕੇ ਇੱਥੇ ਪੰਜਾਬ ਵਿੱਚ ਵਿਆਹ ਕਰਨ ਲਈ ਜੋਰ ਪਾਉਂਦੇ ਹਨ। ਪਰ ਉਹ ਨਹੀਂ ਮੰਨਦਾ ਤੇ ਵਿਦੇਸ਼ ਚਲਾ ਜਾਂਦਾ ਹੈ। ਜੇ. ਈ. ਤੇ ਉਸ ਦੀ ਪਤਨੀ ਸਦਮੇ ਵਿੱਚ ਆ ਕੇ ਆਤਮ ਹੱਤਿਆ ਕਰ ਲੈਂਦੇ ਹਨ। ਤੇ ਨਾਟਕ ਬੰਦ ਹੋ ਜਾਂਦਾ ਹੈ।

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਜੇ ਬੱਚਾ ਵਿਦੇਸ਼ ਵਿੱਚ ਵਿਆਹ ਕਰ ਲੈਂਦਾ ਹੈ ਤੇ ਇਸ ਵਿੱਚ ਆਤਮ ਹੱਤਿਆ ਕਰਨ ਵਾਲੀ ਕੀ ਗੱਲ ਹੈ। ਮੈਨੂੰ ਇਸ ਨਾਟਕ ਦਾ ਅੰਤ ਕੋਈ ਮੈਸਿਜ ਨਾ ਦਿੰਦਾ ਹੋਣ ਕਰਕੇ ਨਾਟਕ ਦੇ ਪ੍ਰਸਿੱਧ ਕਲਾਕਾਰ ਪ੍ਰਕਾਸ਼ ਸਾਧੂ ਨਾਲ ਗੱਲ ਕੀਤੀ ਤੇ ਨਾਟਕ ਨੂੰ ਇਕ ਸੰਘਰਸ਼ਮਈ ਬਣਾਉਣ ਲਈ ਉਸ ਵਿੱਚ ਬਦਲ ਕੀਤਾ ਜਾਵੇ ਪਰ ਉਸ ਨੇ ਗੱਲ ਨਾ ਸੁਣੀ ਗੁਰਚੇਤ ਚਿਤਰਕਾਰ ਆਮ ਲੋਕਾਂ ਤੋਂ ਇਸ ਨਾਟਕ ਦੀ ਰਾਇ ਲੈ ਰਿਹਾ ਸੀ। ਪਰ ਆਮ ਜਨਤਾ ਇਹ ਗੱਲਾਂ ਨਹੀਂ ਜਾਣਦੀ, ਮੇਰੇ ਵਿਰੋਧ ਕਰਨ ’ਤੇ ਪ੍ਰੋ. ਅਮਨਿੰਦਰ ਸਿੰਘ ਸਰਕਾਰੀ ਬਲਜਿੰਦਰਾ ਕਾਲਜ ਫਰੀਦਕੋਟ ਵੀ ਇਸ ਨਾਟਕ ਦੇ ਅਖੀਰਲੇ ਪੜਾਅ ਵਿੱਚ ਤਬਦੀਲੀ ਲਿਆਉਣ ਲਈ ਕਿਹਾ। ਪਰ ਸਾਡੀ ਗੱਲ ਕਿਸੇ ਨਾ ਸੁਣੀ ਫਿਰ ਇਹ ਨਾਟਕ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਖੇਡਿਆ ਜਾਣਾ ਸੀ ਤੇ ਵੀ ਪ੍ਰੋਫੈਸਰ ਸਾਹਿਬ ਨੇ ਜਦੋਂ ਇਸ ਨਾਟਕ ਦਾ ਸਾਰਾ ਹਾਲ ਪਟਿਆਲਾ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਨਾਲ ਸਾਂਝਾ ਕੀਤਾ ਤਾਂ ਉਹਨਾਂ ਵੀ ਆਤਮ ਹੱਤਿਆ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ। ਕਹਿਕੇ ਇਸ ਨਾਟਕ ਦਾ ਵਿਰੋਧ ਕੀਤਾ। ਨਾਟਕ ਨੂੰ ਬਦਲਣ ਦਾ ਵਾਅਦਾ ਕਰਕੇ ਗੁਰਚੇਤ ਚਿਤਰਕਾਰ ਨੇ ਨਾਟਕ ਖੇਡਿਆ। ਉਥੇ ਹੋਰ ਵੀ ਨਾਟਕ ਗੁਰਚੇਤ ਚਿਤਰਕਾਰ ਨੇ ਕਰਨੇ ਸਨ ਜੋ ਵਿਰੋਧ ਕਾਰਨ ਨਾ ਹੋ ਸਕੇ।

**ਸਾਡੀ ਮੰਗ ਹੈ ਕਿ ਇਕ ਅਜਿਹਾ ਬੋਰਡ ਬਣੇ ਜੋ ਨਾਟਕ ਨੂੰ ਚੈਕ ਕਰੇ ਕਿ ਇਹ ਨਾਟਕ ਖੇਡਣ ਯੋਗ ਹੈ ਜਾਂ ਨਹੀਂ ਜਦੋਂ, ਬੋਰਡ ਫੈਸਲਾ ਇਸ ਆਧਾਰ ਪਰ ਕਰੇ ਕਿ ਨਾਟਕ ਦਾ ਸੰਦੇਸ਼ ਲੋਕਾਂ ਵਿੱਚ ਠੀਕ ਜਾਂਦਾ ਹੈ ਤਾਂ ਫਿਰ ਨਾਟਕ ਖੇਡਣ ਦੀ ਇਜਾਜ਼ਤ ਹੋਵੇ।**

ਨਾਟਕਕਾਰਾਂ ਨੂੰ ਨਾਟਕ ਖੇਡਣ ਤੋਂ ਪਹਿਲਾਂ ਕਿ ਇਸ ਨਾਟਕ ਦਾ ਲੋਕਾਂ ਵਿੱਚ ਕੀ ਸੰਦੇਸ਼ ਜਾਵੇਗਾ ਇਹ ਜ਼ਰੂਰ ਸੋਚਣਾ ਚਾਹੀਦਾ ਹੈ। ਫਿਰ ਹੀ ਇਹ ਸੇਵਾ ਹੈ। ਨਹੀਂ ਤਾਂ ਬਿਜਨਿਸ ਇਹ ਧੰਦਾ ਹੈ ਜਿਸ ਦਾ ਅਸੀਂ ਵਿਰੋਧ ਕਰਦੇ ਹਾਂ।

**– ਲਖਵਿੰਦਰ ਹਾਲੀ, 98761 63421**

# ਦੇਵੀਆਂ ਅਤੇ ਬਾਬਿਆਂ ਦੇ ਢੌਂਗ

ਅੱਜ ਵੀ ਸਮਾਜ ਵਿੱਚ ਉਨ੍ਹਾਂ ਲੋਕਾਂ ਦੀ ਘਾਟ ਨਹੀਂ ਹੈ, ਜਿਹੜੇ ਪਖੰਡੀ ਦੇਵੀਆਂ ਅਤੇ ਬਾਬਿਆਂ ਦੇ ਚਮਤਕਾਰਾਂ ਉੱਤੇ ਅੱਖਾਂ ਬੰਦ ਕਰਕੇ ਵਿਸ਼ਵਾਸ ਕਰ ਬੈਠਦੇ ਹਨ, ਪਰ ਪੋਲ ਖੁੱਲ੍ਹਣ ਉੱਤੇ ਕੀ ਹੁੰਦਾ ਹੈ? ਉਹੀ ਢਾਕ ਦੇ ਤਿੰਨ ਪੱਤ! (ਗ਼ਰੀਬੀ ਰਹਿਣੀ, ਸਦਾ ਉਹੀ ਹਾਲ ਰਹਿਣਾ)

ਲੱਗਭਗ 4 ਸਾਲ ਪਹਿਲਾਂ ਕਾਨਪੁਰ ਦੇ ਕੋਪਰਗੰਜ ਇਲਾਕੇ ਵਿੱਚ ਇੱਕ ਦਿਲਚਸਪ ਘਟਨਾ ਵਾਪਰੀ। ਇੱਥੋਂ ਦੀ ਮਲੀਨ ਬਸਤੀ ਵਿੱਚ ਰਹਿਣ ਵਾਲੇ ਅਸ਼ੋਕ ਨਾਂ ਦੇ ਇੱਕ ਮਜ਼ਦੂਰ ਦੀ ਇਸਤਰੀ ਨੂੰ ਇੱਕ ਮਰਿਆ ਹੋਇਆ ਬੱਚਾ ਪੈਦਾ ਹੋਇਆ। ਇਸਦਾ ਆਕਾਰ ਬਹੁਤ ਅਜੀਬ ਸੀ। ਨੱਕ ਕੁੱਝ ਵੱਧੀ ਹੋਈ ਸੀ, ਪੇਟ ਗੋਲ ਸੀ ਅਤੇ ਗਰਦਨ ਨਹੀਂ ਸੀ।

ਸ਼ੈਤਾਨੀ ਦਿਮਾਗ ਦੀ ਉਪਜ : ਹਜ਼ਾਰਾਂ ਦਾ ਚੜ੍ਹਾਵਾ : ਦਰਅਸਲ ਅਸ਼ੋਕ ਦੀ ਪਤਨੀ ਲੰਬੇ ਸਮੇਂ ਤੋਂ ਬਿਮਾਰ ਸੀ, ਨਾਲ ਹੀ ਗਰੀਬੀ ਦੇ ਕਾਰਨ ਕੁਪੋਸ਼ਣ ਦੀ ਵੀ ਸ਼ਿਕਾਰ ਸੀ। ਲਗਾਤਾਰ 'ਐਂਟੀ ਬਾਯੋਟਿਕ' ਦਵਾਈਆਂ ਖਾਣ ਦੇ ਕਾਰਨ ਉਸਨੂੰ ਮਰਿਆ ਹੋਇਆ ਬੇਢੰਗਾ ਬੱਚਾ ਪੈਦਾ ਹੋਇਆ ਸੀ। ਅਸ਼ੋਕ ਦੇ ਦੋਸਤ ਨੇ ਬੱਚੇ ਨੂੰ ਦੇਖਿਆ ਤਾਂ ਉਸ ਦੇ ਸ਼ੈਤਾਨੀ ਦਿਮਾਗ ਵਿੱਚ ਸਕੀਮ ਆਈ। ਉਸਨੇ ਅਸ਼ੋਕ ਨੂੰ ਸਮਝਾਇਆ ਅਤੇ ਬੱਚੇ ਨੂੰ ਫੁੱਲਮਾਲਾ ਪਾ ਕੇ ਘਰ ਦੇ ਬਾਹਰ ਇੱਕ ਤਖਤੇ ਨਾਲ ਟਿਕਾ ਕੇ ਬੈਠਾ ਦਿੱਤਾ।

ਲੱਗਭਗ 2-3 ਘੰਟੇ ਵਿੱਚ ਹੀ ਆਸਪਾਸ ਦੇ ਇਲਾਕਿਆਂ ਵਿੱਚ ਇਹ ਗੱਲ ਫੈਲ ਗਈ ਕਿ ਅਸ਼ੋਕ ਦੀ ਪਤਨੀ ਨੇ 'ਗਣੇਸ਼ ਜੀ' ਨੂੰ ਜਨਮ ਦਿੱਤਾ ਹੈ। ਸ਼ਾਮ ਤੱਕ ਦੂਰ ਦੂਰ ਤੋਂ ਲੋਕ ਦਰਸ਼ਨ ਦੇ ਲਈ ਦੌੜ ਪਏ। ਇਸ ਦੌਰਾਨ ਅਸ਼ੋਕ ਅਤੇ ਉਸ ਪਤਨੀ ਨੇ ਹਜ਼ਾਰਾਂ ਰੁਪਏ ਦਾ ਚੜ੍ਹਾਵਾ ਬਟੋਰ ਲਿਆ। ਇਹ ਧੰਦਾ ਤਦ ਖ਼ਤਮ ਹੋਇਆ, ਜਦ ਬੱਚੇ ਦੀ ਲਾਸ਼ ਤੋਂ ਬਦਬੂ ਆਉਣ ਲੱਗੀ ਅਤੇ ਪੁਲਿਸ ਨੇ ਉਸਨੂੰ ਕਬਜ਼ੇ ਵਿੱਚ ਲੈ ਕੇ ਅਫ਼ਵਾਹ ਫੈਲਾਉਣ ਦੇ ਜੁਰਮ ਵਿੱਚ ਅਸ਼ੋਕ ਅਤੇ ਉਸਦੇ ਦੋਸਤ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲਿਸ ਦੀ ਡਾਂਗ ਖਾਂਦੇ ਸਾਰ ਚਮਤਕਾਰ ਦੀ ਅਸਲੀ ਕਹਾਣੀ ਸਾਹਮਣੇ ਆ ਗਈ।

ਗੰਗਾ ਮਾਈ : ਅੱਛੀ ਕਮਾਈ : ਇਸੇ ਤਰ੍ਹਾਂ ਕੁੱਝ ਸਾਲ ਪਹਿਲਾਂ ਕਾਨਪੁਰ ਤੋਂ 25 ਕਿਲੋਮੀਟਰ ਦੂਰ ਇਤਿਹਾਸਕ ਥਾਂ ਵਿਠੂਰ ਵਿੱਚ ਇੱਕ ਇਸਤਰੀ ਦੀ ਲਾਸ਼ ਨੂੰ ਗੰਗਾ ਮਾਈ ਦਾ ਅਵਤਾਰ ਦੱਸ ਕੇ ਉਸ ਦਾ ਪਤੀ 2 ਸਾਲ ਤੱਕ ਲੋਕਾਂ ਨੂੰ ਠੱਗਦਾ ਰਿਹਾ। ਇਸ ਗੰਗਾ ਮਾਈ ਦੇ ਦਰਸ਼ਨ ਦੇ ਲਈ ਲੋਕ ਪਤਾ ਨਹੀਂ ਕਿੱਥੇ ਕਿੱਥੇ ਤੋਂ ਆਉਂਦੇ ਸਨ।

ਗੰਗਾ ਮਾਈ ਦੇ ਪਤੀ ਨੇ ਇਹ ਅਫ਼ਵਾਹ ਫੈਲਾਈ ਹੋਈ ਸੀ ਕਿ ਇਹ ਦੇਵੀ ਹੈ, ਇਸ ਲਈ ਉਸਦਾ ਸਰੀਰ ਕਦੇ ਖਰਾਬ ਨਹੀਂ ਹੋਵੇਗਾ। ਉਸਨੂੰ ਮੰਦਰ ਦੇ ਅੰਦਰ ਇੱਕ ਹਨੇਰੀ ਕੋਠਰੀ ਵਿੱਚ ਇਸ ਤਰ੍ਹਾਂ ਢੱਕ ਕੇ ਰੱਖਿਆ ਗਿਆ ਸੀ ਕਿ ਗੰਗਾ ਮਾਈ ਦਾ ਚਿਹਰਾ ਹੀ ਮੁਸ਼ਕਿਲ ਨਾਲ ਦਿਖਾਈ ਪੈਂਦਾ ਸੀ। ਆਖਰ ਹਿੰਮਤ ਕਰਕੇ ਜ਼ਿਲ੍ਹਾ ਪ੍ਰਸ਼ਾਸ਼ਨ ਨੇ ਹੀ ਇਸ ਠੱਗੀ ਦੇ ਧੰਦੇ ਦਾ ਪਰਦਾਫਾਸ਼ ਕਰ ਚੁੱਕੀ ਸੀ ਅਤੇ ਉਸ ਦਾ ਠੱਗ ਪਤੀ ਰੁਪਿਆ ਲੈ ਕੇ ਫਰਾਰ ਹੋ ਗਿਆ ਸੀ।

ਜਦ ਵੱਡੇ ਸ਼ਹਿਰਾਂ ਵਿੱਚ ਪੜ੍ਹੇ ਲਿਖੇ ਲੋਕਾਂ ਨੂੰ ਚਮਤਕਾਰ ਦੇ ਨਾਂ ਉੱਤੇ ਏਨੀ ਅਸਾਨੀ ਨਾਲ ਠੱਗਿਆ ਜਾ ਸਕਦਾ ਹੈ ਤਾਂ ਪਿੰਡਾਂ ਵਿੱਚ ਕੀ ਹੁੰਦਾ ਹੋਵੇਗਾ, ਇਸ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਕਦੇ 'ਚੁੜੈਲ' ਜਾਂ 'ਡਾਇਣ' ਦੱਸ ਕੇ ਕਿਸੇ ਇਸਤਰੀ ਦੀ ਪੱਥਰ ਮਾਰ ਮਾਰ ਕੇ ਜਾਨ ਲੈ ਲਈ ਜਾਂਦੀ ਹੈ ਤਾਂ ਕਦੇ ਕਿਸੇ ਚੋਰ, ਉੱਚੱਕੇ ਜਾਂ ਡਾਕੂ ਨੂੰ ਸੰਨਿਆਸੀ ਦੇ ਭੇਸ ਵਿੱਚ ਦੇਖ ਕੇ ਬਿਨ੍ਹਾਂ ਉਸ ਦੇ ਬਾਰੇ ਵਿੱਚ ਜਾਣੇ ਸਿਰ ਅੱਖਾਂ ਉੱਤੇ ਬੈਠਾ ਲਿਆ ਜਾਂਦਾ ਹੈ।

'ਦੇਵੀਆਂ' ਧੰਦੇ ਦਾ ਜ਼ਰੀਆ : ਪਿੰਡ ਵਾਲਿਆਂ ਦੀ ਅੰਨ੍ਹੀ ਸ਼ਰਧਾ ਨੇ ਹੀ ਇੱਧਰ ਇੱਕ ਨਵੇਂ ਧੰਦੇ ਨੂੰ ਜਨਮ ਦਿੱਤਾ ਹੈ। ਹੁਣੇ ਹੀ ਉਤਰ ਪ੍ਰਦੇਸ਼ ਦੇ ਜਾਲੌਨ ਅਤੇ ਉਸ ਦੇ ਆਸਪਾਸ ਦੇ ਕਈ ਪਿੰਡਾਂ ਵਿੱਚ ਅਚਾਨਕ ਕਈ 'ਦੇਵੀਆਂ'

**ਰਾਕੇਸ਼ ਨਾਥ**

ਪੈਦਾ ਹੋ ਗਈਆਂ ਇਹਨਾਂ ਦੇ ਦਰਸ਼ਨ ਦੇ ਲਈ ਰੋਜ਼ ਹਜ਼ਾਰਾਂ ਲੋਕਾਂ ਦੀ ਭੀੜ ਆਉਣ ਲੱਗੀ ਅਤੇ ਪੁਲਿਸ ਪ੍ਰਸ਼ਾਸ਼ਨ ਦੇ ਲਈ ਸਿਰਦਰਦ ਪੈਦਾ ਹੋ ਗਿਆ।

ਪਹਿਲੀ ਘਟਨਾ ਮਾਰਚ ਦੇ ਆਖਰੀ ਹਫ਼ਤੇ ਵਿੱਚ ਸਾਹਮਣੇ ਆਈ। ਜਾਲੌਨ ਜ਼ਿਲ੍ਹੇ ਦੇ ਛੌਨਾ-ਮਾਨਪੁਰ ਪਿੰਡ ਵਿੱਚ ਕੁਝ ਲੋਕਾਂ ਨੇ 8ਵੀਂ ਜਮਾਤ ਦੀ 15 ਸਾਲ ਦੀ ਵਿਦਿਆਰਥਣ ਊਸ਼ਾ ਨੂੰ 'ਗੁੰਮੀ ਦੇਵੀ' ਦਾ ਅਵਤਾਰ ਦੱਸ ਕੇ ਇੱਕ ਮੰਦਰ ਦੇ ਕੋਲ ਬੈਠਾ ਦਿੱਤਾ। ਆਸਪਾਸ ਦੇ ਪਿੰਡਾਂ ਵਿੱਚ ਇਹ ਗੱਲ ਪਹਿਲਾਂ ਤੋਂ ਹੀ ਤਿਆਰ ਕੀਤੇ ਢੰਗ ਫੈਲਾ ਦਿੱਤੀ ਗਈ ਕਿ ਅਨੰਦੀ ਅਹੀਰਵਾਰ ਦੀ ਲੜਕੀ ਊਸ਼ਾ 'ਦੇਵੀ' ਬਣ ਗਈ ਹੈ। ਉਸ ਵਿੱਚ ਅਜੀਬ ਸ਼ਕਤੀ ਆ ਗਈ ਹੈ ਅਤੇ ਉਹ ਜੋ ਚਾਹੇ ਕਰ ਸਕਦੀ ਹੈ। 2-4 ਦਿਨਾਂ ਦੇ ਅੰਦਰ ਹੀ ਗੁੰਮੀ ਦੇਵੀ ਦੇ ਦਰਸ਼ਨ ਦੇ ਲਈ ਭਾਰੀ ਭੀੜ ਆਉਣ ਲੱਗੀ। ਸਵੇਰੇ ਸ਼ਾਮ ਉਸ ਦੀ ਆਰਤੀ ਉਤਾਰੀ ਜਾਣ ਲੱਗੀ। ਹਜ਼ਾਰਾਂ ਰੁਪਏ ਦਾ ਚੜ੍ਹਾਵਾ ਚੜ੍ਹਣ ਲੱਗਾ ਅਤੇ ਲੋਕ ਤਰ੍ਹਾਂ ਤਰ੍ਹਾਂ ਦੀਆਂ ਮੰਨਤਾਂ ਮੰਗਣ ਲੱਗੇ।

ਦਿਮਾਗ ਦੀ ਕਮਜ਼ੋਰ ਊਸ਼ਾ ਪਰ ਦੇਵੀ : ਕੁੱਝ ਮਹੀਨੇ ਪਹਿਲਾਂ ਵੀ ਇੱਕ ਵਾਰ ਊਸ਼ਾ ਨੂੰ ਚਮਤਕਾਰੀ ਦੇਵੀ ਦੱਸ ਕੇ ਬੈਠਾਇਆ ਗਿਆ ਸੀ ਪਰੰਤੂ ਉਸ ਸਮੇਂ ਪੁਲਿਸ ਨੇ ਉਸਨੂੰ ਚੁੱਕ ਕੇ ਡਾਕਟਰਾਂ ਦੀ ਸਲਾਹ ਉੱਤੇ ਹਸਪਤਾਲ ਵਿੱਚ



ਦਾਖਲ ਕਰਾ ਦਿੱਤਾ ਸੀ। ਡਾਕਟਰਾਂ ਨੇ ਜਾਂਚ ਕਰਨ ਉੱਤੇ ਦੇਖਿਆ ਕਿ ਊਸ਼ਾ ਦਿਮਾਗੀ ਤੌਰ ਤੋਂ ਕਮਜ਼ੋਰ ਹੈ, ਇਸ ਲਈ ਅਜੀਬ ਹਰਕਤਾਂ ਕਰਦੀ ਹੈ। ਕੁਝ ਦਿਨ ਬਾਅਦ ਊਸ਼ਾ ਦੇ ਘਰ ਵਾਲੇ ਉਸਨੂੰ ਹਸਪਤਾਲ ਤੋਂ ਭਜਾ ਕੇ ਲੈ ਗਏ ਅਤੇ ਫੇਰ ਦੇਵੀ ਬਣਾ ਕੇ ਬੈਠਾ ਦਿੱਤਾ। ਇਸ ਵਾਰ ਗੁੰਮੀ ਦੇਵੀ ਉਰਫ ਊਸ਼ਾ ਦੇ ਦਰਸ਼ਨ ਦੇ ਲਈ ਆਉਣ ਵਾਲੇ ਭਗਤਾਂ ਦੀ ਗਿਣਤੀ ਵੱਧਦੀ ਹੀ ਜਾ ਰਹੀ ਸੀ ਅਤੇ ਉਸ ਦੇ ਘਰ ਵਾਲੇ ਮਾਲ ਬਟੋਰਨ ਵਿੱਚ ਲੀਨ ਸਨ।

ਦਿਮਾਗ ਦੀ ਜਾਂਚ ਦਾ ਵਿਰੋਧ : ਆਖਰ 21 ਮਾਰਚ ਨੂੰ ਜ਼ਿਲ੍ਹਾ ਅਧਿਕਾਰੀ ਦੇ ਹੁਕਮ ਉੱਤੇ ਡਾਕਟਰਾਂ ਦੀ ਇੱਕ ਟੀਮ ਜਾਂਚ ਦੇ ਲਈ ਛੌਨਾ ਮਾਨਪੁਰ ਪਿੰਡ ਪਹੁੰਚੀ। ਇਸ ਟੀਮ ਵਿੱਚ ਜਾਲੌਨ ਰਾਜਕੀਯ ਚਿਕਿਤਸਾਲਿਆ ਦੀ ਡਾਕਟਰ ਊਸ਼ਾ ਸਿੰਘ ਅਤੇ ਡਾਕਟਰ ਐਮ. ਪੀ. ਸਿੰਘ ਸ਼ਾਮਲ ਸਨ। ਊਸ਼ਾ ਦੀ ਜਾਂਚ ਦੇ ਦੌਰਾਨ ਸੁਰੱਖਿਆ ਦੇ ਲਈ ਇੱਕ ਪੁਲਿਸ ਦਲ ਵੀ ਨਾਲ ਗਿਆ। ਇਲਾਜ ਟੀਮ ਜਿਸ ਸਮੇਂ ਪਿੰਡ ਵਿੱਚ ਪਹੁੰਚੀ, ਉਸ ਸਮੇਂ ਤਥਾਕਥਿਤ ਗੁੰਮੀ ਦੇਵੀ ਦੀ ਆਰਤੀ ਉਤਾਰੀ ਜਾ ਰਹੀ ਸੀ ਅਤੇ ਲੱਗਭਗ 5 ਹਜ਼ਾਰ ਲੋਕ ਉਥੇ ਮੌਜੂਦ ਸਨ। ਊਸ਼ਾ ਦੇ ਘਰ ਵਾਲਿਆਂ ਦੇ ਭੜਕਾਊ ਨਾਹਰਿਆਂ ਕਾਰਨ ਪਿੰਡ ਵਾਲੇ ਉਸ ਦੀ ਜਾਂਚ ਦੇ ਖਿਲਾਫ ਸਨ।

ਜਾਂਚ ਪੜਤਾਲ ਦੇ ਦੌਰਾਨ ਡਾਕਟਰਾਂ ਨੂੰ ਪਤਾ ਲੱਗਾ ਕਿ ਊਸ਼ਾ ਨੂੰ ਪੂਰਾ ਭੋਜਨ ਨਹੀਂ ਦਿੱਤਾ ਜਾਂਦਾ ਸੀ ਅਤੇ ਕਈ ਕਈ ਦਿਨਾਂ ਤੱਕ ਭੁੱਖਾਂ ਰੱਖਿਆ ਜਾਂਦਾ ਸੀ। ਇਸ ਕਾਰਨ ਤੋਂ ਉਹ ਹੋਰ ਬੇਚੈਨ, ਪਾਗਲ ਹੋ ਗਈ ਸੀ।

ਦੇਵੀ ਦੇ ਨਾਂ ਉੱਤੇ ਭੜਕਾਣਾ : ਡਾਕਟਰਾਂ ਨੇ ਉਸ ਨੂੰ ਮੌਸਮੀ ਖੁਆਈ ਅਤੇ ਦੁੱਧ ਪਿਲਾਇਆ। ਇਸ ਦੌਰਾਨ ਊਸ਼ਾ ਕੁੱਝ ਦੇਰ ਦੇ ਲਈ ਬੇਹੋਸ਼ ਹੋ ਗਈ। ਇਸ ਉਤੇ ਕੁੱਝ ਲੋਕਾਂ ਨੇ ਭੀੜ ਨੂੰ ਇਹ ਕਹਿ ਕੇ ਭੜਕਾ ਦਿੱਤਾ ਕਿ ਡਾਕਟਰਾਂ ਨੇ ਊਸ਼ਾ ਨੂੰ ਜ਼ਹਿਰ ਦਾ ਟੀਕਾ ਦੇ ਦਿੱਤਾ ਹੈ। ਅੰਧਵਿਸ਼ਵਾਸੀ ਭੀੜ ਨੇ ਬਿਨਾ ਸੋਚੇ ਸਮਝੇ ਡਾਕਟਰਾਂ ਉੱਤੇ ਹਮਲਾ ਬੋਲ ਦਿੱਤਾ। ਇਸਤਰੀਆਂ ਨੇ ਡਾਕਟਰ ਊਸ਼ਾ ਸਿੰਘ ਦੇ ਕੱਪੜੇ ਫਾੜ ਦਿੱਤੇ ਅਤੇ ਉਸਦੀ ਕੁੱਟਾਈ ਕੀਤੀ। ਇਸ ਉੱਤੇ ਡਾਕਟਰ ਐਮ. ਪੀ. ਸਿੰਘ ਨੇ ਬਚਾਓ ਵਿੱਚ ਆਪਣੇ ਰਿਵਾਲਵਰ ਤੋਂ ਹਵਾਈ ਫਾਇਰ ਕੀਤਾ ਪਰੰਤੂ ਭੀੜ ਗੁੰਮੀਦੇਵੀ ਦੀ ਮੌਤ ਦੀ ਝੂਠੀ ਖ਼ਬਰ ਨਾਲ ਪਾਗਲ ਹੋ ਚੁੱਕੀ ਸੀ।

ਸੈਂਕੜੇ ਪਿੰਡ ਵਾਲਿਆਂ ਨੇ ਪੁਲਿਸ ਅਤੇ ਪ੍ਰਸ਼ਾਸਨਿਕ ਅਫ਼ਸਰਾਂ, ਕਰਮਚਾਰੀਆਂ ਉੱਤੇ ਲਾਠੀਆਂ, ਡੰਡਿਆਂ ਅਤੇ ਪੱਥਰਾਂ ਨਾਲ ਹਮਲਾ ਕਰ ਦਿੱਤਾ। ਆਖਰ ਪੁਲਿਸ ਨੂੰ ਫਾਇਰਿੰਗ ਕਰਨੀ ਪਈ, ਜਿਸ ਵਿੱਚ ਪਿੰਡ ਮਾਨਪੁਰ ਦਾ 20 ਸਾਲ ਦਾ ਨੌਜਵਾਨ ਅੰਨੂ ਮਾਰਿਆ ਗਿਆ। ਉੱਧਰ ਪਿੰਡ ਵਾਲਿਆਂ ਨੇ ਥਾਨਾਮੁਖੀ ਦੀ ਜੀਪ ਭੰਨ ਦਿੱਤੀ। ਪੁਲਿਸ ਨੇ ਉਸੇ ਦਿਨ ਊਸ਼ਾ ਦੇ ਪਿਤਾ ਅਨੰਦੀ ਅਹੀਵਾਰ ਅਤੇ ਭਾਈ ਨਾਹਰ ਸਿੰਘ ਸਹਿਤ ਕਈ ਲੋਕਾਂ ਨੂੰ ਭੜਕਾਉਣ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕਰ ਲਿਆ।

ਪਰਿਵਾਰ ਵਾਲਿਆਂ ਨੇ ਢਾਏ ਜ਼ੁਲਮ : ਜਾਲੌਨ ਦੇ ਇੱਕ ਪੁਲਿਸ ਅਫ਼ਸਰ ਦੇ ਅਨੁਸਾਰ, ਇਸ ਕਥਿਤ ਦੇਵੀ ਊਸ਼ਾ ਨੇ ਉਪ ਜ਼ਿਲ੍ਹਾ ਅਧਿਕਾਰੀ ਦੇ ਸਾਹਮਣੇ ਕਿਹਾ ਸੀ ਕਿ ਉਸ ਦੀ ਖਾਣ ਦੀ ਬਹੁਤ ਇੱਛਾ ਹੁੰਦੀ ਹੈ, ਪਰੰਤੂ ਪਰਿਵਾਰ ਦੇ ਲੋਕ ਖਾਣਾ ਨਹੀਂ ਦੇਂਦੇ। ਘਰ ਵਾਲਿਆਂ ਨੇ ਦਿਮਾਗੀ ਰੂਪ ਤੋਂ ਕਮਜ਼ੋਰ ਇਸ ਮਾਸੂਮ ਲੜਕੀ ਦਾ ਇਲਾਜ ਕਰਾਉਣ ਦੀ ਬਜਾਏ ਉਸ ਉੱਤੇ ਜ਼ੁਲਮ ਢਾਏ ਅਤੇ ਉਸ ਨੂੰ ਕਮਾਈ ਦਾ ਜ਼ਰੀਆ ਬਣਾ ਲਿਆ।

ਊਸ਼ਾ ਨੂੰ ਗੁੰਮੀਦੇਵੀ ਦੱਸ ਕੇ ਕਮਾਈ ਕਰਨ ਦਾ ਵਿਚਾਰ ਉਸ ਦੇ ਪਿਤਾ ਅਨੰਦੀ ਦੇ ਦਿਮਾਗ ਵਿੱਚ ਮੰਡੀ ਧਨੌਰਾ ਪਿੰਡ ਦਾ ਕਿੱਸਾ ਸੁਣ ਕੇ ਆਇਆ। ਇਸ ਪਿੰਡ ਵਿੱਚ ਕੁਝ ਮਹੀਨਿਆਂ ਤੋਂ ਸਰਸਵਤੀ ਦੇਵੀ ਦੀ ਕਾਫੀ ਚਰਚਾ ਸੀ। ਇੱਥੇ ਦੇ ਇੱਕ ਦੁਰਗਾ ਮੰਦਰ ਦੇ ਪਾਸ ਇੱਕ ਦਰੱਖਤ ਦੇ ਹੇਠਾਂ 14 ਸਾਲ ਦੀ ਭਗਵਤੀ ਨਾਂ ਦੀ ਇੱਕ ਲੜਕੀ ਇੱਕ ਦਿਨ ਅਚਾਨਕ ਤਪੱਸਿਆ ਕਰਨ ਦੇ ਲਈ ਬੈਠ ਗਈ। ਸ਼ੁਰੂਆਤ ਵਿੱਚ ਤਾਂ ਇਸ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ, ਪਰੰਤੂ 2-3 ਦਿਨ ਬੀਤ ਜਾਣ ਉੱਤੇ ਭਗਵਤੀ ਦੀ ਨਿਰੰਤਰ ਤਪੱਸਿਆ ਦੇਖ ਕੇ ਲੋਕ ਉਸ ਦੇ ਦਰਸ਼ਨ ਦੇ ਲਈ ਆਉਣ ਲੱਗੇ।

ਸ਼ਕਤੀ ਗਾਇਬ : ਗਾਜੀਆਬਾਦ ਦੇ ਰਹਿਣ ਵਾਲੇ ਭਗਵਤੀ ਦੇ ਪਿਤਾ ਨੇ ਇਸ ਵਿੱਚ ਇਹ ਪ੍ਰਚਾਰ ਕਰਨਾ ਸ਼ੁਰੂ ਕੀਤਾ ਕਿ ਵੈਸ਼ਨੂੰ ਦੇਵੀ ਦੀ ਯਾਤਰਾ ਦੇ ਦੌਰਾਨ ਉਨ੍ਹਾਂ ਨੂੰ ਪਤਾ ਚੱਲਿਆ ਕਿ ਭਗਵਤੀ ਉੱਤੇ ਦੇਵੀ ਦੀ ਕਿਰਪਾ ਹੈ। ਇਸ ਲਈ ਉਹ ਧਨੌਰਾ ਚਲੇ ਆਏ। ਤਦ ਤੋਂ ਭਗਵਤੀ ਤਪੱਸਿਆ ਕਰ ਰਹੀ ਹੈ। ਉਹ ਜਿਸਨੂੰ ਆਸ਼ੀਰਵਾਦ ਦੇਂਦੀ ਹੈ, ਉਸ ਦਾ ਜੀਵਨ ਸਫ਼ਲ ਕਰਨ ਦੇ ਚੱਕਰ ਵਿੱਚ ਹੀ ਪਿੰਡ ਦੇ ਅੰਧਵਿਸ਼ਵਾਸੀ ਭਗਵਤੀ ਦੇ ਪੈਰ ਛੂਹਣ ਦੌੜ ਪਏ। ਇਸ ਤਥਾਕਥਿਤ ਦੇਵੀ ਦੀ ਸ਼ਕਤੀ ਦੀ ਤਦ ਖਤਮ ਹੋਈ ਜਦ ਪੁਲਿਸ ਨੇ ਇਸਨੂੰ ਉਥੋਂ ਹਟਾਇਆ ਅਤੇ ਭਗਵਤੀ ਦੇ ਪਿਤਾ ਨੂੰ ਕਾਨੂੰਨ ਦੀ ਭਾਸ਼ਾ ਸਮਝਾਈ।

ਸਰਸਵਤੀ ਦੇਵੀ ਦਾ ਮਾਮਲਾ ਨਿਬਟਾਉਣ ਦੇ ਬਾਅਦ ਪੁਲਿਸ ਨੂੰ ਪਤਾ ਲੱਗਾ ਕਿ ਜਾਲੌਨ ਜ਼ਿਲ੍ਹੇ ਦੇ ਹੀ ਆਲਮਪੁਰ ਪਿੰਡ ਵਿੱਚ ਵੀ ਕਈ ਮਹੀਨਿਆਂ ਤੋਂ ਇੱਕ ਕੁੜੀ ਨੂੰ ਦੇਵੀ ਦੱਸ ਕੇ ਠੱਗੀ ਦਾ ਧੰਦਾ ਚੱਲ ਰਿਹਾ ਹੈ। ਆਲਮਪੁਰ ਵਿੱਚ ਦੇਵੀ ਬਣੀ ਕੁਮਾਰੀਨੀਰਜ ਦਾ ਆਸ਼ੀਰਵਾਦ ਲੈਣ ਦੇ ਲਈ ਲੱਗਭਗ 4 ਮਹੀਨੇ ਤੋਂ ਮੇਲਾ ਲੱਗ ਰਿਹਾ ਸੀ।

ਫੇਰ ਨਾਟਕ ਵਿੱਚ ਭਗਤਾਂ ਤੋਂ ਵਸੂਲੀ : ਨੀਰਜ ਦੇ ਘਰ ਵਾਲਿਆਂ ਨੇ ਵੀ ਇੱਕ ਦਿਨ ਅਚਾਨਕ ਸਾਰੇ ਪਿੰਡ ਵਿੱਚ ਹੱਲਾ ਮਚਾ ਦਿੱਤਾ ਕਿ ਨੀਰਜ ਦੇ ਅੰਦਰ ਦੈਵੀ ਸ਼ਕਤੀ ਦਾ ਸੰਚਾਰ ਹੋ ਗਿਆ ਹੈ। ਉਹ ਜੋ ਕੁੱਝ ਕਹਿੰਦੀ ਹੈ ਸੱਚ ਹੋ ਜਾਂਦਾ ਹੈ, ਜਿਸਨੂੰ ਸਰਾਪ ਦਿੰਦੀ ਉਹ ਬਰਬਾਦ ਹੋ ਜਾਂਦਾ ਹੈ। ਜਿਸ ਉੱਤੇ ਖੁਸ਼ ਹੋ ਜਾਂਦੀ ਹੈ ਉਹ ਮਾਲਾਮਾਲ ਹੋ ਜਾਂਦਾ ਹੈ। ਪ੍ਰਚਾਰ ਤੋਂ ਘਬਰਾਏ ਪਿੰਡ ਵਾਲੇ ਦੇਵੀ ਦੇ ਦਰਸ਼ਨ ਕਰਨ ਭੱਜ ਪਏ। ਖਾਲੀ ਹੱਥ ਜਾਣ ਉੱਤੇ ਦੇਵੀ ਕਿਤੇ ਨਾਰਾਜ਼ ਨਾ ਹੋ ਜਾਣ, ਇਸ ਲਈ ਲੋਕਾਂ ਨੇ ਆਪਣੀ ਹੈਸੀਅਤ ਦੇ ਅਨੁਸਾਰ ਮਿਠਾਈ, ਫ਼ਲ, ਕੱਪੜੇ ਅਤੇ ਰੁਪਏ ਪੈਸੇ ਚੜ੍ਹਾਏ। ਦੇਵੀ ਦੇ ਘਰ ਵਾਲੇ ਚੜ੍ਹਾਵੇ ਦਾ ਲੇਖਾ ਜੋਖਾ ਉਸ ਤਰ੍ਹਾਂ ਤਿਆਰ ਕਰ ਰਹੇ ਸਨ ਜਿਸ ਤਰ੍ਹਾਂ ਲੜਕੀ ਦੇ ਵਿਆਹ ਵਿੱਚ 'ਵਰਤਾਓ' ਸ਼ਗਨ ਦਾ ਪੈਸਾ ਨੋਟ ਕੀਤਾ ਜਾਂਦਾ ਹੈ

ਮੁਫ਼ਤ ਦਾ ਮਾਲ ਬਟੋਰਨ ਦੀਆਂ ਚਾਲਾਂ : ਲੋਕਾਂ ਨੂੰ ਮੂਰਖ ਬਣਾ ਕੇ ਠੱਗਣ ਦਾ ਇਹ ਚੋਖਾ ਧੰਦਾ ਸ਼ਾਇਦ ਹਾਲੇ ਤੱਕ ਚੱਲ ਰਿਹਾ ਹੁੰਦਾ, ਜੇਕਰ ਸ਼ਿਕਾਇਤ ਮਿਲਣ ਉੱਤੇ ਪੁਲਿਸ ਉਥੇ ਨਾ ਪਹੁੰਚਦੀ। ਪਿੰਡ ਵਾਲਿਆਂ ਦੇ ਭਾਰੀ ਵਿਰੋਧ ਦੇ ਬਾਵਜੂਦ ਪੁਲਿਸ ਨੇ ਭੁੱਖ ਪਿਆਸ ਨਾਲ ਅੱਧਮਰੀ ਹੋ ਚੁੱਕੀ ਇਸ ਦੇਵੀ ਨੂੰ ਝਾਂਸੀ ਦੇ ਮੈਡੀਕਲ ਕਾਲਜ ਵਿੱਚ ਭਰਤੀ ਕਰਾਇਆ। ਮੁਕੰਮਲ ਜਾਂਚ ਦੇ ਬਾਅਦ ਡਾਕਟਰਾਂ ਨੇ ਦੱਸਿਆ ਕਿ ਨੀਰਜ ਨੂੰ ਲੰਬੇ ਸਮੇਂ ਤੋਂ ਭੁੱਖਾ ਰੱਖਿਆ ਗਿਆ ਸੀ। ਉਹ ਦਿਨ ਵਿੱਚ ਕਈ ਕਈ ਵਾਰ ਬੇਹੋਸ਼ੀ ਦੀ ਹਾਲਤ ਵਿੱਚ ਊਲਜਲੂਲ ਬੱਕਦੀ ਸੀ। ਪਿੰਡ ਵਾਲੇ ਸਮਝਦੇ ਸਨ ਕਿ 'ਦੇਵੀ' ਬੋਲ ਰਹੀ ਹੈ। ਡਾਕਟਰਾਂ ਦਾ ਕਹਿਣਾ ਸੀ ਕਿ 2-4 ਦਿਨ ਹੋਰ ਨੀਰਜ ਨੂੰ ਖਾਣਾ ਪਾਣੀ ਨਾ ਦਿੱਤਾ ਗਿਆ ਹੁੰਦਾ ਤਾਂ ਉਸ ਦੀ ਜਾਨ ਚਲੀ ਜਾਂਦੀ। ਨੀਰਜ ਦੇ ਘਰ ਵਾਲੇ ਮੁਫ਼ਤ ਦਾ ਮਾਲ ਬਟੋਰਨ ਦੇ ਲਈ ਉਸ ਨੂੰ

ਕਰਣਧਾਰ ਵੀ ਅਛੂਤੇ ਨਹੀਂ : ਸਵਾਲ ਉੱਠਦਾ ਹੈ ਕਿ ਇਸ ਤਰ੍ਹਾਂ ਦੇ ਧੰਦੇ ਆਖਰ ਕਿਉਂ ਵਧਦੇ-ਫੁਲਦੇ ਹਨ ? ਚਮਤਕਾਰ ਦੇ ਨਾਂ ਉੱਤੇ ਲੋਕ ਕਿਉਂ ਠੱਗੇ ਜਾਂਦੇ ਹਨ ? ਇਸ ਦਾ ਸੱਭ ਤੋਂ ਵੱਡਾ ਕਾਰਨ ਸ਼ਾਇਦ ਉਨ੍ਹਾਂ ਪੜ੍ਹੇ ਲਿਖੇ ਲੋਕਾਂ ਦਾ ਅੰਧਵਿਸ਼ਵਾਸੀ ਹੋਣਾ ਹੈ, ਜਿਹੜੇ ਨਾ ਸਿਰਫ ਵੱਡੇ-ਵੱਡੇ ਅਹੁੱਦਿਆਂ ਉੱਤੇ ਹਨ ਸਗੋਂ ਦੇਸ਼ ਦੀ ਜਨਤਾ ਦਾ ਰਾਹਦਸੇਰਾ ਕਰਨ ਵਾਲੇ ਸਮਝੇ ਜਾਂਦੇ ਹਨ। ਇਕੱਲੇ ਨਰਸਿੰਘ ਰਾਵ ਹੀ ਅਜਿਹੇ ਨਹੀਂ ਸਨ ਜੋ ਚੰਦਰਾਸਵਾਮੀ ਵਰਗੇ ਜਾਲਸਾਜ ਅਤੇ ਤਥਾਕਥਿਤ ਤਾਂਤਰਿਕ ਦੇ ਸਾਹਮਣੇ ਗੋਡੇ ਟੇਕਦੇ ਸਨ, ਅੱਜ ਦੇਸ਼ ਦੇ ਸਾਰੇ ਵੱਡੇ ਲੀਡਰ ਅਤੇ ਅਫ਼ਸਰ ਤਾਂਤਰਿਕਾਂ ਅਤੇ ਸਾਧੂਆਂ ਦੀ ਸ਼ਰਨ ਵਿੱਚ ਜਾਂਦੇ ਹਨ। ਆਪਣੇ ਕੰਮ ਬਣਾਉਣ ਦੇ ਲਈ ਯੱਗ ਅਤੇ ਧਾਰਮਿਕ ਪੂਜਾ ਕਰਵਾਉਂਦੇ ਹਨ। ਕੋਈ ਕੋਈ ਅੰਗੂਠੀਆਂ ਅਤੇ ਤਰ੍ਹਾਂ ਤਰ੍ਹਾਂ ਦੀ ਮਾਲਾਵਾਂ ਪਹਿਨਦਾ ਹੈ ਤਾਂ ਕੋਈ ਤਵੀਤ ਬੰਨ੍ਹਵਾ ਕੇ ਵਿਗੜੇ ਕੰਮ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਅਤੇ ਕੋਈ ਆਪਣੇ ਕਾਲੇ ਧਨ ਦੀ ਕਮਾਈ ਤੋਂ ਗੁਪਤ ਦਾਨ ਦੇ ਕੇ ਪੁੰਨ ਕਮਾਉਣ ਦੀ ਕੋਸ਼ਿਸ਼ ਕਰਦਾ ਹੈ।

ਪੰਡਿਆਂ ਦੇ ਚੱਕਰਵਿਊ ਵਿੱਚ ਅੰਨ੍ਹੀ ਭਗਤੀ : ਜਦ ਦੇਸ਼ ਦੇ ਕਰਣਧਾਰ ਅਜਿਹੇ ਕਰਮਕਾਂਡ ਕਰਕੇ ਕੁੱਝ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਲੋਕਾਂ ਨੂੰ ਵੀ ਇਹੀ ਸੁਨੇਹਾ ਮਿਲਦਾ ਹੈ ਕਿ ਈਮਾਨਦਾਰੀ ਜਾਂ ਮਿਹਨਤ ਤੋਂ ਚੰਗਾ ਕੰਮ ਕਰਨ ਦੀ ਬਜਾਏ ਤਥਾਕਥਿਤ ਦੇਵੀ ਦੇਵਤਿਆਂ, ਬਾਬਿਆਂ ਦੇ ਚੱਕਰ ਲਗਾਉਣ ਨਾਲ ਕੰਮ ਵੱਧ ਆਸਾਨੀ ਨਾਲ ਹੋ ਸਕਦਾ ਹੈ।

ਅੱਜ ਬੁੱਧੀਜੀਵੀ ਸਮਝੇ ਜਾਣ ਵਾਲਿਆਂ ਵਿੱਚ ਲੱਖਾਂ ਅਜਿਹੇ ਆਈ. ਏ. ਐਸ; ਡਾਕਟਰ, ਇੰਜਨੀਅਰ, ਵਕੀਲ, ਜੱਜ, ਪੱਤਰਕਾਰ ਅਤੇ ਅਧਿਆਪਕ ਮਿਲ ਜਾਣਗੇ, ਜੋ ਆਪਣਾ ਕੰਮ ਕਾਜ ਛੱਡ ਕੇ ਕਿਸੇ ਚਮਤਕਾਰ ਦੀ ਉਮੀਦ ਵਿੱਚ ਬਾਬਿਆਂ ਦੇ ਚੱਕਰ ਲਗਾਉਂਦੇ ਹਨ ਅਤੇ ਆਪਣਾ ਸਮਾਂ ਅਤੇ ਪੈਸਾ ਬਰਬਾਦ ਕਰਦੇ ਹਨ।

ਹੱਥ ਕੁੱਝ ਨਹੀਂ ਆਉਂਦਾ : ਦੋ ਸਾਲ ਪਹਿਲਾਂ ਲਖਨਊ ਵਿੱਚ ਇੱਕ ਬਾਬੇ ਨੇ ਸ਼ਹਿਰ ਦੇ ਇੱਕ ਚੰਗੇ ਇਲਾਕੇ ਵਿੱਚ ਆਪਣਾ ਡੇਰਾ ਜਮਾਇਆ। ਉਸਦੇ ਚੇਲਿਆਂ ਨੇ ਸਾਰੇ ਸ਼ਹਿਰ ਵਿੱਚ ਬਾਕਾਇਦਾ ਪੋਸਟਰ ਚਿਪਕਾ ਕੇ ਅਤੇ ਪਰਚੇ ਵੰਡ ਕੇ ਪ੍ਰਚਾਰ ਕੀਤਾ ਕਿ ਬਾਬਾ ਇੱਕ ਸਵਰਗੀ ਸਿੱਧ ਬਾਬੇ ਦੇ ਅਵਤਾਰ ਹਨ। ਜੋ ਇਹਨਾਂ ਦੇ ਪੈਰ ਛੂਹ ਲਵੇਗਾ ਉਹ ਸਿੱਧਾ ਸਵਰਗ ਜਾਵੇਗਾ।

ਚੇਲੇ ਚਪਾਟਿਆ ਦੁਆਰਾ ਅਧਿਕਾਰੀਆਂ ਦੀ ਨੁਮਾਇਸ਼ : ਕੁਝ ਦਿਨਾਂ ਤੱਕ ਤਾਂ ਲੋਕ ਇਸ ਬਾਬੇ ਦੇ ਜਾਲ ਵਿੱਚ ਨਹੀਂ ਆਏ, ਪਰੰਤੂ ਇੱਕ ਦਿਨ ਸੂਬੇ ਦੇ ਇੱਕ ਸਾਬਕਾ ਰਾਜਪਾਲ ਅਤੇ ਇੱਕ ਵੱਡੇ ਆਈ. ਏ. ਏਸ. ਅਫ਼ਸਰ ਆਪਣੇ ਦਲਬਲ ਦੇ ਨਾਲ ਬਾਬੇ ਦੇ ਦਰਸ਼ਨ ਕਰਨ ਪਹੁੰਚ ਗਏ। ਇਹ ਚਰਚਾ ਛੇਤੀ ਹੀ ਸਭ ਥਾਂ ਫੈਲ ਗਈ ਕਿ ਵੱਡੇ ਵੱਡੇ ਲੋਕ ਬਾਬੇ ਦੇ ਚੇਲੇ ਹਨ। ਇਸ ਦਾ ਮਤਲਬ ਬਾਬਾ ਯਕੀਨ ਹੀ ਚਮਤਕਾਰੀ ਹੈ।

ਦੂਜੇ ਹੀ ਦਿਨ ਤੋਂ ਬਾਬੇ ਦੇ ਦਰਬਾਰ ਵਿੱਚ ਭੀੜ ਜੁੜਨ ਲੱਗੀ। ਚੰਗਾਚੋਖਾ ਚੜ੍ਹਾਵਾ ਬਟੋਰ ਕੇ 2 ਮਹੀਨੇ ਬਾਅਦ ਆਪਣਾ ਡੇਰਾ ਇੱਕ ਦੂਜੇ ਸ਼ਹਿਰ ਵਿੱਚ ਜਮਾਂ ਲਿਆ।

ਜਦ ਸ਼ਹਿਰਾਂ ਵਿੱਚ ਅਜਿਹੇ ਧੰਦੇ ਖ਼ੂਬ ਫ਼ਲਦੇ ਫੂਲਦੇ ਹਨ ਤਾਂ ਪਿੰਡ ਵੀ ਤੋਂ ਅਛੂਤੇ ਨਹੀਂ ਰਹਿੰਦੇ। ਉਥੇ ਤਾਂ ਗ਼ਰੀਬੀ ਅਤੇ ਅਸਿੱਖਿਆ ਦੀ ਮਾਰੀ ਜਨਤਾ ਆਪਣੇ ਵੱਡੇ ਬਜੁਰਗਾਂ ਤੋਂ ਚਮਤਕਾਰਾਂ ਦੀਆਂ ਪਰੰਪਰਾਗਤ ਕਹਾਣੀਆਂ ਸੁਣ ਕੇ ਇਸ ਉਮੀਦ ਵਿੱਚ ਦੇਵੀਆਂ ਅਤੇ ਬਾਬਿਆਂ ਦੇ ਪਿੱਛੇ ਅੱਖਾਂ ਬੰਦ ਕਰਕੇ ਦੌੜ ਪੈਂਦੀ ਹੈ ਕਿ ਬਿਨਾਂ ਮਿਹਨਤ ਦੇ ਸ਼ਾਇਦ ਉਨ੍ਹਾਂ ਨੂੰ ਬਹੁਤ ਕੁੱਝ ਪ੍ਰਾਪਤ ਹੋ ਜਾਵੇ। ਪਰੰਤੂ ਉਨ੍ਹਾਂ ਦੇ ਹੱਥ ਕੁੱਝ ਨਹੀਂ ਲੱਗਦਾ।

ਕਹਾਣੀ

# ਅਮਲ ਅਤੇ ਸੋਚ



*ਪਹਿਲਾਂ ਅਮਲ ਹੁੰਦਾ ਹੈ, ਉਸ ਵਰਤਾਰੇ ਵਿਚੋਂ ਨਵੀਂ ਸੋਚ ਉਪੱਜਦੀ ਹੈ।*

*- **ਸਿਗਮਡ ਫਰਾਇਡ***

ਉਹਨਾਂ ਚਾਰਾਂ ਨੇ ਆਪਣੇ-ਆਪਦੇ ਗਣ ਬਣਾ ਲਏ ਸਨ। ਉਨ੍ਹਾਂ ਦੀਆਂ ਰਿਹਾਇਸ਼ਗਾਹਾਂ ਵੀ ਇੱਕ ਦੂਜੇ ਤੋਂ ਦੂਰ-ਦੂਰ ਸਨ। ਪਹਿਲਾ ਗੁਨਾਹ ਉਨ੍ਹਾਂ ਦੇ ਸੁਚੇਤ ਮਨ ਵਿਚੋਂ ਅਰਧ-ਚੇਤ ਰਾਂਹੀ ਹੁੰਦਾ ਹੋਇਆ, ਅਚੇਤ ਮਨ ਵਿੱਚ ਦਫ਼ਨ ਤਾਂ ਹੋ ਗਿਆ ਸੀ ਪਰ ਪਰਛਾਵੇਂ ਦੀ ਚੀਸ ਕਦੇ-ਕਦੇ ਅਚੇਤਮਨ ਵਿਚੋਂ ਸਚੇਤ ਮਨ ਦੀ ਕੈਨਵਸ ਉਪਰ ਆ ਬਿਰਾਜਮਾਨ ਹੁੰਦੀ ਸੀ। ਪਰ ਹਾਂ ਕਦੇ-ਕਦੇ। ਪਹਿਲਾਂ ਕਾਫ਼ੀ ਵਰ੍ਹੇ ਇਹ ਹਥੇਲੀ-ਫੋੜੇ ਵਾਗੂੰ ਹਰ ਸਮੇਂ ਚੀਸਾਂ ਮਾਰਦੀ ਰਹੀ ਪਰ ਹੁਣ ਇਹ ਕਦੇ ਕਦੇ ਮੌਕਾ ਮੇਲ ਉਪਰ ਹੀ ਆਉਂਦੀ ਸੀ। ਪਰ ਮਾਂ ਦੀ ਯਾਦ ਉਨ੍ਹਾਂ ਨੂੰ ਬਹੁਤ ਸਤਾਉਂਦੀ ਸੀ। ਤਾਂਬਰ ਤਾਂ ਆਪਣੇ ਪਿਤਾ-ਪੁਰਖੀ ਗੁਣਾਂ ਨਾਲ ਭਰਪੂਰ ਸੀ। ਹੁਣ ਉਹ ਉਸ ਉਮਰ ਵਿੱਚ ਸੀ ਜਿਸ ਉਮਰ ਵਿੱਚ ਉਹਨਾ ਆਪਣਾ ਬਾਪ ਕਤਲ ਕੀਤਾ ਸੀ। ਤਾਂਬਰ ਆਪਣੇ ਪਿਤਾ ਉਪਰ ਇੰਨ-ਬਿੰਨ ਸੀ। ਉਹੀ ਸਰੀਰ, ਉਹੀ, ਸ਼ਕਤੀ, ਉਹੀ ਹਿੰਡ, ਉਹ ਅਧਿਕਾਰ। ਉਸਨੂੰ ਆਪਣੀ ਹੋਣੀ ਦਾ ਪਤਾ ਸੀ। ਜੋ ਉਨ੍ਹਾਂ ਦੇ ਆਪਣੇ ਬਾਪ ਨਾਲ ਕੀਤਾ ਸੀ। ਉਹਨਾਂ ਨਾਲ ਵੀ ਹੋਵੇਗਾ। ਸਾਇਦ ਇਹ ਕਹਾਣੀ ਪੰਜਾਬੀ ਸੱਭਿਆਚਾਰ ਵਿਚ ਜਿਹੜੀ ਮੈਂ ਤੁਹਾਨੂੰ ਸੁਣਾਂਵਾਗਾ ਅਤੇ ਹੋ ਸਕਦੇ ਤੁਹਾਡੇ ਵੀ ਯਾਦ ਹੋਵੇ, ਇਸੇ ਸੰਦਰਭ ਦੀ ਰਹਿੰਦ-ਖੂੰਹਦ ਹੀ ਹੋਵੇ।

ਕਿਸੇ ਸਮੇਂ ਇੱਕ ਪਿੰਡ ਵਿੱਚ ਇੱਕ ਕਿਸਾਨ ਰਹਿੰਦਾ ਸੀ। ਉਸ ਦਾ ਸੁਭਾਅ ਸਾਧਾਰਨ ਸੀ, ਪਰ ਉਸ ਦੇ ਘਰ ਵਾਲੀ ਤਲਖ਼ ਸੁਭਾਅ ਦੀ ਸੀ। ਕਿਸਾਨ ਦਾ ਪਿਉ ਬਜੁਰਗ ਹੋ ਚੁੱਕਾ ਸੀ। ਵਿਚਾਰੇ ਨੂੰ ਉਹਨਾਂ ਨੇ ਬੇਲੋੜੀ ਵਸਤੂ ਵਾਗੂੰ ਨੀਰੇ ਵਾਲੀ ਸਬਾਤ ਵਿੱਚ ਸਿੱਟ ਰੱਖਿਆ ਸੀ। ਏਥੇ ਹੀ ਪਿਆ ਪਿਆ, ਵਿਚਾਰਾ ਖਊਂ..... ਖਊਂ ਕਰਦਾ ਰਹਿੰਦਾ। ਰੋਟੀ ਪਾਣੀ ਲਈ ਹਾਕਾਂ ਮਾਰਦਾ ਰਹਿੰਦਾ ਪਰ ਕਦੇ ਕਿਸੇ ਨੇ ਉਸ ਵੱਲ ਖਾਸ ਧਿਆਨ ਨਹੀਂ ਸੀ ਦਿੱਤਾ। ਕਿਸਾਨ ਦੀ ਪਤਨੀ ਸਹੁਰੇ ਨੂੰ ਵਾਧੂ ਦੀ ਵਸਤ ਅਤੇ ਦੱਦ ਲੱਗਿਆ ਸਮਝਦੀ ਸੀ। ਸੋ ਉਸ ਨੇ ਆਪਣੇ ਪਤੀ ਨੂੰ ਦਲੀਲਾਂ ਦੇ ਕੇ ਮਨਾ ਲਿਆ ਕਿ ਬੁੜਾ ਹੁਣ ਵਾਧੂ ਹੀ ਦੱਦ ਲੱਗਿਆ ਹੋਇਆ ਹੈ। ਜੇ ਇਸ ਦਾ ਕਿਸੇ ਤਰ੍ਹਾਂ ਫਾਹਾ ਵੱਢ ਦੇਈਏ ਤਾਂ ਜਮੀਨ ਦੀ ਮਾਲਕੀ ਹੁਣੇ ਹੀ ਉਹਨਾਂ ਨੂੰ ਮਿਲ ਸਕਦੀ ਹੈ। ਖਰਚਾ ਜੋ ਬਿਮਾਰੀ, ਕੱਪੜੇ, ਖੁਰਾਕ ਉਪਰ ਲੱਗਦਾ ਹੈ ਬਚ ਸਕਦਾ ਹੈ। ਕਿਸਾਨ ਪਤਨੀ ਦੀ ਗਲ ਮੰਨ ਗਿਆ। ਇਕ ਦਿਨ ਬੁੜੇ ਪਿਉ ਨੇ ਪੁੱਤਰ ਨੂੰ ਕਿਹਾ, "ਪੁੱਤਰਾ! ਮੇਰਾ ਆਪਣਾ ਖੇਤ ਵੇਖਣ ਨੂੰ ਜੀਅ ਕਰਦਾ ਹੈ।"

"ਲੈ ਇਹ ਕੀ ਗਲ ਹੈ ਪਿਤਾ ਜੀ। ਚੜ੍ਹੋ ਮੇਰੇ ਕੰਧੇੜੇ, ਆਪਾਂ ਖੇਤ ਦੇ ਆਈਏ ਗੇੜੇ।" ਉਸ ਨੇ ਆਪਣੇ ਬਾਪੂ ਨੂੰ ਕੰਧੇੜੇ ਚੜ੍ਹਾ ਲਿਆ। ਉਹ ਖੇਤ ਵੱਲ ਤੁਰ ਪਏ। ਉਨ੍ਹਾਂ ਦਾ ਖੇਤ ਨਹਿਰ ਕਿਨਾਰੇ ਸੀ। ਕਿਸਾਨ ਖੇਤ ਲਿਜਾਣ ਦੀ ਬਜਾਏ ਨਹਿਰ ਦੀ ਪੱਟੜੀ ਪੈ ਗਿਆ। ਪਿਉ ਸਮਝ ਗਿਆ। ਜਦੋਂ ਪੁੱਤਰ ਉਸ ਨੂੰ ਨਹਿਰ ਵਿੱਚ ਸਿੱਟਣ ਲੱਗਿਆ ਤਾਂ ਪਿਉ ਨੇ ਕਿਹਾ, "ਪੁਤਰਾ! ਏਥੇ ਨਾ ਸਿੱਟੀਂ।"

"ਕਿਉਂ ਬਾਪੂ?"

"ਏਥੇ ਮੈਂ ਤੇਰਾ ਦਾਦਾ ਸਿੱਟਿਆ ਸੀ। ਥੋੜ੍ਹਾ ਜਿਹਾ ਅੱਗੇ ਸਿੱਟ।"

ਪੁੱਤਰ ਸਾਰੀ ਕਹਾਣੀ ਸਮਝ ਗਿਆ ਅਤੇ ਪਿਉ ਨੂੰ ਖੇਤ ਵਿਖਾਕੇ ਘਰੇ ਵਾਪਸ ਲੈ ਆਇਆ। ਉਸ ਨੂੰ ਸਮਝ ਆ ਗਈ ਕਿ ਜਿਵੇਂ ਮੇਰੇ ਪਿਉ ਨੇ ਮੇਰੇ ਦਾਦੇ ਨੂੰ ਸਿੱਟਿਆ ਸੀ ਉਵੇਂ ਹੀ ਮੈਂ ਪਿਉਂ ਨੂੰ ਨਹਿਰ ਵਿੱਚ ਸਿੱਟਣ ਆਇਆ

## ਜਗਰਾਜ ਧੌਲਾ

ਹਾਂ। ਮੈਨੂੰ ਮੇਰਾ ਪੁੱਤਰ ਵੀ ਏਵੇ ਹੀ ਸਿਟੇਗਾ। ਇਹ ਲੋਕ-ਕਹਾਣੀ ਦੀਆਂ ਜੜ੍ਹਾਂ ਸਾਇਦ ਉਸੇ ਇਤਿਹਾਸਕ ਕਹਾਣੀ ਦੀਆਂ ਜੜ੍ਹਾਂ ਵਿੱਚ ਪਈਆਂ ਲੱਗਦੀਆਂ ਹਨ ਪਰ ਸੰਦਰਭ ਜਰੂਰ ਕੁਝ ਬਦਲਵੇਂ ਰੂਪ ਵਿੱਚ ਲੱਗਦਾ ਹੈ।

ਪਹਿਲੇ ਗੁਨਾਹ ਦੇ ਅਮਲ ਨੇ ਉਨ੍ਹਾਂ ਦਾ ਮਾਨਸਿਕ ਤੌਰ ਤੇ ਅਜੇ ਵੀ ਖਹਿੜਾ ਨਹੀਂ ਸੀ ਛੱਡਿਆ। ਭਾਵੇਂ ਅੱਜ ਉਹਨਾਂ ਦੇ ਪਿਤਾ ਦੀ ਮੌਤ ਪਿਛੋਂ ਪੂਰਾ ਚਾਲੀਵਾਂ ਟੋਟਮੀ ਭੋਜ਼ ਸੀ। ਹਰ ਟੋਟਮੀ ਭੋਜ ਅੰਦਰ ਜ਼ਰੂਰੀ ਤੌਰ ਤੇ ਜਾਂਦੇ ਸਨ। ਇਹ ਇੱਕ ਤਰ੍ਹਾਂ ਨਾਲ ਪੂਜਾ ਹੀ ਸਮਝੀ ਜਾਂਦੀ ਹੈ। ਸੋ ਹਰੇਕ ਜਣਾ ਜਾਣਾ ਜਰੂਰੀ ਸਮਝਦਾ ਹੈ।

ਚਾਰੇ ਭਾਈ ਕਦੇ-ਕਦੇ ਹੀ ਮਿਲਦੇ ਸਨ। ਉਹਨਾਂ ਵਿੱਚ ਵੀ ਏਕਾ-ਅਧਿਕਾਰੀ ਦੀ ਪ੍ਰਵਿਰਤੀ ਪ੍ਰਬਲ ਸੀ। ਕਈ ਵਾਰੀ ਉਹਨਾਂ ਦੀ ਇਸਤਰੀ ਏਕਾ-ਅਧਿਕਾਰ ਲਈ ਖ਼ੂਨੀ ਟਕਰ ਵੀ ਹੋ ਜਾਂਦੀ ਸੀ। ਪਰ ਅੱਜ ਟੋਟਮੀ-ਭੋਜ ਉਪਰ ਕਾਂਮਰੀ ਅਤੇ ਖਾਂਬਰ ਇਕੱਠੇ ਹੀ ਜਾ ਰਹੇ ਸਨ। ਅੱਜ ਦੇ ਸਹਿਵਾਸ ਦੀ ਖੁੱਲ ਹੋਣ ਕਰਕੇ ਕਿਸੇ ਦੇ ਮਨ ਅੰਦਰ ਏਕਾ-ਅਧਿਕਾਰ ਦੀ ਨਫ਼ਰਤ ਰਹਿੰਦੀ। ਅੱਜ ਉਹ ਏਕਾ-ਅਧਿਕਾਰ ਨੂੰ ਭੁਲ ਜਾਂਦੇ ਸਨ। ਦੋਹਾਂ ਹਥਿਆਰ ਲਾਏ ਹੋਏ ਸਨ। ਟੋਟਮੀ-ਭੋਜ ਤੋਂ ਦੋਵੇਂ ਲੇਟ ਸਨ। ਇਸੇ ਕਰਕੇ ਪੂਰੀ ਤਾਕਤ ਨਾਲ ਤੁਰੇ ਜਾ ਰਹੇ ਸਨ। ਸਾਇਦ ਉਹਨਾਂ ਦੇ ਵਿਚਾਰ ਵਿੱਚ ਅੱਜ ਸੰਭੋਗ-ਖੁੱਲ ਕਰਕੇ ਕਿਸੇ ਮਾਦਾ ਦੀ ਤਸ਼ਵੀਰ ਉੱਭਰ ਰਹੀ ਸੀ। ਪਰ ਖਾਂਬਰ ਨੇ ਕਿਹਾ, "ਕਾਂਮਰੀ ਕੋਈ ਗੱਲ ਸੁਣਾ।"

"ਚੁੱਪ ਕਰ ਇਸ ਰਸਤੇ ਰੂਹਾਂ ਦਾ ਡੇਰਾ ਹੈ। ਆਪਾਂ ਉਹਨਾਂ ਤੋਂ ਬਚਕੇ ਜਾਣਾ ਹੈ।"

"ਰੂਹਾਂ ਕੀ ਹੁੰਦੀਆਂ ਹਨ?"

"ਇਉਂ ਨਾ ਕਹਿ ਰੂਹਾਂ ਗੁੱਸੇ ਹੋ ਜਾਣਗੀਆਂ।"

"ਕਿਉਂ?"

"ਰੂਹਾਂ ਇਸ ਸਾਰੇ ਜੰਗਲ ਅਰਨੇ ਘੋੜੇ ਹਿਰਨ, ਸੂਰਜ ਚੰਦ ਤਾਰਿਆ ਨੂੰ ਰੂਹਾਂ ਪੈਦਾ ਕਰਦੀਆਂ ਹਨ। ਉਹ ਸਾਰੀਆਂ ਚੀਜਾਂ ਦੀਆਂ ਮਾਲਕ ਹਨ। ਇਹ ਮਾਰ ਵੀ ਸਕਦੀਆਂ ਹਨ ਤੇ ਸਾਡੀ ਰਾਖੀ ਵੀ ਕਰਦੀਆਂ ਹਨ। "

"ਇਹ ਤੈਨੂੰ ਕਿਵੇਂ ਪਤਾ?"

"ਮਾਂ ਦਸਦੀ ਹੁੰਦੀ ਸੀ। ਕਿ ਰੂਹਾਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ। ਇੱਕ ਨੇਕ ਅਤੇ ਮਿਹਰਬਾਨ ਤੇ ਦੂਜੀਆਂ ਬਦਰੂਹਾਂ ਜੋ ਮਾਰ ਸਕਦੀਆਂ ਹਨ। ਆਪਣਾ ਬਾਪੂ ਵੀ ਰੂਹ ਬਣ ਗਿਆ ਹੈ।"

"ਕਿੰਨੀਆਂ ਕੁ ਹੁੰਦੀਆਂ ਨੇ ਰੂਹਾਂ?"

"ਅਣ ਗਿਣਤ"

"ਫਿਰ ਇਹ ਦਿਸਦੀਆਂ ਕਿਉਂ ਨਹੀਂ?

ਕਮਲਿਆ! ਉਹਨਾਂ ਦਾ ਕਦੇ ਸਰੀਰ ਵੀ ਹੁੰਦੇ। ਬਸ ਰੂਹਾਂ ਰੂਹਾਂ ਹੁੰਦੀਆਂ ਨੇ। ਸਰੀਰ ਤਾਂ ਦਿਸਦਾ ਪਰ ਰੂਹ ਨਹੀਂ।"

"ਨਾਲੇ ਕਹਿੰਦੇ ਪਹਿਲਾਂ ਰੂਹਾਂ ਆਪਣੇ ਵਰਗੀਆਂ ਹੁੰਦੀਆਂ ਸਨ। ਅਖੇ ਪਾਣੀ ਤੋਂ ਅੱਗ ਤੋਂ, ਹਥਿਆਰਾਂ ਤੋਂ ਡਰ ਕੇ ਉਹ ਲੁਕ ਗਈਆਂ। ਅਲੋਪ ਹੋ ਗਈਆਂ। ਅਦਿੱਖ ਹੋ ਗਈਆਂ।"

"ਹੋ ਸਕਦੇ ਪਰ ਮੈਂ ਤਾਂ ਸੁਣਿਐ ਕਿ ਇਨ੍ਹਾਂ ਦਾ ਸਰੀਰ ਨਹੀਂ ਹੁੰਦਾ। ਰੂਹਾਂ ਆਤਮਾਵਾਂ ਹੁੰਦੀਆਂ ਹਨ।"

"ਆਤਮਾ ਰੂਹ ਹੀ ਹੁੰਦੀ ਐ?"

"ਨਹੀਂ ਆਤਮਾ ਉਹ ਰੂਹ ਹੈ ਜੋ ਸਰੀਰ ਤੋਂ ਆਜ਼ਾਦ ਹੋ ਚੁੱਕੀ ਹੋਵੇ। ਚਲ ਛਡ ਆਪਾਂ ਨੂੰ ਕੀ ਆਪਣੇ ਕੋਲੇ ਹਥਿਆਰ ਨੇ ਆਪਾਂ ਨੂੰ ਨਹੀਂ ਡਰਾਉਂਦੀਆਂ ਰੂਹਾਂ। ਚਲ ਆਪਾਂ ਤਾਂ ਨਾਲੇ ਅੱਜ ਪਵਿੱਤਰ ਟੋਟਮੀ-ਭੋਜ਼ ਉਪਰ ਚੱਲਣਾ ਹੈ।"

"ਤਾਂਬਰ ਅੱਗੇ ਵੇਖ ਔਹ ਕੀ ਹੈ?"

"ਹੈ! ਇਹ ਤਾਂ ਅਰਨੇ ਢੱਠੇ ਅਤੇ ਢੱਠੀਆਂ

ਦਾ ਝੁੰਡ ਹੈ, ਕਰੀਏ ਸ਼ਿਕਾਰ?"

"ਭਾਈ ਸਾਹਿਬ! ਇਹ ਤਾਂ ਵੱਗ ਐ। ਆਪਣਾ ਵੀ ਸ਼ਿਕਾਰ ਕਰ ਸਕਦੈ। ਨਾਲੇ ਆਪਾਂ ਤਾਂ ਟੋਟਮੀ ਪਵਿੱਤਰ ਭੋਜ ਤੇ ਚਲਣਾ ਹੈ। ਸ਼ਿਕਾਰ ਖਬਰੈ ਕਦੋਂ ਕੁ ਹੋਵੇ?"

ਚੰਦ ਚਾਨਣੀ ਰਾਤ ਸੀ। ਮਿੰਨੀ ਮਿੰਨੀ ਸਰਦ ਹਵਾ ਚਲ ਰਹੀ ਸੀ। ਦੂਰ ਰਾਤ ਦੇ ਨੀਮ-ਸੁਨਿਹਰੀ ਪਿੰਡੇ ਉਤੇ ਕਦੇ ਕਦੇ ਨਦੀ ਦੇ ਕਿਨਾਰੇ ਕੋਈ ਜੁਗਨੂੰ ਆਪਣੇ ਘਸਮੈਲੇ ਪਰ੍ਹਾਂ ਵਿਚੋਂ ਰੌਸ਼ਨੀ ਕਰਦਾ ਸੀ। ਫਿਰ ਕਈ ਰਲ ਕੇ ਨਦੀ ਦੇ ਅਥਰੇ ਪਾਣੀ ਉਤੇ ਨੱਚਣ ਲਗ ਪਏ। ਨਰ ਅਤੇ ਮਾਦਾਵਾਂ ਰਲ਼ਕੇ। ਨਦੀ ਦਾ ਪਾਣੀ ਗਹਿਰ-ਗੰਭੀਰ ਵਹਿ ਰਿਹਾ ਸੀ। ਰੋੜੂ ਪਾਟ ਉਤੇ ਪਾਣੀ ਪੱਥਰਾਂ ਨਾਲ ਟਕਰਾਕੇ ਕਲ-ਕਲ ਦੀ ਆਵਾਜ਼ ਪੈਦਾ ਕਰ ਰਿਹਾ ਸੀ। ਬਿੰਡੇ ਲਗਾਤਰ ਬੋਲ ਕੇ ਅਨਹੱਦ-ਨਾਦ ਵਜਾ ਰਹੇ ਸਨ। ਕਾਈ ਅਤੇ ਲਿਚਨ ਦੀਆਂ ਤਿੜਾਂ ਨਿੰਮੀ ਨਿੰਮੀ ਖੁਸ਼ਬੋ ਫੈਲਾ ਰਹੀਆਂ ਸਨ। ਸੁੱਤੇ ਪਏ ਤੇ ਬੈਠੇ ਅਰਨਿਆਂ ਅਤੇ ਅਰਨੀਆਂ ਢੱਠੀਆਂ ਉਘੰ ਰਹੀਆਂ ਸਨ। ਕਈ ਵੱਛੇ-ਵੱਛੀਆਂ ਮਾਵਾਂ ਨਾਲ ਮਸਤੀ ਕਰ ਰਹੇ ਸਨ। ਕਈ ਉਹਨਾਂ ਦੇ ਗੋਭਲੇ ਥਣਾਂ ਵਿਚੋਂ ਢੁੱਡਾ ਮਾਰ ਮਾਰਕੇ ਦੁੱਧ ਚੁੰਘ ਰਹੇ ਸਨ। ਤਾਂਮਰ ਅਤੇ ਕਾਂਮਰੀ ਦੇ ਮੂੰਹਾਂ ਅੰਦਰ ਸੁਆਦੀ ਜਲੂਣ ਭਰ ਗਈ। ਜਦੋਂ ਉਹਨਾਂ ਨੇ ਅਰਨਿਆਂ ਦਾ ਪੂਰਾ ਝੁੰਡ ਵੇਖਿਆ। ਜਿਹੜਾ ਉਹਨਾਂ ਦੀ ਖ਼ੁਰਾਕ ਸੀ। ਉਹਨਾਂ ਦੇ ਮੂੰਹ ਵਿੱਚ ਪਾਣੀ ਭਰ ਆਇਆ। ਅਜੇ ਉਹਨਾਂ ਨੇ ਝੁੰਡ ਤੋਂ ਪਾਸਾ ਵੱਟਿਆ ਹੀ ਸੀ ਕਿ 'ਕੱੜਕ' ਦੀ ਆਵਾਜ਼ ਵਿਚ ਖੜਾਕਾ ਹੋਇਆ। ਬਸ ਫਿਰ ਕੀ ਸੀ ਸਾਰਾ ਝੁੰਡ ਭੱਜ ਨਿਕਲਿਆ। ਧਰਤੀ ਕੰਬ ਗਈ। ਤਿੜਾਂ ਦੀ ਕਚਰ, ਕਚਰ ਹੋਈ ਵੱਛੇ ਰੰਭਣ ਲੱਗੇ ਮਾਦਾਵਾਂ ਨੇ ਪੂਛਾਂ ਪੁੜਿਆਂ ਤੇ ਰੱਖ ਲਈਆਂ। ਅਰਨਿਆਂ ਨੇ ਕੰਨ ਅਤੇ ਪੂਛਾਂ ਖੜ੍ਹੀਆਂ ਕਰ ਲਈਆ। ਨਰ ਰੰਭਣ ਲੱਗ ਪਏ। ਮਾਦਾ ਆਪਣੇ ਵੱਛਿਆਂ ਨੂੰ ਬਚਾਉਣ ਲੱਗੀਆਂ। ਪੂਰੇ ਦਾ ਪੂਰਾ ਝੁੰਡ ਤਾਂਮਰ ਅਤੇ ਕਾਂਮਰੀ ਵੱਲ ਭੱਜ ਨਿਕਲਿਆ। ਉਹਨਾਂ ਦੋਵਾਂ ਨੇ ਝੁੰਡ ਵਲੋਂ ਹਮਲਾ ਸਮਝਿਆ। ਪਹਿਲਾਂ ਉਹਨਾਂ ਪੈਂਤਰਾ ਲੈਣ ਦਾ ਨਿਰਣਾ ਕੀਤਾ ਪਰ ਵੱਗ ਦਾ ਬਹਾਅ ਤੇਜ਼ ਸੀ, ਇਉਂ ਜਾਪਦਾ ਸੀ ਕਿ ਜਿਵੇਂ ਜੁਆਲਾਮੁਖੀ ਗਰਜ਼ ਰਿਹਾ ਹੋਵੇ। ਧਰਤੀ ਨੂੰ ਕਾਂਬਾ ਛਿੜ ਗਿਆ। ਹੁਣ ਉਹਨਾਂ ਕੋਲੇ ਬਚਾਅ ਪੱਖ ਸੀ। ਉਹ ਦੋਵੇਂ ਸਿਰ-ਮੂਧ ਭੱਜ ਤੁਰੇ। ਨੇੜੇ ਹੀ ਰਹੂੜੇ ਦਾ ਰੁੰਡ-ਮਰੁੰਡ ਪਤਝੜੀ ਦਰਖਤ ਸੀ, ਜਿਸਦੀਆਂ ਮੋਟੀਆਂ ਟਾਹਣੀਆਂ ਉਪਰ ਬਈਏ ਦੇ ਆਲ੍ਹਣੇ ਪਾਏ ਹੋਏ ਸਨ। ਉਹ ਦੋਵੇਂ ਪਤਝੜੀ ਰਹੂੜੇ ਵੱਲ ਭੱਜੇ। ਇਕ ਮਾਦਾ ਅਰਨਾ ਨੇ ਤਾਂਮਰ ਵਿੱਚ ਫੇਟ ਮਾਰ ਦਿੱਤੀ। ਉਸ ਨੇ ਉਸਨੂੰ ਸਿੰਘਾ ਉਪਰ ਚੁੱਕ ਕੇ ਮਾਰਿਆ ਜੇ ਉਹ ਫੁਰਤੀ ਨਾ ਕਰਦਾ ਤਾਂ ਪਿਛੇ ਆ ਰਹੇ ਝੁੰਡ ਨੇ ਉਸ ਨੂੰ ਦਰੜ ਕੇ ਦਲੀਆ ਬਣਾ ਦੇਣਾ ਸੀ। ਉਹ ਖੜਾ ਹੋਇਆ ਤੇ ਰਹੂੜੇ ਦੀਆਂ ਦੁਸਾਗਾਂ ਉਪਰ ਚੜ੍ਹ ਗਿਆ। ਕਾਂਮਰੀ ਜੋ ਪਹਿਲਾ ਹੀ ਰਹੂੜੇ ਉਪਰ ਸੀ ਨੇ, ਸੱਟ-ਫੇਟ ਵਾਰੇ ਪੁਛਿਆ ਤੇ ਉਸ ਨੇ ਕਿਹਾ, "ਭਰਾਵਾ ਜੇ ਮਿਟੀ ਪੋਲੀ ਨਾ ਹੁੰਦੀ ਤੇ ਜੇ ਮੈਂ ਫੁਰਤੀ ਨਾ ਕਰਦਾ ਤਾਂ ਬਸ........ ਬਣ ਗਏ ਹੁੰਦੇ ਬਦਰੂਹ।" ਇਹ ਝੁੰਡ ਕੁੱਝ ਦੂਰ ਜਾ ਕੇ ਰੁੱਕ ਗਿਆ। ਇਕ ਮਾਦਾ ਅਰਨਾ ਆਪਣੇ ਵੱਛੇ ਨੂੰ ਭਾਲ ਰਹੀ ਸੀ ਤੇ ਰੰਭ ਰਹੀ ਸੀ ....... ਬੂੰ ........ਆ ........ਆ ......ਆ ..... ਉਸਦਾ ਵੱਛਾ ਉਸਨੂੰ ਮਿਲ ਗਿਆ ਉਹ ਉਸਨੂੰ ਚੱਟ ਰਹੀ ਸੀ। ਜਿਵੇਂ ਕਹਿ ਰਹੀ ਹੋਵੇ, "ਸੁਕਰ ਐ ਪੁੱਤ ਤੂੰ ਸਾਨਾਂ ਦੇ ਭੇੜ ਵਿਚੋਂ ਬਚ ਗਿਆ ਹੈ।"

ਹਾਂ, ਸੱਚ ਮੁੱਚ ਹੀ ਇਹ ਸਾਨਾਂ ਦਾ ਭੇੜ ਸੀ। ਪੁਰਾਣੇ ਬੁੱਢੇ ਤੇ ਝੁੰਡ-ਮੁਖੀ ਨੂੰ ਨਵ-ਉਮਰ ਅਰਨੇ ਭਿੜਕੇ ਮਾਰ ਰਹੇ ਸਨ। ਉਹ ਖ਼ੂੰਖਾਰ ਹੋਏ ਰੰਭ ਰਹੇ ਸਨ ਅਤੇ ਮੁਖੀ ਅਰਨੇ ਦੇ ਪਿਛਾਂਹ ਹਟ-ਹਟ ਟੱਕਰਾਂ ਮਾਰ ਰਹੇ ਸਨ। ਅਖੀਰ ਉਨ੍ਹਾਂ ਨੇ ਮੁਖੀ ਅਰਨਾ ਮਾਰ ਦਿੱਤਾ ਅਤੇ ਮਾਦਾ-ਅਰਨਿਆਂ ਵਿੱਚ ਜਾ ਖੜ੍ਹੇ ਹੋਏ ਤੇ ਉਗਾਲਾ ਕਰਨ ਲੱਗ ਪਏ। ਇਸੇ ਘਟਨਾ ਨੂੰ ਵੇਖਕੇ ਉਹਨਾਂ ਦੇ ਅਚੇਤ-ਮਨ ਵਿੱਚ ਉਹਨਾਂ ਦੇ 'ਪਹਿਲਾ ਗੁਨਾਹ' ਯਾਦ ਆ ਗਿਆ। ਤੇ ਉਹ ਸੁੰਨ ਜਿਹੇ ਹੋ ਗਏ। ਉਹਨਾਂ ਗੱਲਾਂ ਨੂੰ 'ਪਹਿਲੇ ਗੁਨਾਹ' ਵੱਲ ਮੋੜਾ ਦੇ ਲਿਆ। ਪਹਿਲਾ ਗੁਨਾਹ ਉਹਨਾਂ ਦੇ ਸੀਨੇ ਅੰਦਰ ਰੜਕ ਪਿਆ। ਸਾਂਗ ਵਾਂਗੂੰ ਖੜ੍ਹਾ ਹੋ ਗਿਆ। ਇਉਂ ਲੱਗਿਆ ਜਿਵੇਂ ਉਹ ਹੁਣੇ ਹੀ 'ਪਹਿਲਾ ਗੁਨਾਹ' ਕਰਕੇ ਹਟੇ ਹੋਣ।

"ਆਪਾਂ ਪਿਉ ਕਿਉਂ ਮਾਰ ਦਿੱਤਾ?"

"ਕਿਉਂਕਿ ਉਹ ਆਪਾਂ ਨੂੰ ਮਾਦਾਵਾਂ ਨਾਲ ਸਹਿਵਾਸ ਕਰਨ ਤੋਂ ਜ਼ੁਲਮ ਕਰਦਾ ਸੀ। ਆਪ ਨੂੰ ਹੀ ਇਸ ਬੁੱਢੇ ਅਰਨੇ ਵਾਗੂੰ ਗਣ ਦਾ ਧੱਕੜ ਮੋਹਰੀ ਅਖਵਾਉਂਦਾ।"

"ਆਪਾਂ ਉਸਨੂੰ ਖਾ ਗਏ।" ਉਹਨਾਂ ਨੂੰ ਗਿਲਾਨੀ ਦੇ ਭਾਰ ਨੇ ਦੱਬ ਲਿਆ। ਗੁਨਾਹ ਦਾ ਅਹਿਸਾਸ ਉਹ ਧੁਰ ਮਨ ਅੰਦਰੋਂ ਕਰਨ ਲੱਗ ਪਏ।"

"ਮੈਂ ਦਸਾਂ ਕਿਉਂ ਖਾਧਾ ਮੈਂ?"

"ਦੱਸ"

"ਮੈਨੂੰ ਉਸਨੇ ਆਪ ਹੀ ਇਕ ਦਿਨ ਦੱਸਿਆ ਸੀ ਕਿ ਉਸ ਨੂੰ ਉਸਦੇ ਦਾਦੇ ਨੇ ਦੱਸਿਆ ਸੀ ਕਿ ਜਦੋਂ ਕਿਸੇ ਸੂਰਵੀਰ, ਸੁਰਮੇ, ਦਲੇਰ, ਦਿਲ ਵਾਲੇ ਦਾ ਦਿਲ ਕੋਈ ਕਮਜ਼ੋਰ ਦਿਲ ਵਾਲਾ ਆਦਮੀ ਖਾਹ ਜਾਏ ਤਾਂ ਕਮਜ਼ੋਰ ਮਨੁੱਖ ਦੇ ਦਿਲ ਅੰਦਰ ਸੂਰਵੀਰ ਦਿਲ ਵਾਲੇ ਸਾਰੇ ਗੁਣ ਆ ਜਾਂਦੇ ਹਨ। ਜੇ ਹੱਥ ਖਾਹ ਲਿਆ ਤਾਂ ਉਸਦੇ ਹੱਥ ਅੰਦਰ ਉਸਦੇ ਹੱਥਾਂ ਵਰਗੀ ਚੁਸਤੀ ਅਤੇ ਤਾਕਤ ਆ ਜਾਂਦੀ ਹੈ।"

"ਹਾਂ, ਇਸੇ ਕਰਕੇ ਅਸੀਂ ਸਾਰੇ ਬਾਪੂ ਵਰਗੇ ਤਾਕਤਵਰ ਅਤੇ ਸੂਰਵੀਰ ਹੋ ਗਏ ਹਾਂ। ਉਸੇ ਵਾਗੂੰ ਆਪਣੇ ਗਣਾਂ ਦੇ ਮੁਖੀ। ਕਿਉਂਕਿ ਅਸੀਂ ਆਪਣੇ ਅੰਦਰ ਬਾਪੂ ਅਤੇ ਟੋਟਮ ਬਾਬੇ ਨੂੰ ਆਤਮ-ਸਾਤ ਕਰ ਲਿਆ ਹੈ ਉਸਦਾ ਮਾਸ ਅਤੇ ਦਿਲ ਖਾਹ ਕੇ। ਅਸੀਂ ਦੋਹਾਂ ਨਾਲ ਅਭੇਦ ਹੋ ਚੁੱਕੇ ਹਾਂ।"

ਜਦੋਂ ਉਹ ਟੋਟਮੀ-ਭੋਜ਼ ਉਪਰ ਪਹੁੰਚੇ ਤਾਂ ਹਿਰਨ-ਟੋਟਮੀ ਨੂੰ ਰੋਇਆ ਜਾ ਚੁੱਕਾ ਸੀ। ਹਰ ਇਕ ਨੇ ਆਪਣਾ ਹਿੱਸਾ ਖਾ ਲਿਆ ਸੀ। ਉਹਨਾ ਵੀ ਹਿੱਸਾ ਖਾਧਾ ਜਿਹੜਾ ਉਨ੍ਹਾਂ ਦੇ ਪਰੀਵਾਰਾਂ ਨੇ ਉਹਨਾਂ ਵਾਸਤੇ ਰੱਖ ਛੱਡਿਆ ਸੀ। ਉਹਨਾ ਦੇ ਪਰੀਵਾਰ ਪਹਿਲਾਂ ਹੀ ਪਹੁੰਚ ਚੁੱਕੇ ਸਨ।

"ਕਾਂਮਰੀ ਅੱਜ ਮੈਨੂੰ ਇਹ ਮਾਸ ਵਡਾਰੂ ਹਿਰਨ ਦਾ ਨਹੀਂ ਲੱਗਦਾ ਸਗੋਂ ਮੈਨੂੰ ਇਸ ਮਾਸ ਅੰਦਰ ਬਾਪੂ ਦੇ ਮਾਸ ਦੀ ਖੁਸ਼ਬੋ ਆ ਰਹੀ ਹੈ।"

"ਹਾਂ, ਮੈਨੂੰ ਤਾਂ ਇਉਂ ਲਗ ਰਿਹੈ ਜਿਵੇਂ ਮੈਂ ਵਡਾਰੂ ਹਿਰਨ ਦੇ ਮਾਸ ਨਾਲ ਜਿਵੇਂ ਮੈ ਬਾਪੂ ਨੂੰ ਆਤਮ-ਸਾਤ ਕਰ ਰਿਹਾ ਹੋਵਾਂ।"

"ਮੈਨੂੰ ਲਗਦੈ ਵਡਾਰੂ ਹਿਰਨ ਅਤੇ ਬਾਪੂ ਦੀ ਰੂਹ ਇਕ ਹੋ ਗਈ ਹੈ।"

"ਹਾਂ, ਇਹ ਬਦਰੂਹ ਨਹੀਂ ਬਣੀ ਸਗੋਂ ਨੇਕ ਤੇ ਪਾਕਿ ਰੂਹ ਬਣੀ ਹੈ। ਜਿਸਨੂੰ ਅਸੀਂ ਆਪਣੇ ਅੰਦਰ ਆਤਮ-ਸਾਤ ਕਰ ਲਿਆ ਹੈ।"

"ਹਾਂ, ਮੈਨੂੰ ਲੱਗਦੇ ਵਡਾਰੂ ਹਿਰਨ, ਬਾਪੂ ਤੇ ਮੈਂ ਅਭੇਦ ਹੋ ਗਏ ਹਾਂ" ਐਸਾ ਅਭੇਦ ਜਿੰਨਾ ਵਿੱਚ ਵਾਲ ਜਿੰਨਾਂ ਵੀ ਫਰਕ ਨਹੀਂ ਰਿਹਾ।

ਚਾਰੇ ਦੇ ਚਾਰੇ ਭਰਾਂ ਇਸ ਤਰ੍ਹਾਂ ਹੀ ਸੋਚਦੇ ਸਨ। ਪਰ ਅਜੇ ਵੀ ਉਹਨਾਂ ਦੇ ਮਨ ਅੰਦਰ ਪਛਤਾਵੇਂ ਦਾ ਭੂਤ ਮੰਡਰਾ ਰਿਹਾ ਸੀ।

ਫਿਰ ਕਾਂਮਰੀ ਨੇ ਪੁਛਿਆ, "ਫਿਰ ਇਹ ਪਛਤਾਵਾ ਕਿਵੇਂ ਦੂਰ ਹੋਵੇ?"

"ਇੱਕ ਤਰੀਕਾ ਹੈ ਜੋ ਸਾਡੇ ਪੁਰਖੇ ਸਾਨੂੰ ਦਸਦੇ ਹਨ, ਕਿ ਜੇ ਕੋਈ ਆਦਮੀ ਕਿਸੇ ਦੂਜੇ ਨੂੰ ਜਖ਼ਮੀ ਕਰਕੇ ਪਛਤਾ ਰਿਹਾ ਹੋਵੇ ਤਾਂ ਉਸ ਨੂੰ ਆਪਣੇ ਉਸ ਹੱਥ ਉਤੇ ਥੁੱਕ ਦੇਣਾ ਚਾਹੀਦਾ ਹੈ ਜਿਸ ਹੱਥ ਨਾਲ ਉਸ ਨੂੰ ਜਖ਼ਮੀ ਕੀਤਾ ਸਹੀ।"

"ਕੀ ਇਹ ਸੱਚ ਹੈ?"

"ਹਾਂ ਸੱਚ ਹੀ ਹੋਵੇਗੀ ਜਦੋਂ ਸਾਨੂੰ ਪੀੜ੍ਹੀ ਦਰ ਪੀੜ੍ਹੀ ਸਾਡੇ ਪੁਰਖੇ ਦਸਦੇ ਆਏ ਹਨ।"

ਪਰ ਅਸੀਂ ਤਾਂ ਆਪਣੇ ਬਾਪ ਦੇ ਕਾਤਲ ਹਾਂ" ਸਾਡੇ ਜ਼ਖ਼ਮ ਤਾਂ ਆਠਰਕੇ ਬਦਨੁਮਾ ਦਾਗ਼ ਬਣ ਗਏ ਹਨ।

"ਸੁਣੋ: ਪਸਚਾਤਾਪ ਤਾਂ ਆਪਣੇ ਆਪਣੇ ਹੱਥਾਂ ਉਪਰ ਥੁੱਕਣ ਨਾਲ ਹੀ ਖ਼ਤਮ ਹੋਵੇਗਾ। ਫੇਰ ਉਹਨਾਂ ਆਪਣੇ ਸੱਜੇ ਹੱਥ ਉਪਰ ਕੀਤੇ ਤੇ ਕਾਮਰੀ ਨੇ ਕਿਹਾ, "ਵੇਖ ਬਾਪੂ ਅਸੀਂ ਆਪਣੇ ਹੱਥਾਂ ਉਪਰ ਥੁੱਕ ਰਹੇ ਹਾਂ। ਹੁਣ ਤੂੰ ਸਾਡੇ ਦਿਲ ਦੇ ਜ਼ਖ਼ਮਾਂ ਨੂ ਰਾਜੀ ਕਰਦੇ। ਤੂੰ ਸਾਡੇ ਉਪਰ ਮੇਹਰ ਕਰ। ਸਾਡੇ ਮਨ ਵਿਚੋਂ ਆਪਣੀ ਮੌਤ ਦਾ ਪਰਛਾਵਾਂ ਧੋਦੇ। ਅਸੀਂ ਸ਼ਰਮਸ਼ਾਰ ਹਾਂ ਤੇਰੀ ਮੌਤ ਲਈ ਮੁਆਫ਼ੀ ਮੰਗਦੇ ਹਾਂ। ਤੂੰ ਰਹਿਮ ਕਰਨ ਵਾਲਾ ਰਹੀਮ ਹੈਂ। ਕਰਮ ਕਰਨ ਵਾਲਾ ਕਰੀਮ ਹੈ।"

ਅਤੇ ਟੋਟਮੀ-ਭੋਜ ਛੁਰੇ ਨੂੰ ਦਰਿਆ ਵਿੱਚ ਸਿੱਟ ਕੇ ਖ਼ਤਮ ਹੋ ਗਿਆ।

# ਸ਼ਹੀਦ ਭਗਤ ਸਿੰਘ ਤੇ ਅੱਜ ਦਾ ਨੌਜਵਾਨ

ਅਸੀਂ ਹਰ ਰੋਜ਼ ਅਖ਼ਬਾਰਾਂ ਵਿੱਚ ਭਾਰਤੀ/ਪੰਜਾਬੀ ਸਮਾਜ ਵਿੱਚ ਵਾਪਰਦੀਆਂ ਘਟਨਾਵਾਂ ਖ਼ਬਰਾਂ ਦੇ ਰੂਪ ਵਿੱਚ ਪੜ੍ਹਦੇ ਹਾਂ। ਕੁਝ ਘਟਨਾਵਾਂ ਹੇਠ ਲਿਖੇ ਅਨੁਸਾਰ ਹਨ :-

ਕਿਸੇ ਔਰਤ ਦੇ ਬੱਚਾ ਨਹੀਂ ਸੀ ਹੋ ਰਿਹਾ। ਔਲਾਦ ਦੀ ਪ੍ਰਾਪਤੀ ਲਈ ਉਹ ਤਾਂਤਰਿਕ ਕੋਲ ਗਈ ਤਾਂਤਰਿਕ ਨੇ ਗੁਆਂਢੀ ਦੇ ਬੱਚੇ ਦੀ ਬਲੀ ਦੇ ਦਿੱਤੀ।



ਕਿਸੇ ਔਰਤ ਵਿੱਚੋਂ ਓਪਰੀ ਸ਼ੈਅ ਕੱਢਦੇ ਹੋਏ ਸਾਧ ਨੇ ਔਰਤ ਦੀ ਜਾਨ ਲਈ।

ਸਾਰਾ ਪਿੰਡ ਨਸ਼ਿਆਂ ਦੀ ਮਾਰ ਹੇਠ। ਮਾਂ-ਪਿਓ ਅਨੇਕਾਂ ਨੌਜਵਾਨਾਂ ਦੀਆਂ ਲਾਸ਼ਾਂ ਮੋਢਿਆਂ 'ਤੇ ਢੋਅ ਚੁੱਕੇ ਹਨ।

ਪੰਜ ਦਰਿਆਵਾਂ ਦੀ ਧਰਤੀ ਵਾਲਾ ਪੰਜਾਬ ਪਾਣੀ ਖੁਣੋਂ ਤਰਸਣ ਲੱਗਾ।

ਵਿਗਿਆਨ ਦੇ ਯੁੱਗ ਵਿੱਚ ਵੀ ਲੋਕ ਮੀਂਹ ਪੁਆਉਣ ਲਈ ਗੁੱਡੀਆਂ ਫੂਕ ਰਹੇ ਹਨ।

ਸਕੂਲਾਂ ਵਿੱਚ ਨਾ ਅਧਿਆਪਕ ਹਨ ਤੇ ਨਾ ਹੀ ਹੋਰ ਸਾਜ਼ੋ ਸਮਾਨ। ਗਰੀਬ ਤੇ ਦਲਿਤ ਬੱਚਿਆਂ ਦੇ ਇਹ ਸਰਕਾਰੀ ਸਕੂਲ ਚਾਨਣ ਵੰਡਣ ਦੀ ਥਾਂ ਹਨੇਰਾ ਵੰਡ ਰਹੇ ਹਨ।

ਪ੍ਰਾਈਵੇਟ ਬੱਸਾਂ ਵਿੱਚ ਲੜਕੀਆਂ ਨਾਲ ਛੇੜਛਾੜ ਦੀਆਂ ਘਟਨਾਵਾਂ ਵਧੀਆਂ। ਕੁੜੀਆਂ ਦਾ ਘਰੋਂ ਨਿਕਲਣਾ ਬੇਹਾਲ ਹੋਇਆ।

ਜਦੋਂ ਅਸੀਂ ਏਹੋ ਜਿਹੀਆਂ ਘਟਨਾਵਾਂ ਪੜ੍ਹਦੇ ਹਾਂ। ਮੈਂ ਸੋਚਦੀ ਹਾਂ, ਸਾਡਾ ਪੰਜਾਬੀਆਂ ਦਾ ਖੂਨ ਕਿਉਂ ਨਹੀਂ ਖੌਲ਼ਦਾ। ਅੱਜ ਦੇਸ਼ ਨੂੰ ਇਸ ਖੂਨ ਦੀ ਬਹੁਤ ਜ਼ਰੂਰਤ ਹੈ। ਅਸੀਂ ਸਭ ਗੱਲਾਂ ਵਿੱਚ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਵਾਰਿਸ ਬਣਦੇ ਹਾਂ। ਕੀ ਅੱਜ ਦਾ ਨੌਜਵਾਨ ਉਨ੍ਹਾਂ ਦਾ ਵਾਰਿਸ ਹੈ? ਕੀ ਉਨ੍ਹਾਂ ਸ਼ਹੀਦਾਂ ਦੇ ਸੁਪਨੇ ਵਾਲਾ ਸਮਾਜ ਭਾਰਤ ਵਿਚ ਉਸਰ ਗਿਆ ਹੈ? ਕੀ ਇਨਕਲਾਬ ਦਾ ਦਿੱਤਾ ਨਾਅਰਾ ਪੂਰਾ ਹੋ ਗਿਆ ਹੈ? ਕੀ ਭਗਤ ਸਰਾਭੇ ਤੇ ਗ਼ਦਰੀਆਂ ਦੀ ਕੁਰਬਾਨੀ ਐਵੇਂ ਗਈ? ਅੱਜ ਕੱਲ੍ਹ ਦੇ ਜਵਾਨ ਖੂਨ ਨੂੰ ਦੇਸ਼ ਦੀ ਕੋਈ ਫ਼ਿਕਰ ਨਹੀਂ ਰਹੀ। ਨੌਜਵਾਨਾਂ ਦੀ ਜ਼ਿਆਦਾ ਗਿਣਤੀ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਕਹਿ ਗਏ ਹਨ। ਬਾਕੀ ਆਪਣਾ ਕੈਰੀਅਰ ਬਣਾਉਣ ਦੇ ਚੱਕਰ ਵਿੱਚ ਆਪਣੇ ਫਰਜ਼ਾਂ ਨੂੰ ਭੁੱਲ ਗਏ ਹਨ। ਆਪਾ ਧਾਪਾ ਹੋਈ ਪਈ ਹੈ। ਰਿਸ਼ਤਿਆਂ ਦੀ ਕਦਰ ਨਹੀਂ ਰਹੀ। ਪੰਜਾਬ ਨੂੰ ਨੌਜਵਾਨਾਂ ਤੋਂ ਬਹੁਤ ਆਸਾਂ ਹਨ।




ਉਂਝ ਬਹੁਤ ਜ਼ਿਆਦਾ ਨਿਰਾਸ਼ਾ ਵਾਲੀ ਸਥਿਤੀ ਵੀ ਨਹੀਂ ਹੈ। ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਕਦਰਦਾਨ ਵੀ ਹਨ। ਉਨ੍ਹਾਂ ਦੇ ਪਾਏ ਰਾਹਾਂ 'ਤੇ ਚੱਲ ਰਹੇ ਹਨ। ਜੇਕਰ ਦਿੱਲੀ ਵਿੱਚ 2012 ਵਿੱਚ ਇਕ ਲੜਕੀ ਨਾਲ ਗੈਂਗ ਰੇਪ ਹੁੰਦਾ ਹੈ, ਤਦ ਨੌਜਵਾਨ ਸੜਕਾਂ 'ਤੇ ਨਿਕਲ ਆਉਂਦੇ ਹਨ। ਸਰਕਾਰ ਦਾ ਚੱਕਾ ਜਾਮ ਕਰ ਦਿੰਦੇ ਹਨ। ਜੇ ਪੰਜਾਬ ਵਿੱਚ ਨਸ਼ਿਆਂ ਦੇ ਦਰਿਆ ਵਗ ਰਹੇ ਹਨ ਤਾਂ ਮੁੱਠੀ ਭਰ ਨੌਜਵਾਨ ਇਨ੍ਹਾਂ ਦੇ ਖਿਲਾਫ ਡਟੇ ਹੋਏ ਹਨ। ਉਹ ਮੰਤਰੀਆਂ ਦੀਆਂ ਗੱਡੀਆਂ ਘੇਰ ਰਹੇ ਹਨ। ਨਸ਼ਿਆਂ ਦੇ ਸੌਦਾਗਰਾਂ ਦੀ ਨਿਸ਼ਾਨਦੇਹੀ ਕਰਦੇ ਹਨ। ਜੇ ਮੋਗੇ ਔਰਬਿਟ ਬੱਸ ਵਿੱਚ ਲੜਕੀ ਨਾਲ ਛੇੜ-ਛਾੜ ਪਿੱਛੋਂ ਉਸਨੂੰ ਬੱਸ ਵਿੱਚੋਂ ਧੱਕਾ ਦੇ ਦਿੱਤਾ ਜਾਂਦਾ ਹੈ ਅਤੇ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਇਸ ਅਨਮਨੁੱਖੀ ਘਟਨਾ ਵਿਰੁੱਧ ਨੌਜਵਾਨ ਸਿਰਾਂ 'ਤੇ ਕਫਨ ਬੰਨ੍ਹ ਲੈਂਦੇ ਹਨ। ਉਹ ਸਰਕਾਰ ਤੇ ਉਨ੍ਹਾਂ ਦੇ ਲੱਠਮਾਰਾਂ ਨੂੰ ਵੰਗਾਰਦੇ ਹਨ। ਚੌਦਾਂ ਕੁੜੀਆਂ ਮੁੰਡੇ ਜ਼ੇਲ੍ਹ ਜਾਂਦੇ ਹਨ। ਉਨ੍ਹਾਂ ਉੱਤੇ ਅੰਤਾਂ ਦਾ ਤਸ਼ੱਦਦ ਢਾਹਿਆ ਜਾਂਦਾ ਹੈ। ਨੌਜਵਾਨ ਲੜਕੀ ਹਰਦੀਪ ਕੌਰ ਨੂੰ ਤਸ਼ੱਦਦ ਰਾਹੀਂ ਜ਼ਲੀਲ ਕੀਤਾ ਜਾਂਦਾ ਹੈ। ਸੱਤਵੀਂ ਜਮਾਤ ਦਾ ਬੱਚਾ ਸ਼ਹੀਦ ਭਗਤ ਸਿੰਘ ਵਾਂਗ ਜੱਜ ਸਾਹਮਣੇ ਸਵਾਲਾਂ ਦੇ ਜਵਾਬ ਦੇ ਰਿਹਾ ਹੈ।

ਜਿਸ ਤਰ੍ਹਾਂ ਲੋਕ ਆਜ਼ਾਦੀ ਅੰਦੋਲਨ ਵੇਲੇ ਅੰਗਰੇਜ਼ੀ ਹਕੂਮਤ ਖਿਲਾਫ਼ ਲੜੇ। ਅੱਜ ਵੀ ਨੌਜਵਾਨ ਤਸ਼ੱਦਦ ਸਹਿ ਕੇ ਵੀ ਅਡੋਲ ਖੜ੍ਹੇ ਹਨ। ਇਨ੍ਹਾਂ ਦੇ ਨਾਲ ਤੁਰਨ ਦੀ ਲੋੜ ਹੈ। ਜੇਕਰ ਬਾਕੀ ਨੌਜਵਾਨ ਵੀ ਸੰਘਰਸ਼ਾਂ ਵਿੱਚ ਨਾਲ ਤੁਰ ਪੈਣ, ਦੇਸ਼ ਨੂੰ ਸਭ ਬਿਮਾਰੀਆਂ ਤੋਂ ਛੁਟਕਾਰਾ ਮਿਲ ਜਾਏਗਾ। ਸਭ ਨੂੰ ਵਿੱਦਿਆ ਤੇ ਰੁਜ਼ਗਾਰ ਮਿਲ ਜਾਏਗਾ। ਮਾਣ ਮੱਤੀ ਜ਼ਿੰਦਗੀ ਜਿਉਣ ਲੱਗ ਪੈਣਗੇ। ਉਮੀਦ ਕਰਦੀ ਹਾਂ ਨੌਜਵਾਨ ਬਾਰੇ ਸੋਚਣਗੇ ਅਤੇ ਲੜਾਈ ਦਾ ਰਾਹ ਤਲਾਸ਼ਣਗੇ।

**-ਸਿਮਰਨ, ਵਿਦਿਆਰਥਣ 10+12, ਨਵਾਂ ਸ਼ਹਿਰ**